Year:10 Issue No. 38
'KAHANI DHARA'(PUNJABI QUARTERLY) July-September,2015 R.N.I. Regd No. PUN PUN 2006/19971

## ਵਿਸ਼ਵ ਪੰਜਾਬੀ ਕਾਨਫਰੰਸ ਟਰਾਂਟੋ ਦੀਆਂ ਝਲਕੀਆਂ







read more on:
www.parwazparkashan.com

38 ISSN 2321- 4449

# ਕਹਾਣੀ ਧਾਰਾ



ਜੁਲਾਈ-ਸਤੰਬਰ, 2015

ਮੁੱਲ : 40/-

***ਜੁਲਾਈ-ਸਤੰਬਰ, 2015 ਅੰਕ :38***

KAHANI DHARA (Punjabi Quarterly)
R.N.I.Regd No.PUN PUN/2006/19971
ISSN 2321-4449


ਕਹਾਣੀ ਧਾਰਾ


e-mail:
kahanidhara@gmail.com
kahani_dhara@yahoo.co.in
bhagwantrasulpuri@gmail.com

**ਸੰਪਾਦਕ**
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
***KAHANI DHARA***
Vill. Dharampur, P.O. Khambra,
Distt. Jalandhar-144026, Pb.
Mob. 94170-64350



**ਚੰਦੇ: ਇਕ ਅੰਕ:**40 **ਰੁ.,**10 **ਅੰਕ:**400 **ਰੁ.,**
10 **ਅੰਕ: ਡਾਲਰ:**40, **ਤੇ ਪੌਂਡ:** 35
**ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ ਕੇਵਲ** 'KAHANI DHARA' **ਦੇ ਨਾਂ ਭੇਜੇ ਜਾਣ।**

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Kishanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ
(ਪ੍ਰਕਾਸ਼ਨ ਮਿਤੀ 10 ਅਗਸਤ, 2015)


**read more on: www.parwazparkashan.com**

# ਤਰਤੀਬ


**ਸੰਪਾਦਕੀ**
ਟਰਾਂਟੋ ਵਾਲੀ ਵਿਸ਼ਵ ਪੰਜਾਬੀ ਕਾਨਫਰੰਸ-2

**ਕਹਾਣੀਆਂ**
1. ਮਾੜਾ ਸੁਪਨਾ/**ਪਰਮਜੀਤ ਮਾਨ** - 11
2. ਲੰਗੜੇ ਘੋੜੇ ਦੀ ਪੈੜ/**ਸੁਰਜੀਤ ਜੱਜ** - 18
3. ਬਦਲਦੇ ਰਿਸ਼ਤਿਆਂ ਦੇ ਸਮੀਕਰਨ /**ਪ੍ਰੀਤ ਨੀਤਪੁਰ** - 25
4. ਕਲੰਦਰ/**ਗੁਰਪ੍ਰੀਤ ਸਹਿਜੀ** - 36
5. ਸੁੱਖ ਦਾ ਸਾਹ/**ਚਰਨਜੀਤ ਪੰਨੂ** - 49

**ਮੁਲਾਕਾਤ**
1. "ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ, ਭਾਪਾ ਪ੍ਰੀਤਮ ਸਿੰਘ ਦੇ ਪਰਿਵਾਰ ਦੀ ਨਿੱਜੀ ਜਾਇਦਾਦ ਨਹੀਂ ਹੈ।" - ਡਾ. ਬਲਦੇਵ ਸਿੰਘ ਬੱਦਨ / **ਭਗਵੰਤ ਰਸੂਲਪੁਰੀ** - 70

**ਅਲੋਚਨਾ**
1. "ਮੈਂ ਕਿਉਂ ਜੀ ਰਿਹਾ" ਡਾ. ਕਰਮਜੀਤ ਸਿੰਘ ਨਡਾਲਾ / **ਗੁਰਬਿੰਦਰ ਕੌਰ ਬਰਾੜ** - 85
2. ਪੁਆਧੀ ਭਾਸ਼ਾਂ ਤੇ ਲੋਕ ਵਿਵਹਾਰ ਦਾ ਕੱਲ੍ਹ, ਅੱਜ ਤੇ ਭਲਕ / ਡਾ. ਗੁਰਮੀਤ ਸਿੰਘ ਬੈਦਵਾਣ- 88

**ਪੁਸਤਕ ਪੜਚੋਲ** - 90

**ਹੁੰਗਾਰਾ** - 92




**ਸੰਪਾਦਕੀ.....**

## ਟਰਾਂਟੋ ਵਾਲੀ ਵਿਸ਼ਵ ਪੰਜਾਬੀ ਕਾਨਫਰੰਸ

ਪੰਜਾਬ, ਦਿੱਲੀ, ਚੰਡੀਗੜ੍ਹ ਜਾਂ ਵਿਦੇਸ਼ ਦੀ ਧਰਤੀ 'ਤੇ ਜਦੋਂ ਵੀ ਕੋਈ ਵੱਡੀ ਪੱਧਰ ਦਾ ਸੈਮੀਨਾਰ ਹੁੰਦਾ ਹੈ, ਕੋਈ ਵਿਧਾ ਦਾ ਉਤਸਵ ਹੁੰਦਾ ਹੈ ਜਾਂ ਕਾਨਫਰੰਸ ਹੁੰਦੀ ਹੈ। ਉਹ ਹਮੇਸ਼ਾ ਚਰਚਾ ਦਾ ਕੇਂਦਰ ਰਹਿੰਦੀ ਹੈ। ਇਸ ਚਰਚਾ ਵਿੱਚ ਤਾਰੀਫ਼ ਹੁੰਦੀ ਹੈ,ਜੋ ਮੁੱਦੇ ਉਭਰਦੇ ਹਨ ਉਨ੍ਹਾਂ ਦਾ ਵਿਸ਼ਲੇਸ਼ਣ ਹੁੰਦਾ ਹੈ ਤੇ ਸਾਰਥਕ ਸਿੱਟੇ ਨਿਕਲਦੇ ਹਨ, ਉਨ੍ਹਾਂ 'ਤੇ ਹਰ ਪੰਜਾਬੀ ਲੇਖਕ, ਚਿੰਤਕ, ਵਿਦਵਾਨ ਤੇ ਬੁੱਧੀਜੀਵੀ ਆਪਣੀ-ਆਪਣੀ ਬੌਧਿਕ ਸਮਰੱਥਾ ਨਾਲ ਟਿੱਪਣੀ ਕਰਦਾ ਹੈ। ਇਨ੍ਹਾਂ ਟਿੱਪਣੀਆਂ ਪਿੱਛੇ ਕਾਰਜਸ਼ੀਲ ਨਿੱਜੀ ਰੁਚੀਆਂ ਹੁੰਦੀਆਂ ਹਨ, ਪੰਜਾਬੀ ਸਾਹਿਤ, ਸੱਭਿਆਚਾਰ ਤੇ ਭਾਸ਼ਾ ਨੂੰ ਲੈ ਕੇ ਆਪਣੀਆਂ ਧਾਰਨਾਵਾਂ ਹੁੰਦੀਆਂ ਹਨ। ਇਨ੍ਹਾਂ ਚਰਚਾਵਾਂ ਦੇ ਚੰਗੇ ਸਿੱਟੇ ਵੀ ਨਿਕਲਦੇ ਹਨ। ਇਹ ਥਾਂ-ਥਾਂ ਹੁੰਦੀਆਂ ਚਰਚਾਵਾਂ ਫੀਡ-ਬੈਕ ਵੀ ਦਿੰਦੀਆਂ ਹਨ। ਨਿੰਦਿਆਂ 'ਚ ਹਰ ਕੋਈ ਆਪਣੀ ਭੜਾਸ ਕੱਢਦਾ ਹੈ। ਇਹ ਹਮੇਸ਼ਾ ਵਿਰੋਧੀ ਸੁਰ ਵਲੋਂ ਹੀ ਹੁੰਦੀ ਹੈ। ਜਦੋਂ ਜਲੰਧਰ ਵਿਖੇ ਸ੍ਰ. ਵਰਿਆਮ ਸਿੰਘ ਸੰਧੂ ਨੇ ਦੋ ਕਥਾ-ਉਤਸਵ ਕਰਵਾਏ। ਉਨ੍ਹਾਂ ਵਿੱਚ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰਾਂ , ਕਥਾ ਆਲੋਚਕਾਂ ਨੇ ਇੱਕ ਥਾਂ ਇਕੱਠੇ ਹੋ ਕੇ ਪੰਜਾਬੀ ਕਹਾਣੀ ਉੱਤੇ ਖੁੱਲ੍ਹ ਕੇ ਵਿਚਾਰਾਂ ਕੀਤੀਆਂ। ਜਿੱਥੇ ਇਸ ਕਥਾ- ਉਤਸਵ ਦੀ ਤਾਰੀਫ਼ ਹੋਈ ਉਥੇ ਕਿੰਤੂ-ਪਰੰਤੂ ਵੀ ਬਥੇਰੀ ਹੋਈ ਸੀ। ਇਸੇ ਤਰ੍ਹਾਂ ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ,ਅਮ੍ਰਿਤਸਰ ਆਦਿ ਨੇ ਸਮੇਂ ਸਮੇਂ ਕਾਨਫਰੰਸਾਂ, ਵੱਡੇ ਸੈਮੀਨਾਰ , ਚਰਚਾਵਾਂ ਕਰਵਾਈਆਂ ਹਨ। ਉਨ੍ਹਾਂ ਨੇ ਪੰਜਾਬੀ ਸਾਹਿਤ,ਭਾਸ਼ਾ ,ਸੱਭਿਆਚਾਰ, ਕਹਾਣੀ, ਨਾਵਲ , ਨਾਟਕ ਵਿਧਾਵਾਂ ਤੇ ਹੋਰ ਮਸਲਿਆ 'ਤੇ ਗੰਭੀਰਤਾ ਨਾਲ ਸੰਵਾਦ ਤੋਰਿਆ। ਹਰ ਮਸਲੇ ਉੱਤੇ ਚਿੰਤਾ ਅਤੇ ਚਿੰਤਨ ਕਰਨ ਲਈ ਪ੍ਰੇਰਿਆ। ਪਰ ਇਨ੍ਹਾਂ ਸਾਰੇ ਸਮਾਗਮਾਂ ਵਿੱਚ ਸਮੇਂ ਦੀ ਘਾਟ ਹਮੇਸ਼ਾ ਰਹੀ ਹੈ। ਵਿਸ਼ਾਲ ਸਮਾਗਮਾਂ ਦਾ ਘੇਰਾ ਹਮੇਸ਼ਾ ਵਿਸ਼ਾਲ ਹੁੰਦਾ ਹੈ। ਵਿਚਾਰਾਂ ਨਾਲ ਬੁਲਾਰੇ ਕੰਗਣੀ ਤੱਕ ਭਰੇ ਹੁੰਦੇ ਹਨ, ਸਮਾਂ ਘੱਟ ਹੁੰਦਾ ਹੈ। ਕੈਨੇਡਾ ਦੇ ਵੱਡੇ ਸ਼ਹਿਰ ਟਰਾਂਟੋ ਵਿਖੇ 13-14 ਜੂਨ ਨੂੰ ਹੋਈ ਕਾਨਫਰੰਸ ਦੀ ਚਰਚਾ ਕਰਨ ਲਈ ਐਨੀ ਕੁ ਭੂਮਿਕਾ ਬੰਨਣੀ ਜ਼ਰੂਰੀ ਸੀ। ਵਿਦੇਸ਼ ਦੀ ਧਰਤੀ ਉੱਤੇ ਜਦੋਂ ਵੀ ਪੰਜਾਬੀ ਕਾਨਫਰੰਸ ਹੁੰਦੀ ਹੈ ਤਾਂ ਉਸ ਦੀ ਚਰਚਾ ਦਾ ਕੇਂਦਰ ਪੰਜਾਬ ਹੁੰਦਾ ਹੈ। ਇੰਗਲੈਂਡ, ਅਮਰੀਕਾ ਤੇ ਕੈਨੇਡਾ ਵਿੱਚ ਪਹਿਲਾ ਵੀ ਵਿਸ਼ਵ ਪੰਜਾਬੀ ਕਾਨਫਰੰਸਾਂ ਹੁੰਦੀਆਂ ਰਹੀਆਂ ਹਨ। ਇਸ ਦਾ ਵਿਸ਼ਲੇਸ਼ਣ ਦੇਰ ਤੱਕ ਪੰਜਾਬੀ ਦੀਆਂ ਅਖ਼ਬਾਰਾਂ ਵਿੱਚ, ਸਾਹਿਤਕ ਪਰਚਿਆ ਵਿੱਚ ਹੁੰਦਾ ਰਿਹਾ ਹੈ। ਇਸ ਕਾਨਫਰੰਸ ਦਾ ਵੀ ਲਾਜ਼ਮੀ ਹੋਵੇਗਾ।

ਮੈਨੂੰ ਸਰੀ(ਕੈਨੇਡਾ) ਵਿਖੇ ਹੋਈ ਕਾਨਫਰੰਸ ਬਾਰੇ ਪੰਜਾਬੀ ਸ਼ਾਇਰ ਡਾ. ਜਗਤਾਰ ਦੀ ਟਿੱਪਣੀ ਚੇਤੇ ਆਉਂਦੀ ਹੈ ਜਿਹੜੀ ਉਨ੍ਹਾਂ ਨੇ ਆਪਣੇ ਪਰਚੇ 'ਕਲਾ ਸਿਰਜਕ' ਦੇ ਜੁਲਾਈ-ਸਤੰਬਰ 2003 ਅੰਕ ਵਿੱਚ ਕੀਤੀ ਸੀ। ਉਨ੍ਹਾਂ ਲਿਖਿਆ," ਸਰੀ ਵਿਖੇ ਹੋਈ ਕਾਨਫਰੰਸ ਬਾਰੇ ਪੜ੍ਹਿਆ ਹੈ ਕਿ ਉਹ ਸਫ਼ਲ ਰਹੀ। ਭਾਵੇਂ ਕੈਨੇਡਾ ਦੇ ਪ੍ਰਬੰਧਕਾਂ ਨੇ ਆਪਣੇ ਯਾਰਾਂ ਮਿੱਤਰਾਂ ਨੂੰ ਹੀ ਇਨਵੀਟੇਸ਼ਨ ਭੇਜੇ ਸਨ ਪਰ ਅਸੀਂ ਉਨ੍ਹਾਂ ਨੂੰ ਇਸ

ਸਫ਼ਲਤਾ ਦੀ ਵਧਾਈ ਦਿੰਦੇ ਹਾਂ। ਇਸ ਵਿੱਚ ਨਾ ਕਬੂਤਰਬਾਜ਼ੀ ਹੋਈ ਤੇ ਨਾ ਹੀ ਕੋਈ ਹੋਰ ' ਬਾਜ਼ੀ' ਹੋਈ, ਜਿਸ ਤਰ੍ਹਾਂ ਲੰਡਨ ਵਿੱਚ ਹੁੰਦੀ ਰਹੀ। ਸਫ਼ਲਤਾ ਦਾ ਕਾਰਨ ਇਹ ਸੀ ਕਿ ਨਾ ਪਕਿਸਤਾਨ ਤੇ ਭਾਰਤ ਦੇ ਤਿਗੜਮ ਬਾਜ਼ ਇਸ ਵਿੱਚ ਸ਼ਾਮਲ ਸਨ ਨਾ ਅਲੇਖਕ। ਕੈਨੇਡਾ ਦੇ ਪ੍ਰਿੰਸ ਜਾਰਜ ਵਿਖੇ ਹੋਈ ਕਾਨਫਰੰਸ ਵੀ ਇਸ ਲਈ ਹੀ ਸਫ਼ਲ ਸੀ ਕਿ ਕਿਸੇ ਅਲੇਖਕ ਨੂੰ ਸੱਦਾ ਪੱਤਰ ਨਹੀਂ ਸੀ ਭੇਜਿਆ ਗਿਆ। ਸਰੀ ਵਿੱਚ ਜੂਨ 2003 ਵਾਲੀ ਕਾਨਫਰੰਸ ਹੋਰ ਵੀ ਸਫ਼ਲ ਸਿੱਧ ਹੋ ਸਕਦੀ ਸੀ ਜੇ ਬੜੇ ਹੀ ਸਥਾਪਤ ਲੇਖਕਾਂ ਨੂੰ ਅੱਖੋਂ ਪਰੋਖੇ ਨਾ ਕੀਤਾ ਜਾਂਦਾ।' ਇੰਞ ਹੋਰਾਂ ਨੇ ਵੀ ਉਸ ਕਾਨਫਰੰਸ ਬਾਰੇ ਟਿੱਪਣੀਆਂ ਕੀਤੀਆ ਸਨ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਐਤਕੀਂ ਦੀ ਟਰਾਂਟੋ ਵਾਲੀ ਵਿਸ਼ਵ ਪੰਜਾਬੀ ਕਾਨਫਰੰਸ ਬਾਰੇ ਵੀ ਚਰਚਾ ਸ਼ੁਰੂ ਹੋ ਚੁੱਕੀ ਹੈ। ਕਾਨਫਰੰਸ ਦੀ ਵਿਸਥਾਰ ਨਾਲ ਰਿਪੋਰਟਿੰਗ ਲਿਖਣ ਤੋਂ ਪਹਿਲਾਂ ਮੈਂ ਆਪਣੇ ਪ੍ਰਭਾਵ ਦੱਸਣਾ ਚਾਹੁੰਦਾ ਹਾਂ।

ਇਸ ਕਾਨਫਰੰਸ ਦੀ ਤਿਆਰੀ ਦੌਰਾਨ ਕਾਨਫਰੰਸ ਦੇ ਚੇਅਰਮੈਨ ਸ੍ਰੀ ਅਜਾਇਬ ਸਿੰਘ ਚੱਠਾ ਨੇ ਜਲੰਧਰ ਵਿਖੇ ਕਿਹਾ ਸੀ ਕਿ ਕਾਨਫਰੰਸ ਦਾ ਮੁੱਖ ਥੀਮ ਪੰਜਾਬੀ ਭਾਸ਼ਾ , ਸਾਹਿਤ,ਸੱਭਿਆਚਾਰ ਦਾ ਵਰਤਾਰਾ ਤੇ ਭਵਿੱਖ ਰੱਖਿਆ ਗਿਆ ਹੈ। ਪੰਜਾਬੀ ਭਾਸ਼ਾ ਨੂੰ ਅਸੀਂ ਸਦੀਵੀਂ ਰਹਿਣ ਵਾਲੀ ਭਾਸ਼ਾ ਦੇ ਰੂਪ ਵਜੋਂ ਵੇਖਣਾ ਚਾਹੁੰਦੇ ਹਾਂ। ਅਸੀਂ ਪੰਜਾਬੀ ਭਾਸ਼ਾ ਨੂੰ ਖਤਮ ਹੋ ਰਹੀ ਭਾਸ਼ਾ ਦੇ ਰੂਪ ਵਿੱਚ ਨਹੀਂ ਦੇਖਦੇ। ਇਸ ਲਈ ਸਾਨੂੰ ਜ਼ਮੀਨੀ ਪੱਧਰ ਉੱਤੇ ਕਾਰਜ ਕਰਨ ਦੀ ਲੋੜ ਹੈ। ਇਸ ਕਾਨਫ਼ਰੰਸ ਵਿੱਚ ਸਾਹਿਤ ਦੀ ਹਰ ਵੰਨਗੀ ਦੀ ਚਰਚਾ ਕਰਨੀ ਸਾਡਾ ਮੁੱਖ ਮਕਸਦ ਹੈ। ਕਵਿਤਾ, ਗਜ਼ਲ ਗੀਤ, ਕਹਾਣੀ, ਸੱਭਿਆਚਾਰ, ਨਾਵਲ, ਨਿਬੰਧ 'ਤੇ ਗਹਿਰ ਗੰਭੀਰ ਸੰਵਾਂਦ ਛੇੜਨਾ ਸਾਡੀ ਕਾਨਫਰੰਸ ਦਾ ਮੁੱਖ ਟੀਚਾ ਹੈ। ਇਸ ਦੇ ਨਾਲ ਹੀ ਪੰਜਾਬੀ ਸੱਭਿਆਚਾਰ ਨੂੰ ਕਿਵੇਂ ਪ੍ਰਫੁੱਲਿਤ ਰੱਖਣਾ ਹੈ। ਲੋਕ ਗੀਤ, ਸੁਹਾਗ, ਘੋੜੀਆਂ, ਗਿੱਧਾ ਆਦਿ ਵੱਖ-ਵੱਖ ਵਰਗਾਂ ਦਾ ਉੱਪ-ਸੱਭਿਆਚਾਰ, ਨਾਟ ਪਰੰਪਰਾ,ਪਹਿਰਾਵਾ ਅਤੇ ਰਹਿਣ-ਸਹਿਣ ਸਾਰੇ ਕੁਝ ਬਾਰੇ ਗੰਭੀਰ ਹੋ ਕੇ ਸੋਚਣਾ ਵੀ ਸਾਡਾ ਟੀਚਾ ਹੈ। ਬਿਨਾ ਸ਼ੱਕ ਕਾਨਫਰੰਸ ਵਿੱਚ ਇਨ੍ਹਾਂ ਮੁੱਦਿਆਂ ਉੱਤੇ ਵਿਦਵਾਨਾਂ ਨੇ ਵਿਚਾਰਾਂ ਕੀਤੀਆਂ। ਪਰ ਬੁਲਾਰੇ ਐਨੇ ਸਨ ਕਿ ਸਾਰਿਆਂ ਲਈ ਪੂਰੇ ਦੇ ਪੂਰੇ ਪੇਪਰ ਪੜ੍ਹਨੇ ਸੰਭਵ ਨਹੀਂ ਸੀ। ਇਹ ਚਿੰਤਾ ਮੈਂ ਪਹਿਲਾ ਹੀ ਕਰ ਚੁੱਕਾ ਹਾਂ। ਇਸ ਤਰ੍ਹਾਂ ਦੇ ਵਿਸ਼ਵ ਪੱਧਰੀ ਸਮਾਗਮਾਂ ਦਾ ਪ੍ਰਬੰਧ ਕਰਨਾ ਨਿਸ਼ਚੇ ਹੀ ਕਠਿਨ ਕਾਰਜ ਹੁੰਦਾ ਹੈ। ਬਹੁਤੇ ਵਿਦਵਾਨ ਪਹੁੰਚਣਾ ਚਾਹੁੰਦੇ ਹਨ ਪਰ ਪਹੁੰਚ ਨਹੀਂ ਸਕੇ। ਅਨੇਕਾਂ ਰੁਕਾਵਟਾਂ ਉਨ੍ਹਾਂ ਦਾ ਰਾਹ ਰੋਕ ਲੈਂਦੀਆਂ ਹਨ। ਪਰ ਇਸ ਵਾਰ ਵੱਡੀ ਗਿਣਤੀ ਵਿੱਚ ਵਿਦਵਾਨ-ਲੇਖਕ ਪਹੁੰਚੇ ,ਉਨ੍ਹਾਂ ਵਿਚੋਂ 30-35 ਦੇ ਕਰੀਬ ਲੇਖਕ ਪਹਿਲੀ ਵਾਰ ਕੈਨੇਡਾ ਆਏ ਸਨ। ਮੈਂ ਜਦੋਂ ਕਾਨਫਰੰਸ ਲਈ ਤੁਰਿਆ ਸੀ ਤਾਂ ਸੋਚਿਆ ਸੀ ਕਿ ਕੈਨਡਾ ਦੇ ਬਹੁਤੇ ਲੇਖਕਾਂ ਨੂੰ ਮਿਲਾਂਗਾ ਪਰ ਉਥੇ ਬਹੁਤ ਥੋੜ੍ਹੇ ਲੇਖਕ ਮੈਨੂੰ ਮਿਲੇ ਜਿਵੇਂ ਬਲਵੀਰ ਕੌਰ ਸੰਘੇੜਾ, ਮੇਜਰ ਮਾਂਗਟ ਤੇ ਕੁਲਜੀਤ ਮਾਨ ਹੀ। ਕਈਆਂ ਨੂੰ ਟਰਾਂਟੋ ਬਹੁਤ ਦੂਰ ਪੈਂਦਾ ਹੋਵੇਗਾ। ਪਰ ਜਿਹੜੇ ਪਹੁੰਚ ਸਕਦੇ ਸਨ ਉਨ੍ਹਾਂ ਨੂੰ ਜ਼ਰੂਰ ਸ਼ਿਰਕਤ ਕਰਨੀ ਚਾਹੀਦੀ ਸੀ। ਮੈਂ ਬਾਅਦ ਵਿੱਚ ਕਈਆਂ ਨਾਲ ਫ਼ੋਨ 'ਤੇ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਪਰ ਕੈਨੇਡਾ ਦੇ ਲੇਖਕ ਕੰਮਾਂ -ਕਾਰਾਂ ਵਿੱਚ ਐਨੇ ਬਿਜ਼ੀ ਹਨ ਕਿ ਉਨ੍ਹਾਂ ਕੋਲ ਸਮਾਂ ਹੀ ਨਹੀਂ। ਖੈਰ ਅੱਖੀਂ ਡਿੱਠੀ ਟਰਾਂਟੋ ਦੀ ਤੀਜੀ ਵਿਸ਼ਵ ਪੰਜਾਬੀ ਕਾਨਫ਼ਰੰਸ ਦਾ ਹਾਲ ਤੁਹਾਡੇ ਭਾਵ ਕਹਾਣੀ ਧਾਰਾ' ਦੇ ਪਾਠਕਾਂ ਨਾਲ ਸਾਂਝੇਂ ਕਰ ਰਿਹਾ ਹਾਂ। ਇਸ ਕਾਨਫਰੰਸ ਬਾਰੇ ਮੈਂ ਕੋਈ ਤਿੱਖੀਆਂ



ਟਿੱਪਣੀਆਂ ਨਹੀਂ ਕਰ ਰਿਹਾ ਪਰ ਇਸ ਦੀਆਂ ਖਾਮੋਸ਼ ਧੁੰਨੀਆਂ ਵਿਚੋਂ ਤੁਸੀਂ ਕੁਝ ਫੜ ਲਵੋਗੇ ।

ਭਾਵੇਂ ਕਿ ਮੈਂ ਤੀਜੀ ਵਿਸ਼ਵ ਕਾਨਫਰੰਸ ਵਿੱਚ ਆਪਣਾ ਪੇਪਰ ਪੜ੍ਹਨ ਆਇਆ ਸੀ ਪਰ ਨਾਲ ਹੀ ਇਸ ਕਾਨਫਰੰਸ ਵਿੱਚ ਪੰਜਾਬੀ ਭਾਸ਼ਾ ਨੂੰ ਲੈ ਕੇ, ਪੰਜਾਬੀਅਤ ਨੂੰ ਲੈ ਕੇ , ਪੰਜਾਬੀ ਸਮਾਜ ,ਸਾਹਿਤ ਤੇ ਸੱਭਿਆਚਾਰ ਨੂੰ ਲੈ ਜੋ ਸੰਵਾਦ ਤੁਰਨਾ ਸੀ ਉਸ ਨੂੰ ਵੀ ਮੈਂ ਸਮਝਣਾ ਚਾਹੁੰਦਾ ਸੀ। ਸੋ ਥੋੜ੍ਹੇ ਸਮੇਂ ਵਿੱਚ ਮੈਂ ਜਲੰਧਰੋਂ ਦਿੱਲੀ ਅਤੇ ਦਿੱਲੀ ਤੋਂ ਲੰਡਨ ਹੁੰਦਾ ਹੋਇਆ ਕੈਨੇਡਾ ਦੀ ਧਰਤੀ ਟਰਾਂਟੋ ਪਹੁੰਚ ਗਿਆ। ਮੇਰਾ ਇੱਕ ਰਿਸ਼ਤੇਦਾਰ ਮੈਨੂੰ ਸਵੇਰੇ 8 ਵਜੇ ਸੈਂਚਰੀ ਗਾਰਡਨ ਰਿਕਰੀਏਸ਼ਨ ਸੈਂਟਰ ਬਰੈਂਪਟਨ ਛੱਡ ਗਿਆ ਹਾਲ ਵਿੱਚ ਇੱਕ ਦੋ ਸਾਹਿਤ ਪ੍ਰੇਮੀ ਹੀ ਪਹੁੰਚੇ ਸਨ। ਥੋੜ੍ਹੇ ਸਮੇਂ ਬਾਦ ਹੀ ਸਵਰਨਜੀਤ ਸਵੀ ਹਾਲ 'ਚ ਆ ਪਹੁੰਚਿਆ । ਅਸੀਂ ਬੜੀ ਅਪਣੱਤ ਨਾਲ ਮਿਲੇ ਤੇ ਮੈਂ ਉਸ ਦੀਆਂ ਪੇਟਿੰਗਜ਼ ਲਗਾਉਣ 'ਚ ਸਹਾਇਤਾ ਕੀਤੀ। ਸਵੀ ਨੇ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਉੱਤੇ 13 ਪੇਟਿੰਗਜ਼ ਤਿਆਰ ਕੀਤੀਆ ਸਨ। ਉਨ੍ਹਾਂ ਦੱਸਿਆ ਕਿ ਮੇਰੀ ਇਹ ਅੱਠਾਂ ਸਾਲਾਂ ਦੀ ਮਿਹਨਤ ਹੈ। ਗੁਰੂ ਨਾਨਕ ਜੀ ਦੇ ਰੰਗਾਂ ਨਾਲ ਚਿਤਰੇ ਇਹ ਰੂਪ ਦੇਖ ਕੇ ਮਨ ਖੁਸ਼ ਹੋ ਗਿਆ। ਹੌਲੀ-ਹੌਲੀ ਪੰਜਾਬ,ਦਿੱਲੀ,ਚੰਡੀਗੜ੍ਹ ਤੇ ਪਾਕਿਸਤਾਨ ਤੋਂ ਲੇਖਕ ਪਹੁੰਚਣ ਲੱਗੇ। ਹਾਲ ਭਰਨ ਲੱਗਾ । ਦਿੱਲੀ ਤੋਂ ਨਛੱਤਰ, ਬਰਜਿੰਦਰ ਚੌਹਾਨ ਆ ਪਹੁੰਚੇ, ਤਰਲੋਕ ਬੰਧ, ਪਾਕਿਸਤਾਨ ਤੋਂ ਅਸ਼ਕ ਰਹੀਲ, ਡਾ. ਰਵੇਲ ਸਿੰਘ, ਦੀਪਕ ਮਨਮੋਹਨ , ਰਵੀ ਰਵਿੰਦਰ,ਡਾ. ਮਹਿਲ ਸਿੰਘ,ਕੁਲਵੰਤ ਸੰਧੂ, ਪਾਲ ਕੌਰ, ਦਰਸ਼ਨ ਬੁੱਟਰ ਅਤੇ ਹੋਰ ਵੀ ਬਹੁਤ ਸਾਰੇ ਲੇਖਕ ਆਉਣ ਲੱਗੇ। ਕਿਤੇ ਬੈਨਰ ਲੱਗ ਰਿਹਾ ਸੀ ਤੇ ਕਿਤੇ ਕੋਈ ਮਹਿਮਾਨਾਂ ਨੂੰ ਮਿਲ ਰਿਹਾ ਸੀ,ਕਿਧਰੇ ਪ੍ਰਬੰਧਕ ਆਪੋ ਆਪਣੇ ਕਾਰਜ ਵਿੱਚ ਲੱਗੇ ਹੋਏ ਸਨ।

ਡਾ. ਜਸਪਾਲ ਸਿੰਘ ਸੰਧੂ ,ਅਜੀਤ ਵੀਕਲੀ ਦੇ ਸਰਪ੍ਰਸਤ, ਸ੍ਰੀਮਤੀ ਕਮਲਜੀਤ ਕੌਰ ਬੈਂਸ, ਡਾ. ਦੀਪਕ ਮਨਮੋਹਨ ਸਿੰਘ, ਅਜਾਇਬ ਸਿੰਘ ਚੱਠਾ ਤੇ ਹੋਰਾਂ ਨੇ ਸਮਾਂ ਰੋਸ਼ਨ ਕਰਕੇ ਕਾਨਫਰੰਸ ਦਾ ਉਦਘਾਟਨ ਕੀਤਾ। ਉਪਰੰਤ ਕਾਨਫਰੰਸ ਦੇ ਚੇਅਰਮੈਨ ਅਜਾਇਬ ਸਿੰਘ ਚੱਠਾ ਨੇ ਆਪਣੇ ਸਵਾਗਤੀ ਭਾਸ਼ਣ ਵਿੱਚ ਕਿਹਾ ਕਿ ਇਹ ਅਸੀਂ ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਕਰਵਾ ਰਹੇ ਹਾਂ। ਇਸ ਤੋਂ ਪਹਿਲਾਂ ਸਵਰਗੀ ਪ੍ਰੋ. ਦਰਸ਼ਨ ਸਿੰਘ ਬੈਂਸ ਨੇ 2009 ਵਿੱਚ ਪਹਿਲੀ ਵਰਲਡ ਪੰਜਾਬੀ ਕਾਨਫਰੰਸ ਕਰਵਾ ਕੇ ਸ਼ੁਰੂਆਤ ਕੀਤੀ ਸੀ। ਇਸ ਕਾਨਫਰੰਸ ਦਾ ਮੁੱਖ ਥੀਮ ਪੰਜਾਬੀ ਭਾਸ਼ਾ,ਸਾਹਿਤ,ਸੱਭਿਆਚਾਰ ਦੀ ਵਰਤਮਾਨ ਸਥਿਤੀ ਰੱਖਿਆ ਹੈ ਅਤੇ ਨਾਲ ਹੀ ਕਿਨ੍ਹਾਂ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਨੋਬਲ ਪੱਧਰ ਦੀ ਪੰਜਾਬੀ ਰਚਨਾ ਕਿਵੇਂ ਹੋਂਦ ਵਿੱਚ ਆਵੇ ਆਦਿ ਮੁੱਦਿਆਂ ਉੱਤੇ ਕੇਂਦਰਿਤ ਹੈ ਇਹ ਕਾਨਫਰੰਸ। ਇਸ ਕਾਨਫਰੰਸ ਵਿੱਚ ਐਤਕੀ ਵੱਡੀ ਗਿਣਤੀ ਵਿੱਚ ਪੰਜਾਬੀ ਲੇਖਕ,ਵਿਦਵਾਨ ਪਹੁੰਚੇ ਹਨ। ਵੀਜ਼ੇ ਲਗਵਾਉਣ ਵਿੱਚ ਸਾਡੀ ਸਹਾਇਤਾ ਸਾਡੇ ਐਮ.ਪੀ. ਨੇ ਕੀਤੀ ਹੈ। ਇਸ ਵਾਰ ਦੀ ਕਾਨਫਰੰਸ ਉਨ੍ਹਾਂ ਲੇਖਕਾਂ ਵਿਦਵਾਨਾਂ ਨੂੰ ਹੀ ਸਪਰਪਿਤ ਹੈ ਜਿਨ੍ਹਾਂ ਦੇ ਪਹਿਲੀ ਵਾਰ ਵੀਜ਼ੇ ਲੱਗੇ ਹਨ। ਇਨ੍ਹਾਂ ਦੀ ਗਿਣਤੀ 35-40 ਦੇ ਕਰੀਬ ਹੈ। ਇਸ ਕਾਨਫਰੰਸ ਨੂੰ 7 ਸੰਸਥਾਵਾਂ ਰਲ ਕੇ ਕਰਵਾ ਰਹੀਆਂ ਹਨ। ਪੰਜਾਬੀ ਬਿਜਨਸ ਪ੍ਰੋਫ਼ੈਸ਼ਨਲ ਐਸੋਸੀਏਸ਼ਨ, ਕਲਮ ਫ਼ਾਉਡੇਸ਼ਨ, ਵਰਲਡ ਪੰਜਾਬੀ ਸੈਂਟਰ ਪਟਿਆਲਾ, ਗਲੋਬਲ ਪੰਜਾਬੀ ਆਰਗੇਨਾਈਜ਼ੇਸ਼ਨ, ਓਟਾਂਰੀਓ ਫਰੈਂਡਜ਼ ਕਲੱਬ, ਪੰਜਾਬੀ ਫੋਰਮ ਕੈਨੇਡਾ ਦੇ ਪ੍ਰਬੰਧਕਾਂ ਨੇ ਕਾਨਫਰੰਸ ਦਾ ਆਯੋਜਿਨ ਕੀਤਾ ਹੈ।

ਉਪਰੰਤ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਭਾਰਤ ਸਰਕਾਰ ਦੇ ਸਕੱਤਰ ਡਾ. ਜਸਪਾਲ ਸਿੰਘ ਸੰਧੂ ਨੇ ਆਪਣੇ ਭਾਸ਼ਣ ਵਿੱਚ ਖਤਮ ਹੋ ਰਹੀ ਪੰਜਾਬੀ ਭਾਸ਼ਾ ਤੇ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਪਰਵਾਸੀ ਪੰਜਾਬੀਆਂ ਨੂੰ ਵੱਡੀ ਗਿਣਤੀ ਵਿੱਚ ਪੰਜਾਬੀ ਭਾਸ਼ਾ ਨੂੰ ਸਿੱਖਣ ਤੇ ਜ਼ੋਰ ਦਿੱਤਾ। ਪਰਵਾਸੀ ਬੱਚਿਆ ਨੂੰ ਪੰਜਾਬੀ ਪੜ੍ਹਨ ਤੇ ਲਿਖਣ ਵੱਲ ਮਾਪਿਆਂ ਨੂੰ ਪ੍ਰੇਰਨਾ ਦੇਣ ਲਈ ਕਿਹਾ। ਸਿਟੀ ਕੌਂਸਲਰ ਮਿਸਟਰ ਢਿਲੋਂ ਨੇ ਵੀ ਆਪਣੇ ਭਾਸ਼ਨ 'ਚ ਪ੍ਰਬੰਧਕਾਂ ਦੇ ਇਸ ਕਾਰਜ ਦੀ ਪ੍ਰਸੰਸਾ ਕੀਤੀ। ਐਮ.ਪੀ. ਪਰਮ ਗਿੱਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਕੌਮਾਂਤਰੀ ਸਮਾਗਮ ਕਰਨੇ ਬੜੇ ਕਠਿਨ ਹੁੰਦੇ ਹਨ। ਮੈਂ ਉਨ੍ਹਾਂ ਵਿਦਵਾਨਾਂ ਦਾ ਧੰਨਵਾਦ ਕਰਦਾ ਹਾਂ ਜੋ ਪੰਜਾਬੀ ਭਾਸ਼ਾ ਤੇ ਸਾਹਿਤ ਪ੍ਰਤੀ ਆਪਣੀਆਂ ਚਿੰਤਾਵਾਂ ਲੈ ਕੇ ਕੈਨੇਡਾ ਦੀ ਧਰਤੀ ਤੇ ਪਹੁੰਚੇ ਹਨ। ਸਾਨੂੰ ਇਸ ਗੱਲ ਦਾ ਮਾਣ ਹੈ ਕਿ ਕੈਨੇਡਾ ਦੀ ਪਾਰਲੀਮੈਂਟ 'ਚ ਅਸੀਂ 8 ਐਮ.ਪੀ. ਪੰਜਾਬੀ ਹਾਂ ਅਤੇ ਪੰਜਾਬੀ ਬੋਲਦੇ ਹਾਂ। ਪੰਜਾਬੀ ਲੋਕਾਂ ਦੇ ਹੱਕਾਂ ਲਈ ,ਉਨਾਂ ਦੇ ਕਲਚਰ ਲਈ ਆਵਾਜ਼ ਬਣਦੇ ਹਾਂ। ਇਸ ਕਾਨਫਰੰਸ ਲਈ ਕੈਨੇਡਾ ਦੇ ਪ੍ਰਧਾਨ ਮੰਤਰੀ ਅਤੇ ਇੰਮੀਗਰੇਸ਼ਨ ਮੰਤਰੀ ਨੇ ਵੀ ਆਪਣੇ ਸੰਦੇਸ਼ ਭੇਜੇ ਹਨ। ਉਪਰੰਤ ਐਮ.ਪੀ. ਬਰੈਂਡ ਬੱਟ ਨੇ ਪੰਜਾਬੀ ਵਿੱਚ ਸਤਿ ਸ੍ਰੀ ਆਕਾਲ ਬੁਲਾਈ। ਪੰਜਾਬੀ ਭਾਸ਼ਾ ਬਾਰੇ ਵਿਚਾਰਾਂ ਕਰਨ 'ਚ ਉੱਘਾ ਯੋਗਦਾਨ ਇਸ ਸੰਸਥਾ ਦਾ ਹੈ। ਪੰਜਾਬੀ ਨੂੰ ਬਚਾਉਣ ਲਈ ਸਾਨੂੰ ਰਲ ਕੇ ਹੰਭਲਾ ਕਰਨਾ ਪੈਣਾ ਹੈ। ਕੈਨੇਡਾ ਦੀ ਧਰਤੀ ਤੇ ਇੱਕ ਲੱਖ ਮਿਲੀਅਨ ਪੰਜਾਬੀ ਹਨ। ਅੰਤ ਵਿੱਚ ਮੈਂ ਦੇਸ਼-ਵਿਦੇਸ਼ ਤੋਂ ਪਹੁੰਚੇ ਸਾਰੇ ਹੀ ਡੈਲੀਗੇਟਸ ਦਾ ਸਵਾਗਤ ਕਰਦਾ ਹਾਂ। ਸਵਰਗੀ ਦਰਸ਼ਨ ਸਿੰਘ ਬੈਂਸ ਦੀ ਪਤਨੀ ਸ੍ਰੀਮਤੀ ਕਮਲਜੀਤ ਕੌਰ ਬੈਂਸ ਨੇ ਸਭ ਦਾ ਧੰਨਵਾਦ ਕੀਤਾ। ਆਪਣੇ ਉਦਘਾਟਨੀ ਸਮਾਗਮ ਵਿੱਚ ਬੋਲਦਿਆਂ ਡਾ. ਦੀਪਕ ਮਨਮੋਹਨ ਸਿੰਘ ਨੇ ਕਿਹਾ ਕਿ ਜਦੋਂ ਇਸ ਕਾਨਫਰੰਸ ਬਾਰੇ ਵਿਚਾਰਾਂ ਹੋ ਰਹੀਆਂ ਸਨ ਤਾਂ ਮੇਰੀ ਸਾਰੀ ਟੀਮ ਅੱਗੇ ਇਹੀ ਸ਼ਰਤ ਸੀ ਕਿ ਜੋ ਨਵੇਂ ਵਿਦਵਾਨ ਹਨ,ਲੇਖਕ ਹਨ ਜੋ ਆਪਣੀ ਪਹਿਚਾਨ ਬਣਾ ਰਹੇ ਹਨ ਤੇ ਪੰਜਾਬੀ ਸਾਹਿਤ ,ਭਾਸ਼ਾ ਤੇ ਆਲੋਚਨਾ ਉੱਤੇ ਕੰਮ ਕਰ ਰਹੇ ਹਨ ਉਨ੍ਹਾਂ ਨੂੰ ਪਹਿਲ ਦੇਣੀ ਹੈ ਕਿਉਂਕਿ ਉਨ੍ਹਾਂ ਵਿੱਚ ਕੰਮ ਕਰਨ ਦਾ ਵੱਧ ਜਜ਼ਬਾ ਹੈ। ਨਵੀਂ ਪੀੜ੍ਹੀ ਵੱਧ ਗਿਆਨਵਾਨ ਹੈ। ਇਸ ਕਾਨਫਰੰਸ ਵਿੱਚ ਉਨ੍ਹਾਂ ਨੂੰ ਹੀ ਵਧੇਰੇ ਪਹਿਲ ਦਿੱਤੀ ਗਈ ਹੈ।

ਕਾਨਫਰੰਸ ਦਾ ਪਹਿਲਾ ਅਕੈਡਮਿਕ ਸ਼ੈਸ਼ਨ ਡਾ. ਦੀਪਕ ਮਨਮੋਹਨ ਸਿੰਘ ਦੀ ਪ੍ਰਧਾਨਗੀ ਹੇਠ ਹੋਇਆ। ਜਿਸ ਵਿੱਚ ਕੀ-ਨੋਟਸ ਐਡਰਸ ਡਾ. ਰਵੀ ਰਵਿੰਦਰ ਨੇ ਦਿੱਤਾ। ਆਪਣੀ ਗੱਲ ਨੂੰ ਸਪੱਸ਼ਟ ਕਰਨ ਲਈ ਉਨ੍ਹਾਂ ਦੋ ਕਥਾਵਾਂ ਦੇ ਹਵਾਲੇ ਨਾਲ ਕਿਹਾ ਕਿ ਪੰਜਾਬੀ ਲੋਕਾਂ ਵਲੋਂ ਪੰਜਾਬੀ ਭਾਸ਼ਾ,ਸਾਹਿਤ ਸੱਭਿਆਚਾਰ ਦੇ ਮਸਲੇ ਨੂੰ ਲੈ ਕੇ ਇਹ ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਅਸੀਂ ਕੀ ਦੇ ਕੇ ਜਾ ਰਹੇ ਹਾਂ। ਪੰਜਾਬੀ ਭਾਸ਼ਾ ਦੇ ਮਸਲੇ ਉੱਤੇ ਅਸੀਂ ਜੋ ਗੱਲ ਕਰਦੇ ਹਾਂ ਉਹ ਸਮੂਹਿਕ ਕਰਦੇ ਹਾਂ। ਪਰ ਭਾਸ਼ਾ ਅਤੇ ਸਾਹਿਤ ਦਾ ਮਸਲਾ ਨਿੱਜੀ ਹੈ ਤੇ ਸਾਡੀ ਨਿੱਜੀ ਜ਼ਿੰਦਗੀ ਨਾਲ ਹੈ। ਨਾਲ ਹੀ ਇਹ ਮਸਲਾ ਸਾਡੀ ਸੰਵੇਦਨਾ ਨਾਲ ਵੀ ਜੁੜਿਆ ਹੋਇਆ ਹੈ। ਧਰਮ ਦਾ ਭਾਸ਼ਾ ਦੇ ਵਿਕਾਸ ਵਿੱਚ ਬਹੁਤ ਯੋਗਦਾਨ ਹੈ। ਸਾਡੇ ਬਹੁਤੇ ਸਾਹਿਤਕਾਰ ਭਾਸ਼ਾ ਤੇ ਸਾਹਿਤ ਦੀ ਤਕਨੀਕ 'ਤੇ ਖੜ੍ਹੇ ਹਨ। ਸੰਵਾਦ ਦੀ ਘਾਟ ਦੇ ਬਾਵਜੂਦ ਮੈਨੂੰ ਇਸ ਗੱਲ ਦਾ ਮਾਣ ਹੈ ਕਿ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਲੜਾਈ ਦਾ ਆਗਾਜ਼ ਕੈਨੇਡਾ ਦੀ ਧਰਤੀ 'ਤੇ ਹੋ ਰਿਹਾ ਹੈ।



ਡਾ. ਰਾਜਿੰਦਰਪਾਲ ਸਿੰਘ ਬਰਾੜ ਨੇ ਗਲੋਬਲ ਪੰਜਾਬੀ ਸੱਭਿਆਚਾਰ ਦੀ ਉਸਾਰੀ ਵਿਸ਼ੇ 'ਤੇ ਆਪਣਾ ਪੇਪਰ ਪੜ੍ਹਿਆ। ਉਨ੍ਹਾਂ ਕਿਹਾ ਹੋ ਸਕਦਾ ਹੈ ਕਿ ਸਾਰੀ ਦੁਨੀਆਂ ਦੀ ਇੱਕ ਭਾਸ਼ਾ ਹੋ ਜਾਵੇ ਪਰ ਇਹ ਬਹੁਤ ਦੂਰ ਦੀ ਗੱਲ ਹੈ। ਜਦੋਂ ਕੋਈ ਇੱਕ ਬੰਦਾ ਇੱਕ ਸਮੂਹ 'ਚੋਂ ਉੱਠ ਕੇ ਵਿਦੇਸ਼ ਜਾਂਦਾ ਹੈ ਤਾਂ ਉਦੋਂ ਸੱਭਿਆਚਾਰ ਨੂੰ ਬਚਾਉਣ ਦੀ ਲੋੜ ਹੁੰਦੀ ਹੈ। ਜੋ ਏਥੇ ਪੰਜਾਬੀ ਦੇ ਲੇਖਕ ਹਨ, ਵਿਗਿਆਨੀ ਹਨ ,ਇੰਜੀਨੀਅਰ ਹਨ,ਉਨ੍ਹਾਂ ਦੀ ਦੂਜੀ ਪੀੜ੍ਹੀ ਨੇ ਸੱਭਿਆਚਾਰ ਤੋਂ ਦੂਰ ਰਹਿਣਾ ਹੈ। ਪਰ ਅੱਜ ਲੋੜ ਨਵੀਂ ਪੀੜ੍ਹੀ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਦੀ ਹੈ।

ਅਗਲਾ ਪਰਚਾ ਡਾ. ਅਮਰ ਜੋਤੀ ਨੇ ਹਾਲੈਂਡ ਦੀ ਪੰਜਾਬੀ ਭਾਸ਼ਾ ਤੇ ਸਾਹਿਤ ਬਾਰੇ ਪੜ੍ਹਿਆ' ਅੰਤਰਰਾਸ਼ਟਰੀ ਧਰਾਤਲ ਉੱਤੇ ਪੰਜਾਬੀ ਭਾਸ਼ਾ ,ਸੱਭਿਆਚਾਰ ਦਾ ਮਸਲਾ' ਆਪਣੇ ਪਰਚੇ 'ਚ ਉਨ੍ਹਾਂ ਹਾਲੈਂਡ 'ਚ ਪੰਜਾਬੀ ਤੇ ਸੂਰੀ ਸਮੁਦਾਇ ਦੇ ਆਪਸੀ ਸੰਬੰਧਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਆਪਸੀ ਵਿਆਹ ਸੰਬੰਧਾਂ ਨਾਲ ਇੱਕ ਸਾਂਝਾ ਸੱਭਿਆਚਾਰ ਹੋਂਦ ਵਿੱਚ ਆਇਆ ਹੈ। ਇਨ੍ਹਾਂ ਵਿਆਹ ਸੰਬੰਧਾਂ ਤੋਂ ਉਤਪੰਨ ਹੋਈ ਪੀੜ੍ਹੀ ਪੰਜਾਬੀ ਤੇ ਸੂਰੀ ਸੱਭਿਆਚਾਰ ,ਭਾਸ਼ਾ ਅਪਨਾ ਰਹੀ ਹੈ। ਇਸ ਨਾਲ ਇੱਕ ਕੰਪੋਜ਼ਿਟ ਕਲਚਰ ਹੋਂਦ ਵਿੱਚ ਆ ਰਿਹਾ ਹੈ। ਉਨਾਂ ਆਪਣੇ ਪਰਚੇ ਵਿੱਚ ਹਾਲੈਂਡ ਦੇ ਪੰਜਾਬੀ ਸਾਹਿਤ ਦੀ ਸਥਿਤੀ ਬਾਰੇ ਵੀ ਮੁੱਲਵਾਨ ਟਿੱਪਣੀਆਂ ਕੀਤੀਆਂ।

ਡਾ. ਐਸ.ਐਸ. ਸੰਘਾ ਨੇ ਆਪਣਾ ਪਰਚਾ' ਸਿਖਿਆ ਨਾਲ ਸੰਬੰਧਿਤ ਪੰਜਾਬ ਤੇ ਪੰਜਾਬੀਅਤ' ਪੜ੍ਹਿਆ। ਉਨ੍ਹਾਂ ਸਿੱਖਿਆ ਦੀ ਸਥਿਤੀ ਅੰਕੜਿਆਂ ਨਾਲ ਗੱਸੀ। ਪੇਂਡੂ ਯੂਨੀਵਰਸਿਟੀਆਂ ਬਨਾਉਣ ਤੇ ਜ਼ੋਰ ਦਿੰਦਿਆ ਕਿਹਾ ਕਿ ਜੇ ਭਾਰਤ ਨੇ ਤਰੱਕੀ ਕਰਨੀ ਹੈ ਤਾਂ ਪੇਂਡੂ ਬੱਚਿਆ ਨੂੰ ਵੱਧ ਤੋਂ ਵੱਧ ਯੂਨੀਵਰਸਿਟੀਆਂ 'ਚ ਲੈ ਕੇ ਜਾਣ। ਡਾ. ਗੁਰਦੀਪ ਕੌਰ ਨੇ ਆਪਣਾ ਪਰਚਾ ' ਪੰਜਾਬ ਦੇ ਬਦਲਦੇ ਸੱਭਿਆਚਾਰ ਦੇ ਪਛਾਣ ਚਿੰਨ੍ਹ' ਬਾਰੇ ਪੜ੍ਹਿਆ। ਉਨ੍ਹਾਂ ਕਿਹਾ ਕਿ ਸੱਭਿਆਚਾਰ ਨੂੰ ਧਰਮ ਨਾਲ ਜੋੜ ਕੇ ਸਮਝਿਆ ਜਾਂਦਾ ਹੈ। ਕੌਮਾਂਤਰੀ ਪ੍ਰਭਾਵ ਨਾਲ ਪੰਜਾਬੀ ਸੱਭਿਆਚਾਰ ਵੀ ਬਦਲ ਰਿਹਾ ਹੈ। ਉਪਰੰਤ ਡਾ. ਦਵਿੰਦਰ ਸਿੰਘ ਨੇ ਪੰਜਾਬੀ ਪੀਡੀਆ ਬਾਰੇ ਆਪਣਾ ਸੂਚਨਾਮਈ ਪੇਪਰ ਪੜ੍ਹਿਆ। ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਇੰਟਰਨੈਟ ਦਾ ਮਾਧਿਅਮ ਬਣਾਵਾਂਗੇ। ਉਨ੍ਹਾਂ ਆਪਣੀਆਂ ਧਾਰਨਾਵਾਂ ਨੂੰ ਸਕਰੀਨ ਤੇ ਦਿਖਾ ਕੇ ਸਮਝਾਇਆ। ਪੰਜਾਬੀ ਯੂਨੀਵਰਸਿਟੀ ਵਲੋਂ ਤਿਆਰ ਪੰਜਾਬੀ ਪੀਡੀਆ ਬਾਰੇ ਜਾਣਕਾਰੀ ਦਿੱਤੀ। ਡਾ. ਸ਼ਿਵ ਇੰਦਰ ਸਿੰਘ ਗਿੱਲ ਦਾ ਪਰਚਾ ਪੰਜਾਬੀ ਸਮਾਜ 'ਚ ਫੈਲ ਰਹੇ ਨਸ਼ਿਆ ਨਾਲ ਸੰਬੰਧਿਤ ਸੀ। ਉਨ੍ਹਾਂ ਕਿਹਾ ਕਿ ਨਸ਼ੇ ਦੀ ਲੱਤ ਸਾਰੀ ਦੁਨੀਆਂ ਦੀ ਸਮੱਸਿਆ ਹੈ। ਨਸ਼ੇ ਦੀ ਵਰਤੋਂ ਅਤੇ ਨਸ਼ੇ ਦੀ ਹੋਂਦ ਦੋ ਧਾਰਨਾਵਾਂ ਹਨ। ਨਸ਼ਾ ਕਰਨਾ ਕੋਈ ਸਮੱਸਿਆ ਨਹੀਂ ਨਸ਼ੇ ਦਾ ਆਦੀ ਹੋਣਾ ਸਮੱਸਿਆ ਹੈ। ਪੰਜਾਬੀ ਸਮਾਜ ਦੀ ਇਸ ਗੰਭੀਰ ਤ੍ਰਾਸਦੀ ਬਾਰੇ ਉਹ ਖੁੱਲ੍ਹ ਕੇ ਬੋਲੇ।

ਦੂਜੇ ਸ਼ੈਸ਼ਨ ਦੇ ਆਰੰਭ ਵਿੱਚ ਬਲਦੇਵ ਸਿੰਘ ਭੂਈ ਨੇ ਆਪਣਾ ਪਰਚਾ ਪੰਜਾਬੀ ਭਾਸ਼ਾ ਬਾਰੇ ਪੜ੍ਹਿਆ। ਉਨ੍ਹਾਂ ਕਿਹਾ ਕਿ ਹਰ ਜ਼ੁਬਾਨ ਦੀ ਤਰੱਕੀ ਲੇਖਕਾਂ ਵਲੋਂ ਹੋਈ ਹੈ। ਤੇ ਹਰ ਜ਼ੁਬਾਨ ਦਾ ਭਵਿੱਖ ਲੋਕਾਂ ਦੇ ਭਵਿੱਖ ਤੋਂ ਵੱਖਰਾ ਨਹੀ ਹੋ ਸਕਦਾ। ਡਾ. ਬਲਜਿੰਦਰ ਕੌਰ ਦਾ ਪੇਪਰ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਦੇ ਕਾਰਨਾਂ ਬਾਰੇ ਸੀ। ਆਪਣੇ ਪਰਚੇ 'ਚ ਉਨ੍ਹਾਂ ਇਹ ਮੁੱਦੇ ਉਭਾਰੇ ਕਿ ਮਾਂ ਬੋਲੀ ਕਿਸੇ ਕੌਮ ਦੀ ਪਛਾਣ ਹੁੰਦੀ ਹੈ। ਕੌਮ ਦਾ ਸੰਕਲਪ ਕਿਸ ਤਰ੍ਹਾਂ ਦਾ ਹੋਵੇ ਇਹਦੇ ਬਾਰੇ ਚੁੱਪ ਸੀ। ਅਗਲਾ ਪੇਪਰ ਡਾ.

ਰਾਜਿੰਦਰ ਸਿੰਘ ਭੱਟੀ ਦਾ ' ਪੰਜਾਬੀ ਅਤੇ ਪੰਜਾਬੀਅਤ ਦੀ ਹੋਂਦ ਦਾ ਮਸਲਾ ਸੀ ਜਿਸ ਵਿੱਚ ਉਨ੍ਹਾਂ ਆਪਣੀ ਗੱਲ ਤਰਕ ਨਾਲ ਕਰਦਿਆਂ ਕਿਹਾ ਕਿ ਪੰਜਾਬੀਅਤ ਦੀ ਹੋਂਦ ਤਾਂ ਰਹਿ ਸਕਦੀ ਹੈ ਜੇਕਰ ਅਸੀਂ ਪੰਜਾਬੀ ਭਾਸ਼ਾ ਨੂੰ ਬਚਾਉਣ ਦੇ ਗੰਭੀਰ ਉਪਰਾਲੇ ਕਰੀਏ। ਡਾ. ਅਕਾਲ ਅੰਮ੍ਰਿਤ ਕੌਰ ਦਾ ਪੇਪਰ ' ਪੰਜਾਬੀ ਡਾਇਸਪੋਰਾ ਤੇ ਪੰਜਾਬੀ ਭਾਸ਼ਾ' ਬਾਰੇ ਸੀ ਅਤੇ ਸਵੈਰਾਜ ਸਿੰਘ ਸੰਧੂ ਨੇ ' ਸੋਵੀਅਤ ਅਦਬ ਦਾ ਪੰਜਾਬੀ ਸਾਹਿਤ ਤੇ ਪ੍ਰਭਾਵ ਤੇ ਆਪਣਾ ਪੇਪਰ ਪੜ੍ਹਿਆ। ਉਨ੍ਹਾਂ ਕਿਹਾ ਕਿ ਸੋਵੀਅਤ ਸਾਹਿਤ ਤੇ ਲਿਖਤਾਂ ਨੇ ਅਲੰਕਾਰ ਰਹਿਤ ਸਾਹਿਤ ਪੰਜਾਬੀ ਭਾਸ਼ਾ 'ਚ ਦਿੱਤਾ। ਪੰਜਾਬੀ ਰਚਨਾ ਦਾ ਖੇਤਰ ਧਰਤੀ ਨਾਲ ਜੁੜਿਆ ਜ਼ਰੂਰੀ ਹੈ। ਉਪਰੰਤ ਡਾ. ਨੈਬ ਸਿੰਘ' ਪੰਜਾਬੀ ਸਾਹਿਤ ਦਾ ਪੰਜਾਬੀ ਸਮਾਜ ਉੱਤੇ ਪ੍ਰਭਾਵ' ਬਾਰੇ ਪੇਪਰ ਪੜ੍ਹਿਆ। ਪੰਜਾਬੀ ਯੂਨੀਵਰਸਿਟੀ ਲਾਹੌਰ ਤੋਂ ਪਹੁੰਚੇ ਡਾ. ਇਸਮਤ ਉੱਲਾ ਜਾਹਿਦ ਨੇ ਪੜ੍ਹੇ ਗਏ ਪਰਚਿਆ ਉੱਤੇ ਸੰਖੇਪ ਟਿੱਪਣੀ ਕੀਤੀ। ਉਨ੍ਹਾਂ ਕਿਹਾ ਕਿ ਲਾਹੌਰ ਵਾਲੇ ਜੋ ਪੰਜਾਬੀ ਜ਼ੁਬਾਨ ਬੋਲਦੇ ਹਨ ਉਹ ਤਾਂ ਸਮਝ ਆਉਂਦੀ ਹੈ ਪਰ ਏਥੇ ਵਿਦਵਾਨਾਂ ਦੀ ਜ਼ੁਬਾਨ ਸਮਝ ਨਹੀਂ ਆਉਂਦੀ। ਜ਼ੁਬਾਨਾਂ ਨੂੰ ਐਡੀ ਛੇਤੀ ਨਹੀਂ ਮਿਟਾਇਆ ਜਾ ਸਕਦਾ। ਜਿੰਨੀ ਦੇਰ ਤੱਕ ਪੰਜਾਬੀ ਬੋਲਣ ਵਾਲੇ ਪੰਜਾਬੀ 'ਚ ਸੋਚਣ ਵਾਲੇ ਨਹੀਂ ਮਿਟਦੇ, ਉਨ੍ਹਾਂ ਚਿਰ ਭਲਾ ਜ਼ੁਬਾਨ ਕਿੰਝ ਮਰ ਸਕਦੀ ਹੈ। ਜਿਹੜੀ ਜ਼ੁਬਾਨ ਲਫ਼ਜ਼ ਨਹੀਂ ਲੈਂਦੀ ਅਤੇ ਨਾ ਹੀ ਦਿੰਦੀ ਹੈ ਉਹ ਮਰ ਜਾਂਦੀ ਹੈ। ਪੰਜਾਬੀ ਜ਼ੁਬਾਨ ਹੋਰ ਵੀ ਤਰੱਕੀ ਕਰੇ ਜੇ ਕਰ ਏਧਰਲੇ ਪੰਜਾਬ 'ਚ ਸ਼ਾਹਮੁਖੀ ਪੜ੍ਹਾਉਣ ਲੱਗ ਪੈਣ ਤੇ ਅਸੀਂ ਪਾਕਿਸਤਾਨ ਵਾਲੇ ਪੰਜਾਬੀ ਪੜ੍ਹਾਉਣ ਲੱਗ ਪੈਣ। ਕੰਵਲਜੀਤ ਕੌਰ ਨੇ ਸਾਰੇ ਸ਼ੈਸ਼ਨ ਦਾ ਸੰਚਾਲਨ ਕੀਤਾ।

ਤੀਜੇ ਅਕੈਡਿਮਿਕ ਸ਼ੈਸ਼ਨ ਦੀ ਪ੍ਰਧਾਨਗੀ ਡਾ. ਮਹਿਲ ਸਿੰਘ ਨੇ ਕੀਤੀ ਅਤੇ ਪਹਿਲਾ ਪਰਚਾ ਨਰਿੰਦਰ ਸਿੰਘ ਕੌਸ਼ਲ ਨੇ ਪੜ੍ਹਿਆ। ਉਨ੍ਹਾਂ ਪੰਜਾਬੀ ਭਾਸ਼ਾ ਉੱਤੇ ਮੁੱਲਵਾਨ ਵਿਚਾਰ ਦਿੱਤੇ। ਅਗਲਾ ਪਰਚਾ ਡਾ. ਕੁਲਵੰਤ ਸਿੰਘ ਸੰਧੂ ਨੇ ' ਪਰਵਾਸੀ ਪੰਜਾਬੀ ਨਾਵਲ. ਸਥਿਤੀ ਤੇ ਚੁਣੌਤੀਆਂ' ਪੜ੍ਹਿਆ। ਆਪਣੇ ਪਰਚੇ ਵਿੱਚ ਉਨ੍ਹਾਂ ਪਰਵਾਸੀ ਨਾਵਲਾਂ ਦੇ ਹਵਾਲਿਆ ਨਾਲ ਆਪਣੀ ਧਾਰਨਾ ਪੇਸ਼ ਕੀਤੀ ਕਿ ਪਰਵਾਸੀ ਨਾਵਲ ਦਾ ਵੱਡਾ ਭਾਗ ਕਿਸਾਨੀ ਅਵਚੇਤਨਾ ਨਾਲ ਜੁੜਿਆ ਹੈ। ਬਹੁਤਾ ਪਰਵਾਸੀ ਨਾਵਲਕਾਰ ਪੰਜਾਬੀ ਬੰਦੇ ਵਾਂਗ ਸੋਚਦਾ ਹੈ, ਚਾਹੇ ਉਹ ਨਵੀਂ ਪੀੜ੍ਹੀ ਦਾ ਪਾਤਰ ਹੈ ਜਾਂ ਗੋਰਾ। ਅਗਲਾ ਪਰਚਾ ਡਾ. ਚਰਨਜੀਤ ਕੌਰ ਦਾ ' ਪੰਜਾਬੀ ਸੱਭਿਆਚਾਰ ਤੇ ਔਰਤ' ਬਾਰੇ ਸੀ। ਉਨ੍ਹਾਂ ਕਿਹਾ ਕਿ ਜਦੋਂ ਕਿਸੇ ਧਰਤੀ ਤੇ ਔਰਤ ਆਪਣੇ ਪਰਿਵਾਰ ਨਾਲ ਜਾਂਦੀ ਹੈ , ਉਹਦੇ ਨਾਲ ਉਹਦੀ ਭਾਸ਼ਾ,ਉਹਦੀ ਲੋਕਧਾਰਾ ,ਰਸਮਾਂ ਰਿਵਾਜ਼ ਵੀ ਜਾਂਦੇ ਹਨ। ਸਾਡੇ ਭਾਈਚਾਰੇ ਵਿੱਚ ਅੱਧੀ ਮਨੁੱਖਤਾ (ਔਰਤ) ਦੇ ਅਧਿਕਾਰਾਂ ਨੂੰ ਅੱਧੀ ਮਨੁੱਖਤਾ ਕੁਚਲ ਰਹੀ ਹੈ। ਉਨ੍ਹਾਂ ਔਰਤਾਂ ਦੇ ਹੱਕਾਂ ਦੀ ਗੱਲ ਬੇਬਾਕ ਹੋ ਕੇ ਕੀਤੀ। ਅਗਲਾ ਪਰਚਾ ਡਾ. ਤਰਲੋਕ ਬੰਧ ਦਾ ਸੀ ਜਿਸ ਦਾ ਵਿਸ਼ਾ ਸੀ' ਸਿੱਖਿਆ ਅਤੇ ਪੰਜਾਬੀ ਸਾਹਿਤ' ਜਿਸ ਵਿੱਚ ਉਸ ਨੇ ਕਿਹਾ ਇਹ ਅਹਿਮ ਸਵਾਲ ਹੈ ਕਿ ਮੁੱਢਲੀ ਮੁਫ਼ਤ ਸਿੱਖਿਆ ਦਾ ਐਕਟ ਹੁਣ ਕਿਉਂ ਅਹਿਮ ਹੋ ਰਿਹਾ ਹੈ? ਮਿਡਲ ਪੱਧਰ ਦੀ ਸਿੱਖਿਆ ਕਿਉਂ ਮੁਫ਼ਤ ਕੀਤੀ ਜਾ ਰਹੀ ਹੈ ਅਤੇ ਉੱਚ ਸਿੱਖਿਆ ਕਿਉਂ ਮਹਿੰਗੀ ਹੋ ਰਹੀ ਹੈ। ਪੰਜਾਬੀ ਸਾਹਿਤ ਵਿੱਚ ਸਿੱਖਿਆ ਦਾ ਮਸਲਾ ਕਿਉਂ ਅਣਗੌਲਿਆ ਰਿਹਾ ਹੈ। ਉਨ੍ਹਾਂ ਪੰਜਾਬੀ ਕਹਾਣੀਆਂ ਦੇ ਹਵਾਲੇ ਨਾਲ ਆਪਣੀ ਗੱਲ ਕੀਤੀ ਜਿਸ ਵਿੱਚ ਸਿੱਖਿਆ ਦੇ ਅਧਿਕਾਰਾਂ ਦੀ, ਸਿੱਖਿਆ ਨੂੰ ਗ੍ਰਹਿਣ ਕਰਨ ਦੇ ਸੰਕਟਾਂ



ਵਰਗੇ ਮੁੱਦੇ ਉਭਾਰੇ । ਆਪਣੇ ਪ੍ਰਧਾਨਗੀ ਭਾਸ਼ਨ ਵਿੱਚ ਡਾ. ਮਹਿਲ ਸਿੰਘ ਨੇ ਕਿਹਾ ਕਿ ਇਨ੍ਹਾਂ ਪਰਚਿਆ ਵਿੱਚ ਮਨੁੱਖੀ ਵਿਹਾਰ ਦੀ ਗੱਲ ਇਤਿਹਾਸਕ ਪਰਿਪੇਖ ਵਿੱਚ ਹੋਈ ਹੈ। ਡਾ. ਨਰਿੰਦਰ ਤੇ ਡਾ. ਚਰਨਜੀਤ ਦੇ ਪੇਪਰ ਨਹੀਂ ਵਿਸ਼ੇ 'ਤੇ ਕੁਮੈਂਟ ਸਨ। ਕੁਲਵੰਤ ਸਿੰਘ ਸੰਧੂ ਦੀ ਕ੍ਰਿਟੀਕਲ ਪੇਪਰ ਸੀ। ਜਿਸ ਵਿੱਚ ਇਹ ਗੱਲ ਉਭਰਦੀ ਹੈ ਕਿ ਪਰਵਾਸੀ ਨਾਵਲ ਕੋਈ ਮਾਅਰਕੇ ਦੀ ਗੱਲ ਨਹੀਂ ਕਰ ਰਿਹਾ। ਸਾਰਾ ਪੰਜਾਬੀ ਸਾਹਿਤ ਲਹਿਰਾਂ ਵਿੱਚ ਲਪੇਟਿਆ ਗਿਆ ਹੈ। ਜਦੋਂ ਅਸੀਂ ਲਹਿਰਾਂ 'ਚ ਸੀਮਿਤ ਹੋ ਕੇ ਲਿਖਾਂਗੇ ਤਾਂ ਉਹ ਸਮੇਂ ਨਾਲ ਖਤਮ ਹੋ ਜਾਵੇਗਾ। ਬਹੁਤਾ ਪੰਜਾਬੀ ਸਾਹਿਤ ਹਰੀ ਕ੍ਰਾਂਤੀ , ਪੰਜਾਬ ਸੰਕਟ 'ਤੇ ਕੁਮੈਂਟਰੀ ਹੈ। ਸਾਡੇ ਲਈ ਇਹ ਵੀ ਸੰਕਟ ਹੈ ਕਿ ਜਿਹੜੀ ਰਚਨਾ ਪੰਜ ਸਾਲ ਵੀ ਜਿਉਂਦੀ ਨਹੀਂ ਰਹਿ ਸਕਦੀ ਉਹਨੂੰ ਸਿਲੇਬਸ 'ਚ ਕਿਵੇਂ ਲਾਇਆ ਜਾਵੇ। ਪਹਿਲੇ ਅਕੈਡਮਿਕ ਸ਼ੈਸ਼ਨਾਂ ਦੇ ਅੰਤ ਵਿੱਚ ਸ਼ਾਮ ਨੂੰ ਜਸਵੰਤ ਦੀਦ ਦੁਆਰਾ ਨਿਰਦੇਸ਼ਤ ਕੀਤੀ ਫ਼ਿਲਮ ' ਜਲਪਰੀ ' ਦਿਖਾਈ ਗਈ ਜੋ ਇਕਬਾਲ ਰਾਮੂਵਾਲੀਆ ਦੀ ਕਹਾਣੀ 'ਤੇ ਆਧਾਰਿਤ ਸੀ। ਫਿਲਮ ਪਰਵਾਸੀ ਪੰਜਾਬੀ ਪਰਿਵਾਰਾਂ ਦੀਆਂ ਸਮੱਸਿਆਵਾਂ ਉਭਾਰਦੀ ਹੈ। ਜਲਪਰੀ ਤੇ ਮੱਛੀ ਦੇ ਚਿਹਨ ਨਾਲ ਫਿਲਮ 'ਚ ਪਰਿਵਾਰਕ ਗੁੰਝਲਾਂ ਨੂੰ ਖੋਹਲਿਆ ਗਿਆ ਹੈ। ਪਰ ਫਿਲਮ ਦੇ ਮੁੱਖ ਅਦਾਕਾਰ ਸੁਪਨ ਸੰਧੂ ਦੀ ਅਦਾਕਾਰੀ ਬਹੁਤ ਢਿੱਲੀ, ਸੰਵਾਦ ਅਤੇ ਚਿਹਰੇ ਦੇ ਪ੍ਰਭਾਵ ਬਹੁਤ ਅਨਾੜੀ ਕਾਲਾਕਾਰ ਵਰਗੇ ਸਨ। ਇਸ ਦੇ ਨਾਲ ਹੀ ਪਹਿਲੇ ਦਿਨ ਦਾ ਸ਼ੈਸ਼ਨ ਖਤਮ ਹੋ ਗਿਆ।

ਕਾਨਫਰੰਸ ਦੇ ਦੂਜੇ ਦਿਨ ਦੇ ਪਹਿਲੇ ਸੈਸ਼ਨ ਵਿੱਚ 9 ਪਰਚੇ ਪੜ੍ਹੇ ਗਏ। ਪਹਿਲਾ ਪਰਚਾ ਡਾ. ਜਸਲੀਨ ਕੌਰ ਦਾ ' ਪੰਜਾਬੀ ਭਾਸ਼ਾ ਨਾਲ ਸੰਬੰਧਿਤ ਸੀ। ਨਿਰਮਲ ਜਸਵਾਲ ਦਾ ਪੇਪਰ 'ਭਾਸ਼ਾ ਤੇ ਸੱਭਿਆਚਾਰ' ਬਾਰੇ ਸਾ। ਨਰਿੰਦਰਪਾਲ ਦਾ ਪੇਪਰ ' ਭਵਿੱਖ ਮੁੱਖੀ ਭਾਸ਼ਾ ਤੇ ਚੁਣੌਤੀਆਂ ਬਾਰੇ ਸੀ। ਪਾਕਿਸਤਾਨ ਤੋਂ ਪਹੁੰਚੇ ਅਸ਼ਕ ਰਹੀਲ ਕਹਾਣੀਕਾਰ ਦਾ ਪੇਪਰ ' ਮਾਂ ਬੋਲੀ ਦੀ ਅਹਿਮੀਅਤ ਨਾਲ ਸਬੰਧਿਤ ਸੀ। ਜਿਸ ਵਿੱਚ ਪਾਕਿਸਤਾਨ 'ਚ ਪੰਜਾਬੀ ਭਾਸ਼ਾ ਦੇ ਸੰਦਰਭ ਵਿੱਚ ਮਾਂ ਬੋਲੀ ਦੇ ਅਹਿਮ ਮਸਲਿਆ ਤੇ ਆਪਣੀਆਂ ਨਿਵੇਕਲੀਆਂ ਧਾਰਨਾਵਾਂ ਦਿੱਤੀਆਂ। ਪ੍ਰੋ. ਬਲਵਿੰਦਰਜੀਤ ਕੌਰ ਭੱਟੀ ਦਾ ਪੇਪਰ' ਗਦਰ ਲਹਿਰ ਦੀ ਕਵਿਤਾ ਤੇ ਉਸ ਦੇ ਪ੍ਰਮੁੱਖ ਸਰੋਕਾਰ ਬਾਰੇ ਸੀ। ਪਾਕਿਸਤਾਨ ਤੋਂ ਪਹੁੰਚੇ ਡਾ. ਨਬੀਲਾ ਰਹਿਮਾਨ ਨੇ ਪਾਕਿਸਤਾਨ 'ਚ ਪੰਜਾਬੀ ਜ਼ੁਬਾਨ ਦੀ ਮੌਜੂਦਾ ਸੂਰਤੇ-ਹਾਲ ਬਾਰੇ ਵਿੱਚ ਆਪਣੇ ਵਿਚਾਰ ਦਿੱਤੇ। ਉਨਾਂ ਕਿਹਾ ਕਿ ਪਾਕਿ 'ਚ ਪੰਜਾਬੀ ਜ਼ੁਬਾਨ ਦੀ ਮਾੜੀ ਸਥਿਤੀ ਹੈ। ਹਿੰਦਕੋ, ਪਸ਼ਤੋ ਤੇ ਡੋਗਰੀ ਦੀ ਸਥਿਤੀ ਵੀ ਇਹੋ ਹੈ। ਡਾ. ਬਲਦੇਵ ਸਿੰਘ ਧਾਲੀਵਾਲ ਦਾ ਪੇਪਰ ' ਪਛਾਣ ਦੀ ਰਾਜਨੀਤੀ ਤੇ ਡਾਇਸਪੋਰਾ' ਸੀ। ਇਸ ਜਟਿਲ ਵਿਸ਼ੇ 'ਤੇ ਉਨਾਂ ਪਰਵਾਸੀ ਕਹਾਣੀਆਂ ਦੇ ਹਵਾਲੇ ਨਾਲ ਗੱਲ ਕੀਤੀ। ਪੇਪਰ 'ਚ ਉਨਾਂ ਕੈਨੇਡਾ ਦੇ 15-20 ਕਹਾਣੀਕਾਰਾਂ ਦਾ ਜ਼ਿਕਰ ਕੀਤਾ। ਸਭ ਤੋਂ ਭਖਵਾ ਮਸਲਾ ਪੰਜਾਬੀ ਸਕੂਲਾਂ ਦੀ ਪਛਾਣ ਦਾ ਮਸਲਾ ਸੀ। ਜਿਹੜੀਆਂ ਕੌਮਾਂ ਦਾ ਨਰੇਟਿਵ ਤਕੜਾ ਹੁੰਦਾ ਹੈ, ਉਨਾਂ ਦੀ ਪਛਾਣ ਸ਼ਕਤੀਸ਼ਾਲੀ ਹੁੰਦੀ ਹੈ। ਪਰ ਸਾਡੇ ਪਰਵਾਸੀ ਸਾਹਿਤ ਦਾ ਬਿਰਤਾਂਤ ,ਨਰੇਟਿਵ ਮੱਧਮ ਪੈ ਜਾਂਦਾ ਹੈ। ਅਗਲਾ ਪਰਚਾ ਡਾ. ਸੁਰਜੀਤ ਸਿੰਘ ਭੱਟੀ ਦਾ ਸੀ। ' ਕੈਨੇਡਾ ਦੀ ਪੰਜਾਬੀ ਕਵਿਤਾ' ਕੂੰਜਾਂ ਪੁਸਤਕ ਦੇ ਸੰਦਰਭ ਵਿੱਚ ਸੀ। ਜਿਸ 'ਚ ਕਵੀਆਂ ਨੇ ਨਾਰੀ ਪੀੜਾ ਨੂੰ ਆਵਾਜ਼ ਦੇਣ ਦਾ ਯਤਨ ਕੀਤਾ। ਸਾਡਾ ਨਾਰੀ ਕਾਵਿ ਰੁਦਨ ਦਾ ਕਾਵਿ ਸੀ ਪਰ ਇਹ ਕਾਵਿ ਰੋਹ ਤੇ ਵਿਦਰੋਹ ਦਾ ਕਾਵਿ ਹੈ। ਅੰਤਲਾ ਪਰਚਾ ਡਾ. ਹਰਜਿੰਦਰ ਪਾਲ

ਸਿੰਘ ਵਾਲੀਆ ਦਾ ਸੀ। ਉਨਾਂ ਪਰਵਾਸੀ ਬੱਚਿਆਂ ਦੇ ਮਨਾਂ ਵਿੱਚ ਵੱਡੇ ਸੁਪਨਿਆਂ ਨੂੰ ਬੀਜਣ 'ਤੇ ਜ਼ੋਰ ਦਿੱਤਾ। ਉਨਾਂ ਭਾਸ਼ਾ, ਪੰਜਾਬੀਅਤ ਤੇ ਕਲਚਰ ਦੇ ਪੱਧਰ ਤੇ ਖੁੱਲ੍ਹ ਕੇ ਗੱਲ ਕੀਤੀ।

ਕਾਨਫਰੰਸ ਦੇ ਅਗਲੇ ਸ਼ੈਸ਼ਨ ਵਿੱਚ ਜੇ. ਐਸ. ਧਾਲੀਵਾਲ. ਹਰਪਿੰਦਰਜੀਤ ਕੌਰ, ਮੋਨਿਕਾ ਸਿੰਘ. ਪਾਲ ਕੌਰ, ਦਵਿੰਦਰ ਕੌਰ , ਲਖਦੀਪ ਕੌਰ ਮਾਹਲਾ,ਗੁਰਪ੍ਰੀਤ ਕੌਰ ਬਰਾੜ, ਇੰਦਰਜੀਤ ਕੌਰ, ਅਵੀਨਾਸ਼ ਕੌਰ ਆਦਿ ਨੇ ਪੰਜਾਬੀ ਭਾਸ਼ਾ ,ਸਾਹਿਤ ,ਲੋਕ ਗੀਤਾਂ, ਕਹਾਣੀ, ਨਾਵਲ ,ਲੋਕ ਵਿਹਾਰ ਆਦਿ ਵਿਸ਼ਿਆ ਉੱਤੇ ਖੋਜ ਭਰਪੂਰ ਲੇਖ ਪੇਸ਼ ਕੀਤੇ। ਇਨ੍ਹਾਂ ਤੋਂ ਇਲਾਵਾ ਡਾ. ਮੀਨਾਕਸ਼ੀ ਰਾਠੌਰ ਨੇ ਪਰਵਾਸੀ ਪੰਜਾਬੀ ਕਹਾਣੀ 'ਤੇ ਪੇਪਰ ਪੜ੍ਹਿਆ। ' ਕਹਾਣੀ ਧਾਰਾ' ਮੈਗਜ਼ੀਨ ਦੇ ਸੰਪਾਦਕ ਭਗਵੰਤ ਰਸੂਲਪੁਰੀ ਨੇ ' ਸਾਹਿਤਕ ਪੱਤਰਕਾਰੀ ਅਤੇ ਪੰਜਾਬੀ ਸਾਹਿਤ' ਬਾਰੇ ਖੋਜ ਭਰਪੂਰ ਪੇਪਰ ਪੜ੍ਹਿਆ। ਜਿਸ ਵਿੱਚ ਉਨਾਂ ਕਿਹਾ ਕਿ ਸਾਹਿਤ ਨੂੰ ਪਾਠਕਾਂ ਤੱਕ ਪਹੁਚਾਉਣ , ਮੁਲੰਕਣ ਕਰਨ, ਚੰਗੇ ਮਾੜੇ ਸਾਹਿਤ ਦੀ ਨਿਸ਼ਾਨਦੇਹੀ ਕਰਨ ਵਿੱਚ ਸਾਹਿਤਕ ਪੱਤਰਕਾਰੀ ਦਾ ਅਹਿਮ ਯੋਗਦਾਨ ਹੈ।

ਸਹਿਤਕ ਪਰਚੇ ਪ੍ਰੀਤਲੜੀ,ਆਰਸੀ, ਸਿਰਜਣਾ, ਫੁਲਵਾੜੀ, ਪ੍ਰਵਚਨ, ਸਰੋਕਾਰ ਅਤੇ ਕਹਾਣੀਧਾਰਾ ਦੇ ਹਵਾਲੇ ਨਾਲ ਉਨ੍ਹਾਂ ਸਾਹਿਤਕ ਪੱਤਰਕਾਰੀ ਦੇ ਭਵਿੱਖ , ਵਰਤਮਾਨ ਤੇ ਸੰਕਟਾਂ ਬਾਰੇ ਆਪਣੀ ਗੱਲ ਕੀਤੀ। ਪੱਤਰਕਾਰ ਤੇ ਨਾਵਲਕਾਰ ਕੁਲਦੀਪ ਸਿੰਘ ਬੇਦੀ ਨੇ ' ਪੰਜਾਬੀ ਪੱਤਰਕਾਰੀ ਦੇ ਮੁੱਢਲੇ ਲੱਛਣ' ਤੇ ਆਪਣਾ ਮੁੱਲਵਾਨ ਪੇਪਰ ਪੜ੍ਹਿਆ। ਗੁਰਮੀਤ ਸਿੰਘ ਬੈਦਵਾਣ ਨੇ ਪੁਆਧ ਖਿੱਤੇ ਦੇ ਸੱਭਿਆਚਾਰ,ਭਾਸ਼ਾ, ਬੋਲੀ ਦੇ ਸੰਕਟ ਬਾਰੇ ਬੜਾ ਮੁੱਲਵਾਨ ਖੋਜ ਭਰਪੂਰ ਪੇਪਰ ਪੜ੍ਹਿਆ। ਪੁਆਧ ਦੀ ਭਾਸ਼ਾ ਤੇ ਕਲਚਰ ਕਿਵੇਂ ਮਰ ਰਿਹਾ ਹੈ ਇਸ ਦਾ ਜ਼ਿਕਰ ਉਨ੍ਹਾਂ ਹਵਾਲੇ ਨਾਲ ਕੀਤਾ।

ਅੰਤਲੇ ਸ਼ੈਸ਼ਨ ਵਿੱਚ ਡਾ. ਜਗਦੀਸ਼ ਕੌਰ ਨੇ ਸਮੁੱਚੀ ਕਾਨਫਰੰਸ ਬਾਰੇ ਪੜ੍ਹੇ ਗਏ ਸਾਰੇ ਪੇਪਰਾਂ ਬਾਰੇ ਆਪਣੇ ਪ੍ਰਭਾਵ, ਪ੍ਰਤੀਕਰਮ ਵਿਸਥਾਰ ਨਾਲ ਦੱਸੇ। ਮੰਗਾਂ ਬਾਰੇ ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਤੇ ਕੈਨੇਡਾ 'ਚ ਵੱਧ ਤੋਂ ਵੱਧ ਲਾਇਬਰੇਰੀਆਂ ਖੋਲਣ ਦੀ ਮੰਗ ਕਰਦੇ ਹਾਂ। ਵਿਸ਼ਵ ਪੰਜਾਬੀ ਕਾਨਫਰੰਸ ਵਲੋਂ ਅਸੀਂ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਉਲੰਘਣਾ ਦਾ ਖੰਡਨ ਕਰਦੇ ਹਾਂ। ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ ਵਿੱਚ ਜੋ ਖਾਮੀਆਂ ਰਹਿ ਗਈਆਂ ਹਨ, ਉਨ੍ਹਾਂ ਨੂੰ ਦੂਰ ਕੀਤਾ ਜਾਵੇ। ਸਾਰੇ ਪੜ੍ਹੇ ਗਏ ਮਤਿਆਂ ਨੂੰ ਹੱਥ ਖੜ੍ਹੇ ਕਰਕੇ ਪਾਸ ਕੀਤਾ ਗਿਆ। ਇਹ ਸਾਰੇ ਮਤੇ ਕੈਨੇਡਾ ਸਰਕਾਰ ਨੂੰ ਭੇਜੇ ਜਾਣਗੇ। ਇਨ੍ਹਾਂ ਤੋਂ ਇਲਾਵਾ ਸ੍ਰੀ ਹਰਿੰਦਰ ਹੁੰਦਲ, ਪ੍ਰਗਟ ਸਿੰਘ ਗਰੇਵਾਲ, ਸਹਿਜਪ੍ਰੀਤ ਸਿੰਘ ਮਾਂਗਟ, ਵੀਨਾ ਅਰੋੜਾ, ਜੇ. ਐਸ. ਧਾਲੀਵਾਲ, ਇਸਮਤ ਉਲਾ ਜਾਹਿਦ, ਡੀ. ਐਸ ਸਰੋਇਆ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਇਸ ਸ਼ੈਸ਼ਨ ਦੀ ਪ੍ਰਧਾਨਗੀ ਕਰ ਰਹੇ ਡਾ. ਰਾਵੇਲ ਸਿੰਘ ਨੇ ਸਮੁੱਚੀ ਕਾਨਫਰੰਸ ਬਾਰੇ ਆਪਣੇ ਪ੍ਰਭਾਵ ਰੱਖੇ।

ਕਾਨਫਰੰਸ ਵਿੱਚ ਕੁਝ ਪੁਸਤਕਾਂ ਵੀ ਰਿਲੀਜ਼ ਕੀਤੀਆਂ ਗਈਆਂ। ਕਹਾਣੀਧਾਰਾ ਦਾ ਨਵਾਂ ਅੰਕ ਰਿਲੀਜ਼ ਕੀਤਾ ਗਿਆ। ਨਾਲ ਹੀ ਕਾਨਫਰੰਸ ਦਾ ਸੋਵੀਨਰ ਰਿਲੀਜ਼ ਕੀਤਾ ਗਿਆ। ਥੋੜ੍ਹੀਆਂ ਬਹੁਤ ਘਾਟਾਂ ਦੇ ਬਾਵਜੂਦ ਕਾਨਫਰੰਸ ਸਫ਼ਲਤਾ ਨਾਲ ਸਮਾਪਤ ਹੋਈ। ਜਿਸ ਵਿੱਚ ਹਰ ਮਸਲੇ 'ਤੇ ਬੜੀ ਗੰਭੀਰਤਾ ਨਾਲ ਸੰਵਾਦ ਤੁਰਿਆ। ਸ਼ੈਸ਼ਨਾਂ ਦੇ ਵਿਚਕਾਰ ਟੀ-ਬਰੇਕ ਅਤੇ ਖਾਣੇ ਦੇ ਸਮੇਂ ਦੂਰ ਦੂਰ ਤੋਂ ਪਹੁੰਚੇ ਪੰਜਾਬੀ ਦੇ ਚਿੰਤਕਾਂ ,ਲੇਖਕਾਂ ਨੇ ਆਪਣੀਆਂ ਗੱਲਾਂ ਰਾਹੀਂ ਵੀ ਆਪਣੇ ਮਨਾਂ 'ਚ ਪਏ ਸਾਹਿਤ ਭਾਸ਼ਾ ਅਤੇ



ਸੱਭਿਆਚਾਰ ਪ੍ਰਤੀ ਧੁੰਦਲਕੇ ਨੂੰ ਦੂਰ ਕੀਤਾ। ਇਹ ਵਿਸ਼ਵ ਪੰਜਾਬੀ ਕਾਨਫਰੰਸ ਪੰਜਾਬੀ ਲੇਖਕਾਂ ਦਾ ਮਹਾਂ ਕੁੰਭ ਹੋ ਨਿਬੜਿਆ। ਇਸ ਗੱਲ ਦਾ ਵੀ ਮਾਣ ਰਹੇਗਾ ਕਿ ਕੈਨੇਡਾ ਸਰਕਾਰ ਨੂੰ ਪੰਜਾਬੀ ਭਾਸ਼ਾ ਪ੍ਰਤੀ, ਸਾਹਿਤ ਤੇ ਸੱਭਿਆਚਾਰ ਪ੍ਰਤੀ ਗੰਭੀਰਤਾ ਨਾਲ ਸੋਚਣ ਲਈ ਇਸ ਕਾਨਫਰੰਸ ਦਾ ਅਹਿਮ ਯੋਗਦਾਨ ਹੈ।

ਕਹਾਣੀ ਧਾਰਾ ਦੇ ਇਸ ਅੰਕ ਵਿੱਚ ਸ੍ਰੀ ਬਲਦੇਵ ਸਿੰਘ ਬੱਦਨ ਦੀ ਮੁਲਾਕਾਤ ਛਾਪ ਰਹੇ ਹਾਂ। ਜਿਸ ਵਿੱਚ ਉਨ੍ਹਾਂ ਪੰਜਾਬੀ ਭਾਸ਼ਾ ਸਾਹਿਤ, ਸੱਭਿਆਚਾਰ ਦੇ ਨਾਂ 'ਤੇ ਬਣਾਈ ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਦੀ ਚਿੰਤਾ-ਗ੍ਰਸਤ ਕਾਰਗੁਜ਼ਾਰੀ ਉੱਤੇ ਗੰਭੀਰ ਸਵਾਲ ਖੜੇ ਕੀਤੇ ਹਨ। ਸਾਡਾ ਮਕਸਦ ਪੰਜਾਬੀ ਸਾਹਿਤ ਸਭਾ ਨੂੰ ਸਹੀ ਦਿਸ਼ਾ ਵੱਲ ਤੋਰਨਾ ਹੈ ਨਾ ਕਿ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਣਾ। ਸਾਡੇ ਕੋਲ ਹੋਰ ਬਹੁਤ ਸਾਰੇ ਦਸਤਾਵੇਜ਼ ਹਨ , ਜਿਨ੍ਹਾਂ ਦੇ ਆਧਾਰ 'ਤੇ ਸੰਚਾਲਕਾਂ ਵੱਲ ਉਂਗਲ ਉੱਠਦੀ ਹੈ। ਜਿਨ੍ਹਾਂ ਨੂੰ ਅਸੀਂ ਅਗਲੇ ਅੰਕ ਵਿੱਚ ਛਾਪਾਂਗੇ। ਸਾਨੂੰ ਪਾਠਕਾਂ ਦੇ ਨਿਰਪੱਖ ਪ੍ਰਤੀਕਰਮ ਦੀ ਉਡੀਕ ਰਹੇਗੀ ਕਿ ਉਹ ਇਸ ਸਾਰੇ ਵਰਤਾਰੇ ਨੂੰ ਕਿਸ ਤਰ੍ਹਾਂ ਲੈਂਦੇ ਹਨ।

ਅੰਤ ਵਿੱਚ ਇਨਾਮਾਂ ਦੀ ਗੱਲ ਕਰਨੀ ਵੀ ਜ਼ਰੂਰੀ ਸਮਝਦਾ ਹਾਂ। ਸਰਕਾਰੀ ਇਨਾਮਾਂ 'ਤੇ ਕਦੇ ਕਦੇ ਉਂਗਲ ਉੱਠਦੀ ਰਹਿੰਦੀ ਹੈ। ਚਾਹੇ ਇਨਾਮ ਭਾਸ਼ਾ ਵਿਭਾਗ ਦੇ ਹੋਣ ਜਾਂ ਭਾਰਤੀ ਸਾਹਿਤ ਅਕਾਦਮੀ ਦੇ। ਭਾਸ਼ਾ ਵਿਭਾਗ ਦੇ ਇਨਾਮਾਂ ਦੀ ਅਨੇਕਾਂ ਵਾਰ ਕਿਰਕਿਰੀ ਹੋਈ ਹੈ ਜੁਗਾੜ ਨਾਲ ਲੈਣ ਵਾਲੇ ਲੇਖਕ ਦਾ ਕੱਦ ਹਮੇਸ਼ਾ ਹੋਰ ਨੀਂਵਾਂ ਹੋਇਆ ਹੈ। ਭਾਰਤੀ ਸਾਹਿਤ ਅਕਾਦਮੀ ਦੇ ਇਨਾਮਾਂ ਤੇ ਵੀ ਅਨੇਕਾਂ ਵਾਰ ਸਵਾਲ ਖੜੇ ਹੋਏ ਹਨ। ਭਾਰਤੀ ਸਾਹਿਤ ਅਕਾਦਮੀ ਵਲੋਂ ਪਿਛਲੇ ਕੁਝ ਸਾਲਾਂ ਤੋਂ ਯੁਵਾ ਲੇਖਕ ਦਾ ਇਨਾਮ ਹਰ ਭਾਸ਼ਾ ਵਿੱਚ ਦਿੱਤਾ ਜਾਂਦਾ ਹੈ। ਇਸ ਵਾਰ ਦਾ ਪੰਜਾਬੀ ਭਾਸ਼ਾ ਦਾ ਯੁਵਾ ਪੁਰਸਕਾਰ ਸਿਮਰਨ ਧਾਲੀਵਾਲ ਨੂੰ ਦੇਣ ਦਾ ਐਲਾਨ ਹੋਇਆ ਹੈ। ਸਿਮਰਨ ਧਾਲੀਵਾਲ ਉੱਤੇ ਪਹਿਲਾਂ ਲਿਖੀਆਂ ਕਹਾਣੀਆਂ ਦੀ ਕਾਪੀ ਕਰਨ, ਉਨ੍ਹਾਂ ਦੇ ਥੀਮ, ਵਿਸ਼ੇ ਅਤੇ ਚਿਹਨਾਂ ਦਾ ਅਨੁਕਰਨ ਕਰਨ ਦੇ ਦੋਸ਼ ਲੱਗੇ ਹਨ। ਪਿੱਛੇ ਜਿਹੇ ਨਵਾਂ ਜ਼ਮਾਨਾਂ ਅਖ਼ਬਾਰ ਵਿੱਚ ਉਨ੍ਹਾਂ ਦੀ ਨਵੀਂ ਕਿਤਾਬ ਬਾਰੇ ਲਿਖੇ ਆਰਟੀਕਲ 'ਚ ਇਹ ਦੋਸ਼ ਸਤਿੰਦਰ ਸਿੰਘ ਰੈਬੀ ਨੇ ਪੂਰੇ ਤੱਥਾਂ ਦੇ ਆਧਾਰ 'ਤੇ ਲਗਾਏ ਸਨ। ਮਜ਼ੇ ਦੀ ਗੱਲ ਇਹ ਕਿ ਇਸ ਬਾਰੇ ਧਾਲੀਵਾਲ ਨੇ ਕੋਈ ਪ੍ਰਤੀਕਰਮ ਵੀ ਨਹੀਂ ਦਿੱਤਾ। ਕੋਈ ਇੱਕ ਦੂਜੇ ਦੀ ਕਹਾਣੀ ਉੱਤੇ ਦੋਸ਼ ਲਗਾਏ ਤਾਂ ਉਹ ਚੁੱਪ ਕਰਕੇ ਕਿਵੇਂ ਬੈਠ ਸਕਦਾ ਹੈ। ਦੂਜੀ ਗੱਲ ਕਿ ਇਨਾਮ ਦੇਣ ਵਾਲੀ ਤਿੰਨ ਮੈਂਬਰੀ ਜਿਊਰੀ 'ਚ ਸਾਡਾ ਦੋਸਤ ਵੀ ਸ਼ਾਮਲ ਹੈ ਜੋ ਇਸ ਸਾਰੇ ਵਰਤਾਰੇ ਬਾਰੇ ਵਾਕਫ਼ ਸੀ। ਜਦੋਂ ਇਸ ਤਰ੍ਹਾਂ ਦੇ ਇਨਾਮ ਦਿੱਤੇ ਜਾਂਦੇ ਹਨ ਤਾਂ ਦੇਣ ਵਾਲੇ ਅਦਾਰਿਆ ਦਾ ਕੱਦ ਹਮੇਸ਼ਾ ਨੀਂਵਾ ਹੁੰਦਾ ਹੈ।

**ਭਗਵੰਤ ਰਸੂਲਪੁਰੀ** (ਕੈਨੇਡਾ ਤੋਂ)

# ਕਹਾਣੀ / ਮਾੜਾ ਸੁਪਨਾ / ਪਰਮਜੀਤ ਮਾਨ

ਜੀਤੀ ਦੇ ਘਰ ਅੱਜ ਵਿਆਹ ਵਰਗਾ ਮਾਹੌਲ ਸੀ। ਵੈਸੇ ਸਹੀ ਮਾਹਨਿਆਂ 'ਚ ਦੇਖਿਆ ਜਾਵੇ ਤਾਂ ਇਹ ਘਰ, ਕਰਤਾਰ ਸਿੰਘ ਦਾ ਘਰ ਸੀ। ਜੀਤੀ ਤਾਂ ਕਰਤਾਰ ਸਿੰਘ ਦੀ ਪਿਆਰੀ ਤੇ ਲਾਡਲੀ ਬੇਟੀ ਦਾ ਨਾਮ ਸੀ। ਜੀਤੀ ਦਾ ਸੁਭਾਅ ਹਸਮੁੱਖ ਤੇ ਮਿਲਣਸਾਰ ਸੀ। ਦੂਸਰਾ ਆਲੇ-ਦੁਆਲੇ ਮੁਹੱਲੇ 'ਚ ਜੀਤੀ ਦਾ ਮੇਲ-ਜੋਲ ਐਨਾ ਜਿਆਦਾ ਸੀ ਕਿ ਇਹ ਘਰ ਜੀਤੀ ਦੇ ਘਰ ਨਾਲ ਹੀ ਜਾਣਿਆ ਜਾਣ ਲੱਗਾ ਸੀ। ਕਰਤਾਰ ਸਿੰਘ ਨੇ ਵੀ ਇਸਦਾ ਕਦੇ ਬੁਰਾ ਨਹੀਂ ਸੀ ਮਨਾਇਆ।

ਸਾਰੇ ਦੋਸਤ-ਮਿੱਤਰ, ਗਵਾਂਢੀ ਤੇ ਰਿਸ਼ਤੇਦਾਰ ਵੀ ਪਹੁੰਚੇ ਹੋਏ ਸੀ। ਅੱਜ ਜੀਤੀ ਘਰ ਜੁ ਆ ਰਹੀ ਸੀ। ਉਹ ਵੀ ਪੂਰੇ ਛੇ ਮਹੀਨੇ ਬਾਦ। ਰਾਜ ਨਾਲ ਸ਼ਾਦੀ ਤੋਂ ਬਾਦ ਪਹਿਲਾਂ ਤਾਂ ਉਹ ਪਟਿਆਲੇ ਹੀ ਰਹੀ ਸੀ, ਪਰ ਪਿਛਲੀ ਵਾਰ ਉਹ ਰਾਜ ਦੇ ਨਾਲ ਚਲੀ ਗਈ ਸੀ। ਅੱਜ ਉਹ ਦੋਵੇਂ ਵਾਪਸ ਆ ਰਹੇ ਸਨ ।

ਰਾਜ ਤੇ ਜੀਤੀ, ਦੋਵਾਂ ਦੇ ਪ੍ਰੀਵਾਰ ਪਟਿਆਲੇ ਵਿਚ ਹੀ ਰਹਿੰਦੇ ਸਨ, ਤੇ ਉਹਨਾਂ ਦੇ ਘਰ ਵਾਪਸ ਆਉਣ ਤੇ ਦੋਵੇਂ ਪ੍ਰੀਵਾਰ ਬਹੁਤ ਹੀ ਖੁਸ਼ ਸਨ। ਜੀਤੀ ਦੇ ਮੰਮੀ ਡੈਡੀ ਨੂੰ ਐਨੀ ਖੁਸ਼ੀ ਸੀ, ਕਿ ਉਨਾਂ ਨੇ ਵੱਡੀ ਪਾਰਟੀ ਦਾ ਪ੍ਰਬੰਧ ਕਰ ਰੱਖਿਆ ਸੀ। ਪਰ ਜੀਤੀ ਨੂੰ ਇਸ ਬਾਰੇ ਨਹੀਂ ਦੱਸਿਆ ਗਿਆ। ਰਾਜ ਦਾ ਪ੍ਰੀਵਾਰ ਵੀ ਜੀਤੀ ਦੇ ਘਰ ਪਹੁੰਚਿਆ ਹੋਇਆ ਸੀ। ਰਾਜ ਦੇ ਮੰਮੀ ਡੈਡੀ ਨਾਲ ਪਹਿਲਾਂ ਹੀ ਗੱਲ ਹੋ ਗਈ ਕਿ ਉਹ ਰਾਜ ਨੂੰ ਕੁਝ ਨਾ ਦੱਸਣ। ਆਪਾਂ ਦੋਵਾਂ ਨੂੰ ਸਰਪ੍ਰਾਈਜ਼ ਦੇਣਾ ਹੈ।

ਜੀਤੀ ਕਈ ਮਹੀਨਿਆਂ ਬਾਦ ਸਮੁੰਦਰੀ ਜਹਾਜ਼ 'ਚੋ ਵਾਪਸ ਆ ਰਹੀ ਸੀ। ਜੀਤੀ ਤੇ ਰਾਜ ਜਦ ਘਰ ਪਹੁੰਚੇ ਤਾਂ ਸਭ ਕੁਝ ਦੇਖ ਕੇ ਹੈਰਾਨ ਰਹਿ ਗਏ। ਜੀਤੀ ਤਾਂ ਸਾਰੇ ਰਾਹ ਇਹੀ ਸੋਚਦੀ ਆਈ ਸੀ ਕਿ ਘਰ ਪਹੁੰਚ ਕੇ ਆਪਣੀ ਮੰਮੀ ਕੋਲ ਬੈਠ ਬਹੁਤ ਸਾਰੀਆਂ ਗੱਲਾਂ ਕਰੇਗੀ ਤੇ ਜਹਾਜ਼ 'ਚ ਕੀ-ਕੀ ਹੋਇਆ-ਵਾਪਰਿਆ ਬਾਰੇ ਸਭ ਕੁਝ ਦੱਸੇਗੀ। ਪਰ ਘਰ 'ਚ ਆਹ ਐਨਾ ਵੱਡਾ ਸਵਾਗਤ ਦੇਖ ਉਹ ਤਾਂ ਸਭ ਕੁਝ ਹੀ ਭੁੱਲ ਗਈ। ਤੇ ਫਿਰ ਕਈ ਦਿਨਾਂ ਤੱਕ ਇਸ ਸਵਾਗਤ ਪਾਰਟੀ ਦੀਆਂ ਹੀ ਗੱਲਾਂ ਹੁੰਦੀਆਂ ਰਹੀਆਂ ਸਨ।

ਜੀਤੀ ਤੇ ਰਾਜ, ਦੋਵਾਂ ਨੂੰ ਸਮੁੰਦਰੀ ਜਹਾਜ਼ ਵਿਚੋ ਵਾਪਸ ਆਇਆਂ ਇੱਕ ਮਹੀਨਾ ਹੋਣ ਵਾਲਾ ਸੀ। ਅਜੇ ਦੋ ਸਾਲ ਪਹਿਲਾਂ ਦੀ ਹੀ ਗੱਲ ਸੀ, ਜਦ ਜੀਤੀ ਤੇ ਰਾਜ ਦੀ ਸ਼ਾਦੀ (ਲਵ-ਮੈਰਿਜ) ਹੋਈ ਸੀ। ਰਾਜ ਮਰਚੈਂਟ-ਨੇਵੀ ਵਿੱਚ ਡੈਕ-ਅਫਸਰ ਸੀ। ਵਿਆਹ ਤੋਂ ਕੁਝ ਚਿਰ ਬਾਦ ਰਾਜ ਜਹਾਜ਼ ਵਿਚ ਨੌਕਰੀ ਤੇ ਚਲਾ ਗਿਆ ਸੀ। ਜੀਤੀ ਪਿੱਛੇ ਇਕੱਲੀ ਰਹਿ ਗਈ ਸੀ। ਉਹ ਕਦੇ ਸਹੁਰੇ ਘਰ ਚਲੀ ਜਾਂਦੀ, ਕੁਝ ਦਿਨ ਬਾਦ ਵਾਪਸ ਆਪਣੇ ਘਰ ਆ ਜਾਂਦੀ। ਉਸਨੂੰ ਕਿਧਰੇ ਵੀ ਕੋਈ ਰੋਕ-ਟੋਕ ਨਹੀਂ ਸੀ। ਪਰ ਹੁਣ ਆਪਣੇ ਘਰ ਵੀ ਉਸਦਾ ਜੀਅ ਨਹੀਂ ਸੀ ਲੱਗਦਾ। ਉਹ ਹੈਰਾਨ ਹੁੰਦੀ ਕਿ ਸਭ ਕੁਝ ਉਹੀ ਤਾਂ ਹੈ, ਫਿਰ ਇਹ ਸੁੰਨਾਪਣ ਤੇ ਖਾਲੀਪਣ ਕਿਉਂ। ਰਾਜ ਬਿਨਾ ਸਭ ਕੁਝ ਸੁੰਨਾ-ਸੁੰਨਾ ਲੱਗਦਾ ਸੀ।



ਸ਼ਾਦੀ ਤੋਂ ਬਾਦ ਜਦ ਰਾਜ ਜਹਾਜ਼ ਵਿਚ ਗਿਆ, ਤਾਂ ਜੀਤੀ ਕਈ ਦਿਨਾਂ ਤੱਕ ਉਸਨੂੰ ਯਾਦ ਕਰ-ਕਰ ਰੋਈ ਵੀ ਸੀ। ਓਧਰ ਰਾਜ ਦਾ ਵੀ ਏਹੋ ਹਾਲ ਸੀ। ਜਹਾਜ਼ ਵਿਚ ਜਾਣ ਤੋਂ ਬਾਦ ਰਾਜ ਨੂੰ ਅਹਿਸਾਸ ਹੋਇਆ, ਕਿ ਉਸ ਨੂੰ ਹੁਣ ਜੀਤੀ ਬਿਨਾਂ ਇਕੱਲਾ ਰਹਿਣਾ ਕਿੰਨਾਂ ਮੁਸ਼ਕਲ ਲੱਗਦਾ ਸੀ। ਕੁਝ ਮਹੀਨਿਆ ਬਾਦ ਰਾਜ ਵਾਪਸ ਆ ਗਿਆ। ਹੁਣ ਉਹ ਜੀਤੀ ਨੂੰ ਨਾਲ ਲੈ ਕੇ ਜਾਣਾ ਚਾਹੁੰਦਾ ਸੀ। ਰਾਜ ਨੇ ਜੀਤੀ ਨੂੰ ਵਿਆਹ ਤੋਂ ਪਹਿਲਾਂ ਵੀ ਤੇ ਬਾਦ ਵਿੱਚ ਵੀ, ਸਮੁੰਦਰ ਬਾਰੇ, ਜਹਾਜ਼ਾਂ ਬਾਰੇ, ਉਥੋ ਦੀ ਜਿੰਦਗੀ ਬਾਰੇ, ਤੇ ਹੋਰ ਬਹੁਤ ਕੁਝ ਦੱਸਿਆ ਸੀ। ਇਹ ਵੀ ਦੱਸਿਆ ਸੀ ਕਿ ਹੋਰ ਅਫਸਰ ਵੀ ਆਪਣੀ ਘਰਵਾਲੀ ਨੂੰ ਨਾਲ ਲੈ ਜਾਂਦੇ ਹਨ ਤੇ ਉਥੇ ਕੋਈ ਖਤਰਾ ਨਹੀਂ ਹੈ । ਘੁੰਮ ਫਿਰ ਕੇ ਦੁਨੀਆਂ ਦੇਖਣ ਦਾ ਆਪਣਾ ਹੀ ਮਜ਼ਾ ਹੈ। ਨਾਲੇ ਹੁਣ ਰਾਜ ਇਕੱਲਾ ਨਹੀਂ ਰਹਿਣਾ ਚਾਹੁੰਦਾ ਸੀ। ਜੀਤੀ ਦਾ ਵੀ ਏਹੋ ਹਾਲ ਸੀ। ਉਹ ਜਾਣਾ ਵੀ ਚਾਹੁੰਦੀ ਸੀ, ਪਰ ਜਹਾਜ਼ ਵਿਚ ਜਾਣ ਤੋਂ ਡਰਦੀ ਵੀ ਸੀ।

ਭਾਵੇਂ ਸਮੁੰਦਰੀ ਜ਼ਿੰਦਗੀ ਬਾਰੇ ਰਾਜ ਨੇ ਉਸਨੂੰ ਜੋ ਵੀ ਜਾਣਕਾਰੀ ਦਿੱਤੀ ਸੀ, ਉਹ ਸਹੀ ਸੀ ਪਰ ਉਸਨੇ ਟੀ.ਵੀ. ਉਪਰ ਸਮੁੰਦਰਾਂ ਵਿਚ ਉਠਦੀਆਂ ਲਹਿਰਾਂ ਤੇ ਡਿਕ-ਡੋਲੇ ਖਾਂਦੇ ਜਹਾਜ਼ ਵੀ ਵੇਖੇ ਸਨ। ਤੂਫਾਨੀ ਲਹਿਰਾਂ ਨੂੰ ਦੇਖ ਕੇ ਉਹ ਘਬਰਾ ਜਾਂਦੀ ਸੀ। ਇਸੇ ਲਈ ਜਹਾਜ਼ 'ਚ ਜਾਣ ਤੋਂ ਉਸਨੂੰ ਬੜਾ ਡਰ ਲੱਗਦਾ ਸੀ। ਪਰ ਰਾਜ ਦੇ ਵਾਰ ਵਾਰ ਕਹਿਣ ਤੇ ਉਹ ਨਾਲ ਜਾਣ ਲਈ ਰਾਜ਼ੀ ਹੋ ਗਈ ਸੀ। ਦੂਸਰੀ ਵਾਰ ਰਾਜ ਜਦ ਛੁੱਟੀ ਕੱਟ ਕੇ ਵਾਪਸ ਗਿਆ, ਤਾਂ ਜੀਤੀ ਵੀ ਨਾਲ ਚਲੀ ਗਈ ਸੀ।

ਜੀਤੀ ਤੇ ਰਾਜ ਛੇ ਮਹੀਨੇ ਜਹਾਜ਼ 'ਚ ਇਕੱਠੇ ਰਹੇ ਸਨ। ਹੁਣ ਉਹ ਘਰ ਵਾਪਸ ਪਹੁੰਚ ਚੁੱਕੇ ਸਨ। ਇੱਕ ਦਿਨ ਜੀਤੀ ਨੂੰ ਖਿਆਲ ਆਇਆ ਕਿ ਉਸਦਾ ਤਾਂ ਪੀਰੀਅਡ ਟੱਪ ਚੁੱਕਾ ਹੈ। ਉਹ ਚੈਕ-ਅੱਪ ਕਰਾਉਣ ਲਈ ਫੈਮਲੀ ਡਾਕਟਰ ਕੋਲ ਗਏ। ਚੈਕ ਕਰਨ ਉਪਰੰਤ ਡਾਕਟਰ ਨੇ ਦੋਵਾਂ ਨੂੰ ਵਧਾਈ ਦਿੱਤੀ ਤੇ ਨਾਲ ਹੀ ਕੁਝ ਖਾਸ ਹਦਾਇਤਾਂ ਵੀ ਦਿੱਤੀਆਂ। ਚੈਕ ਕਰਾਉਣ ਤੇ ਪਤਾ ਲੱਗਾ ਸੀ ਕਿ ਜੀਤੀ ਮਾਂ ਬਣਨ ਵਾਲੀ ਹੈ। ਘਰ ਆ ਕੇ ਪ੍ਰੀਵਾਰ ਨੂੰ ਜਦ ਇਹ ਖਬਰ ਦੱਸੀ ਗਈ, ਤਾਂ ਦੋਵਾਂ ਪ੍ਰੀਵਾਰਾ ਲਈ ਇਹ ਹੋਰ ਵੀ ਖੁਸ਼ੀ ਦੀ ਗੱਲ ਸੀ। ਦੋਵਾਂ ਘਰਾਂ ਵਿਚ ਹੁਣ ਹੋਰ ਵੀ ਖੁਸ਼ੀ ਦਾ ਮਾਹੌਲ ਸੀ।

ਖੁਸ਼ੀ ਦੇ ਦਿਨ ਹਮੇਸ਼ਾਂ ਜਲਦੀ ਲੰਘ ਜਾਂਦੇ ਹਨ। ਕੁਝ ਕੁ ਦਿਨਾਂ ਬਾਦ ਹੀ ਸਭ ਨੂੰ ਹੁਣ ਇੱਕ ਨਵਾਂ ਫਿਕਰ ਹੋ ਗਿਆ ਸੀ। ਰਾਜ ਦੀ ਛੁੱਟੀ ਖਤਮ ਹੋ ਰਹੀ ਸੀ। ਰਾਜ ਨੇ ਤਾਂ ਫਿਰ ਜਹਾਜ਼ ਵਿਚ ਵਾਪਸ ਜਾਣਾ ਹੈ। ਇਸ ਹਾਲ ਵਿੱਚ ਹੁਣ ਜੀਤੀ ਨਾਲ ਨਹੀਂ ਜਾ ਸਕਦੀ ਸੀ। ਐਸੀ ਹਾਲਤ ਵਿੱਚ ਰਾਜ ਵੀ ਚਾਹੁੰਦਾ ਸੀ, ਜੀਤੀ ਹੁਣ ਮੰਮੀ ਡੈਡੀ ਦੀ ਦੇਖ-ਰੇਖ ਹੇਠ ਹੀ ਰਹੇ। ਵੱਡਾ ਫਿਕਰ ਜੀਤੀ ਨੂੰ ਸੀ। ਜੀਤੀ ਚਾਹੁੰਦੀ ਸੀ ਕਿ ਰਾਜ ਹੁਣ ਵਾਪਸ ਨਾ ਜਾਵੇ। ਬੱਚਾ ਹੋਣ ਤੱਕ ਉਸ ਦੇ ਕੋਲ ਹੀ ਰਹੇ। ਪਰ ਸੱਤ ਮਹੀਨੇ ਦੇ ਲੱਗਭਗ ਲੰਬਾ ਸਮਾਂ ਉਹ ਘਰ ਕਿਵੇਂ ਬੈਠ ਸਕਦਾ ਸੀ। ਫੈਸਲਾ ਹੋਇਆ ਕਿ ਰਾਜ ਜਲਦੀ, ਜਹਾਜ਼ ਵਿਚ ਵਾਪਸ ਡਿਊਟੀ ਤੇ ਚਲਾ ਜਾਵੇ ਤੇ ਫਿਰ ਚਾਰ ਮਹੀਨੇ ਲਾ ਕੇ ਆ ਜਾਵੇ। ਪ੍ਰਾਈਵੇਟ ਜਹਾਜ਼ੀ ਕੰਪਨੀਆਂ ਵਿਚ ਇਸ ਤਰ੍ਹਾਂ ਐਡਜੈਸਟਮੈਂਟ ਹੋ ਜਾਂਦੀ ਹੈ।

ਸੋ ਮਹੀਨੇ ਕੁ ਬਾਦ ਰਾਜ ਵਾਪਸ ਜਹਾਜ਼ ਵਿਚ ਚਲਾ ਗਿਆ। ਜੀਤੀ ਕੁਝ ਦਿਨ ਸਹੁਰੇ ਘਰ ਰਹਿ ਕੇ ਵਾਪਸ ਆਪਣੀ ਮਾਂ ਦੇ ਘਰ ਆ ਗਈ। ਅਸਲ ਵਿਚ ਰਾਜ ਤੋਂ ਬਿਨਾਂ ਜੀਤੀ ਦਾ ਮਨ ਕਿਧਰੇ ਵੀ ਨਹੀਂ ਸੀ ਲੱਗਦਾ। ਉਸਨੂੰ ਰਾਜ ਦੀ ਬਹੁਤ ਯਾਦ ਆਉਂਦੀ ਸੀ। ਉਹ ਸੋਚਦੀ ਇਸ ਘਰ ਵਿਚ ਤਾਂ ਉਹ ਜੰਮੀ, ਪਲੀ, ਵੱਡੀ ਹੋਈ, ਵਿਆਹ ਹੋਇਆ, ਤੇ ਹੋਰ ਕਿੰਨਾਂ ਕੁਝ ਹੁੰਦਾ ਰਿਹਾ ਸੀ। ਪਰ ਹੁਣ ਇਹ ਘਰ ਵੀ ਤੇ ਇਹ ਜ਼ਿੰਦਗੀ ਵੀ ਰਾਜ ਬਿਨਾਂ ਸੁੰਨੀ-ਸੁੰਨੀ ਕਿਉਂ ਲੱਗ ਰਹੀ ਹੈ। ਮੈਂ ਹਰ ਵਕਤ ਰਾਜ ਦੀਆਂ ਬਾਹਾਂ ਦਾ ਸਹਾਰਾ ਕਿਉਂ ਲੋਚਦੀ ਹਾਂ।

ਇਕ ਰਾਤ ਕਰੀਬ ਢਾਈ ਤਿੰਨ ਵਜੇ ਦਾ ਟਾਇਮ ਸੀ। ਸਭ ਆਪੋ-ਆਪਣੇ ਕਮਰਿਆਂ ਵਿਚ ਸੁੱਤੇ ਪਏ ਸਨ। ਜੀਤੀ ਦੇ ਕਮਰੇ 'ਚੋ ਆਵਾਜ਼ ਆਉਣ ਲੱਗੀ। ਉਹ ਜੋਰ ਲਾ ਲਾ ਕੇ ਬੋਲ ਰਹੀ ਸੀ । ਆਵਾਜ਼ ਡਰ ਤੇ ਸਹਿਮ ਭਰੀ ਸੀ। ਓਅ....ਓਅ...ਓਅ....ਨਾ ਮਾਰੋ.....ਨਾ ਮਾਰੋ......ਓਅ.....ਨਾ ਮਾਰੋ। ਆਵਾਜ਼ ਕੁਝ ਇਸ ਤਰ੍ਹਾਂ ਸੀ ਜਿਵੇ ਕਿਸੇ ਨੇ ਜੀਤੀ ਦਾ ਗਲਾ ਦਬਾ ਦਿੱਤਾ ਹੋਵੇ, ਤੇ ਉਸ ਦੱਬੇ ਗਲੇ 'ਚੋ ਆ ਰਹੀ ਹੋਵੇ। ਜੀਤੀ ਦੀ ਮਾਂ ਹਰਬੰਸ ਕੌਰ ਉਭੜ ਵਾਹ ਉਠੀ, ਤੇ ਭੱਜ ਕੇ ਜੀਤੀ ਦੇ ਕੋਲ ਗਈ। ਉਥੇ ਕੋਈ ਵੀ ਨਹੀਂ ਸੀ। ਜੀਤੀ ਬੈੱਡ ਤੇ ਪਈ ਇਕੱਲੀ ਹੀ ਬੋਲੀ ਜਾ ਰਹੀ ਸੀ। ਜੀਤੀ....ਜੀਤੀ....ਉਸਨੇ ਜੀਤੀ ਨੂੰ ਮੋਢੇ ਤੋਂ ਫੜ ਕੇ ਹਲੂਣਿਆ ਤੇ ਆਵਾਜ਼ ਵੀ ਦਿੱਤੀ। ਜੀਤੀ ਦੀ ਅੱਖ ਖੁੱਲ ਗਈ। ਉਹ ਡਰੀ ਤੇ ਸਹਿਮੀ ਹੋਈ ਸੀ। ਪਰ ਮਾਂ ਨੂੰ ਆਪਣੇ ਕੋਲ ਦੇਖ, ਉਸਨੇ ਰਾਹਤ ਮਹਿਸੂਸ ਕੀਤੀ।

ਕੀ ਹੋਇਆ ਜੀਤੀ ? ਤੂੰ ਠੀਕ ਤਾਂ ਹੈਂ ? ਕੋਈ ਮਾੜਾ ਸੁਪਨਾ ਦੇਖਿਆ ? ਹਰਬੰਸ ਕੌਰ ਨੇ ਉਸਦੇ ਸਰਾਨ੍ਹੇ ਕੋਲ ਬੈਠ, ਜੀਤੀ ਨੂੰ ਬੁਕਲ ਵਿਚ ਲੈ ਲਿਆ ਤੇ ਕਈ ਸਵਾਲ ਇਕੱਠੇ ਹੀ ਕੀਤੇ। ਜੀਤੀ ਕੁਝ ਨਾ ਬੋਲੀ ਤੇ ਪਹਿਲਾਂ ਸਰਾਣੇ ਕੋਲ ਪਏ ਪਾਣੀ ਦੇ ਗਿਲਾਸ 'ਚੋ ਪਾਣੀ ਪੀਤਾ। ਮਾਂ ਵੀ ਕੋਲ ਬੈਠੀ ਸੀ। ਉਸਨੂੰ ਤਸੱਲੀ ਹੋਈ ਕਿ ਉਹ ਤਾਂ ਆਪਣੇ ਘਰ ਵਿਚ ਹੈ। ਹੁਣ ਉਹ ਠੀਕ ਸੀ। ਮਾਂ ਨੇ ਫਿਰ ਪੁਛਿਆ ਕਿ ਕੀ ਗੱਲ ਸੀ, ਪੁੱਤ ਤੂੰ ਬੋਲਦੀ ਕਿਉਂ ਨਹੀਂ। ਪਹਿਲਾਂ ਵੀ ਇੱਕ ਦਿਨ ਰਾਤ ਨੂੰ ਤੂੰ ਬੋਲੀ ਜਾਂਦੀ ਸੀ । ਪਰ ਮੈਂ ਗੱਲ ਆਈ ਗਈ ਕਰ ਦਿੱਤੀ ਸੀ। ਦੂਸਰੇ ਦਿਨ ਸਵੇਰੇ ਤੇਰੇ ਡੈਡੀ ਵੀ ਪੁੱਛਦੇ ਸੀ, ਕਿ ਜੀਤੀ ਰਾਤ ਕੁਝ ਬੋਲੀ ਜਾਂਦੀ ਸੀ। ਕਿਸ ਨਾਲ ਗੱਲ ਕਰਦੀ ਸੀ ?

ਇਹ ਸੱਚ ਸੀ ਕਿ ਇਸ ਤਰ੍ਹਾਂ ਦਾ ਦਬਾਅ, ਜੀਤੀ ਨੂੰ ਪਹਿਲਾਂ ਵੀ ਦੋ-ਤਿੰਨ ਵਾਰ ਪੈ ਚੁੱਕਾ ਸੀ। ਪਰ ਜੀਤੀ ਨੇ ਆਪਣੀ ਮੰਮੀ ਨੂੰ ਇਹ ਕਹਿ ਟਾਲ ਦਿੱਤਾ ਸੀ ਕਿ ਕੁਝ ਨਹੀਂ, ਬੱਸ ਐਂਵੇ ਹੀ ਸੁਪਨਾ ਸੀ, ਮੈਂ ਠੀਕ ਹਾਂ। ਪਰ ਅੱਜ ਉਸਦੀ ਮੰਮੀ ਜਾ ਕੇ ਸੌਣ ਦੀ ਬਜਾਏ ਜੀਤੀ ਦੇ ਮੰਜੇ ਤੇ ਜੰਮ ਕੇ ਬੈਠ ਗਈ ਸੀ ਤੇ ਪੁੱਛ ਰਹੀ ਸੀ, "ਤੂੰ ਕੀ ਦੇਖਿਆ ਤੇ ਕੀ ਹੋਇਆ, ਕੁਝ ਦੱਸ ਤਾਂ ਸਹੀ।"

ਜੀਤੀ ਥੋੜਾ ਠੀਕ ਹੋ ਕੇ ਬੈਠ ਗਈ ਤੇ ਦੱਸਣ ਲੱਗੀ।

"ਮੰਮੀ ਮੈਨੂੰ ਇਹ ਤਾਂ ਨੀ ਪਤਾ ਕਿ ਇਹਨੂੰ ਦਬਾਅ ਕਹਿੰਦੇ ਨੇ ਜਾਂ ਕੀ। ਮੇਰੇ ਲਈ ਤਾਂ ਇਹ ਸੁਪਨਾ ਹੀ ਸੀ, ਪਰ ਮੰਮੀ ਸੀ ਬੜਾ ਡਰਾਵਨਾ ਤੇ ਮੈਂ ਬਹੁਤ ਡਰ ਵੀ ਗਈ ਸੀ। ਮੈਂ ਦੇਖਿਆ ਕਿ ਮੈਂ ਤੇ ਰਾਜ ਜਹਾਜ਼ ਵਿਚ ਡੈਕ ਤੇ ਖੜੇ ਹਾਂ। ਅਚਾਨਕ ਚਾਰ-ਪੰਜ



ਡਾਕੂ ਸਾਡੇ ਕੋਲ ਆਏ ਤੇ ਰਾਜ ਨੂੰ ਮਾਰਨ ਲੱਗ ਪਏ। ਮੈਂ ਘਬਰਾ ਜਾਂਦੀ ਹਾਂ ਤੇ ਚੀਕਣ ਲੱਗ ਜਾਂਦੀ ਹਾਂ। ਇਹ ਸੁਪਨਾ ਸੀ। "

ਹਰਬੰਸ ਕੌਰ ਹੈਰਾਨ ਹੋ ਕੇ ਬੋਲੀ, "ਹੈਂਅ! ਜਹਾਜ਼ ਦਾ ਸੁਪਨਾ। ਡਾਕੂ ਰਾਜ ਨੂੰ ਮਾਰਨ ਲੱਗ ਪਏ। ਜਹਾਜ਼ ਵਿਚ ਡਾਕੂ ਵੀ ਆ ਜਾਂਦੇ ਹਨ। "

"ਹਾਂ ਮੰਮੀ ਆ ਜਾਂਦੇ ਹਨ। ਇਕ ਵਾਰ ਮੇਰੇ ਹੁੰਦੇ ਵੀ ਆ ਗਏ ਸੀ।"

ਜੀਤੀ ਨੇ ਜਵਾਬ ਦਿੱਤਾ।

"ਵਾਹਿਗੁਰੂ-ਵਾਹਿਗੁਰੂ। ਮਿਹਰ ਕਰੀਂ ਰੱਬਾ! ਹਰਬੰਸ ਕੌਰ ਦੇ ਮੂੰਹੋਂ ਇਸ ਤਰ੍ਹਾਂ ਨਿਕਲਿਆ, ਜਿਵੇਂ ਉਸ ਦਾ ਸਾਹ ਚੜ ਗਿਆ ਹੋਵੇ। ਤੇਰੇ ਹੁੰਦੇ ਵੀ ਡਾਕੂ ਆ ਗਏ ਸੀ....ਪਰ ਤੂੰ ਕਦੇ ਦੱਸਿਆ ਤਾਂ ਨਹੀਂ ?"

"ਕੀ ਦੱਸਦੀ ਮੰਮੀ। ਸਾਡੇ ਨਾਲ ਤਾਂ ਜੋ ਹੋਈ ਸੋ ਹੋਈ, ਤੁਹਾਨੂੰ ਏਥੇ ਵਾਧੂ ਚਿੰਤਾ ਲੱਗ ਜਾਂਦੀ।"

"ਉਦੋਂ ਨਹੀਂ ਸੀ ਦੱਸਿਆ ਹੁਣ ਆ ਕੇ ਤਾਂ ਦੱਸ ਦਿੰਦੀ। ਮੈਨੂੰ ਦੱਸਦੀ ਜਾਂ ਆਪਣੇ ਡੈਡੀ ਨੂੰ ਦੱਸਦੀ। ਕਿਸੇ ਨੂੰ ਤਾਂ ਦੱਸਦੀ। ਐਨਾ ਚਿਰ ਆਈ ਨੂੰ ਹੋ ਗਿਆ, ਤੇ ਤੂੰ ਇਹ ਗੱਲ ਦਿਲ 'ਚ ਹੀ ਲਈ ਫਿਰਦੀ ਹੈਂ। ਅਜਿਹੀ ਗੱਲ ਦੱਸਣੀ ਚਾਹੀਦੀ ਹੈ। ਦਿਲ 'ਚ ਨੀ ਰੱਖਣੀ ਚਾਹੀਦੀ। ਇਹ ਤਾਂ ਉਹੀ ਡਰ ਤੇਰੇ ਮਨ ਤੇ ਬੈਠਾ ਹੈ। ਜਰਾ ਠੀਕ ਹੋ ਕੇ ਬੈਠ, ਮੈਂ ਤੇਰੇ ਕੋਲ ਬੈਠ ਕੇ ਪਾਠ ਕਰਦੀ ਹਾਂ। ਫਿਰ ਤੈਨੂੰ ਕੋਈ ਡਰ ਨੀ ਲੱਗਣਾ।"

"ਨਹੀਂ ਮੰਮੀ। ਪਹਿਲਾਂ ਮੈਂ ਉਹ ਸਾਰੀ ਗੱਲ, ਜੋ ਜਹਾਜ਼ ਵਿਚ ਵਾਪਰੀ ਸੀ ਅੱਜ ਤੈਨੂੰ ਦੱਸਦੀ ਹਾਂ। ਦੱਸਕੇ ਸ਼ਾਇਦ ਮੇਰਾ ਮਨ ਵੀ ਹਲਕਾ ਹੋ ਜਾਵੇ।"

"ਠੀਕ ਹੈ, ਗੱਲ ਮਨ 'ਚੋ ਕੱਢ ਦੇਣੀ ਚਾਹੀਦੀ ਹੈ। ਪਰ ਰੁਕ, ਮੈਂ ਤੇਰੇ ਡੈਡੀ ਨੂੰ ਵੀ ਜਗਾ ਲੈਂਦੀ ਹਾਂ।"

"ਨਹੀਂ ਮੰਮੀ, ਡੈਡੀ ਨੂੰ ਪਏ ਰਹਿਣ ਦੇ.....ਉਹਨਾਂ ਦੇ ਸੁਭਾਅ ਨੂੰ ਆਪਾਂ ਜਾਣਦੇ ਹੀ ਹਾਂ। ਗੱਲ ਸੁਣ ਕੇ ਹੁਣੇ ਭੜਕ ਜਾਣਗੇ। ਉਹਨਾਂ ਨੂੰ ਪਏ ਹੀ ਰਹਿਣ ਦੇ।"

"ਠੀਕ ਹੈ, ਪਰ ਤੇਰਾ ਡੈਡੀ ਦਿਲ ਦਾ ਨੀ ਮਾੜਾ। ਜਦੋਂ ਤੂੰ ਜਹਾਜ਼ ਵਿੱਚ ਸੀ, ਰੋਜ਼ ਤੈਨੂੰ ਯਾਦ ਕਰਦਾ ਸੀ। ਹਰ ਵਕਤ ਤੇਰਾ ਹੀ ਫਿਕਰ ਕਰਦਾ ਰਹਿੰਦਾ ਸੀ। "ਉਹ ਦੋਵੇਂ ਮਾਵਾਂ ਧੀਆਂ ਠੀਕ ਹੋਕੇ ਬੈਠ ਜਾਂਦੀਆਂ ਹਨ। ਜੀਤੀ ਦੱਸਣਾ ਸ਼ੁਰੂ ਕਰਦੀ ਹੈ।

ਤਿੰਨ ਕੁ ਮਹੀਨੇ ਪਹਿਲਾਂ ਦੀ ਗੱਲ ਹੈ ਜਦੋਂ ਮੈਂ ਤੇ ਰਾਜ, ਅਸੀਂ ਦੋਵੇਂ ਜਹਾਜ਼ ਵਿਚ ਸੀ। ਇਕ ਦਿਨ ਰਾਜ ਡੈਕ ਤੇ ਕੰਮ ਕਰ ਰਿਹਾ ਸੀ, ਤੇ ਮੈਂ ਆਪਣੀ ਕੈਬਿਨ ਵਿਚ ਪਈ ਆਰਾਮ ਕਰ ਰਹੀ ਸੀ। ਅਚਾਨਕ ਰਾਜ, ਭੱਜਾ-ਭੱਜਾ ਕੈਬਿਨ ਵਿਚ ਆਇਆ। ਉਹ ਸਹਿਮਿਆਂ ਹੋਇਆ ਸੀ ਤੇ ਉਸ ਦੀ ਇਕ ਬਾਂਹ ਵਿਚੋ ਖੂਨ ਵਹਿ ਰਿਹਾ ਸੀ। ਉਸਨੂੰ ਦੇਖਦੇ ਹੀ ਮੇਰੇ ਹੋਸ਼ ਉਡ ਗਏ। ਅੱਖਾਂ ਵਿਚ ਹੰਝੂ ਭਰ ਆਏ ਤੇ ਮੈਂ ਰੋਣਹਾਕੀ ਹੋ ਕੇ ਪੁੱਛਿਆ, ਆਹ ਕੀ ?

"ਕੁਝ ਨੀ। ਚੁੱਪ ਕਰ ਜਾ ਬੱਸ.....ਦਰਵਾਜ਼ਾ ਬੰਦ ਕਰ ਲੈ.....ਜਹਾਜ਼ 'ਤੇ ਡਾਕੂਆਂ ਦਾ ਹਮਲਾ ਹੋ ਗਿਆ", ਹਫਦੇ ਹਫਦੇ ਰਾਜ ਨੇ ਮੈਨੂੰ ਦੱਸਿਆ।

"ਹਮਲਾ ਹੋ ਗਿਆ! ਕਾਹਦਾ ਹਮਲਾ ? ਮੈਂ ਹੋਰ ਡਰ ਗਈ। ਮੈਨੂੰ ਕੁਝ ਸੁੱਝੇ ਹੀ

ਨਾ। ਸਭ ਅਕਲ ਸਿਆਣਪ ਪਤਾ ਨੀ ਕਿਧਰ ਗੁੰਮ ਹੋ ਗਈ। ਜ਼ਖ਼ਮੀ ਰਾਜ ਨੂੰ ਹੌਸਲਾ ਦੇਣ ਦੀ ਬਜਾਏ, ਉਸ ਨੂੰ ਓਲਾਂਭੇ ਦੇਣ ਲੱਗ ਪਈ। ਉਸ ਨਾਲ ਲੜਨ ਲੱਗ ਪਈ।

"ਕੀ ਆਹ ਕੁਝ ਦਿਖਾਉਣ ਨੂੰ ਮੈਨੂੰ ਜਹਾਜ਼ 'ਚ ਲਿਆਂਦਾ ਸੀ। ਜਿੱਦਣ ਦੀ ਜਹਾਜ 'ਚ ਆਈ ਹਾਂ, ਸਿਰ ਚੱਕਰ ਖਾਂਦਾ ਰਹਿੰਦਾ ਹੈ, ਸਾਰਾ ਜਹਾਜ ਡਿੱਕ ਡੋਲੇ ਖਾਂਦਾ ਰਹਿੰਦੇ ,ਕੈਬਿੰਨ ਚੋ ਬਾਹਰ ਨਿਕਲਣ ਨੂੰ ਜੀਅ ਨਹੀਂ ਕਰਦਾ,ਚਾਰ ਚੁਫੇਰੇ ਪਾਣੀ ਹੀ ਪਾਣੀ ਤੇ ਸਮੁੰਦਰ ਦੀਆਂ ਲਹਿਰਾਂ। ਏਥੇ ਨਾ ਕੋਈ ਧਰਤੀ ਦਿਸਦੀ ਹੈ ਤੇ ਨਾ ਦਰਖਤ। ਨਾ ਜਨੌਰ ,ਨਾ ਬੰਦਾ। ਮੈਨੂੰ ਤਾਂ ਹੌਲ ਪੈਂਦੇ ਰਹਿੰਦੇ ਨੇ। ਕਿਤੇ ਏਥੇ ਪਾਣੀ 'ਚ ਹੀ ਨਾ ਡੁੱਬ ਕੇ ਮਰ ਜਾਈਏ। ਏਥੇ ਕਿਹੜੇ ਅਰਥੀਆਂ ਨੂੰ ਮੋਢੇ ਲੱਗਣਗੇ ,ਕਿਹੜੇ ਸਸਕਾਰ ਹੋਣਗੇ ਤੇ ਕਿਹੜੇ ਫੁੱਲ ਚੁਗੇ ਜਾਣਗੇ। ਮੈਂ ਤਾਂ ਪਹਿਲਾ ਹੀ ਕਿਹਾ ਸੀ ਕਿ ਮੈਂ ਜਹਾਜ਼ 'ਚ ਨਹੀਂ ਜਾਣਾ। ਅਖੇ ਘੁੰਮਕੇ ਦੁਨੀਆਂ ਦੇਖਾਂਗੇ। ਆਹ ਦਿਖਾ ਤੀ ਦੁਨੀਆਂ।"

ਮੈਂ ਰਾਜ ਨਾਲ ਝਗੜ ਰਹੀ ਸੀ। ਪਰ ਰਾਜ ਚੁੱਪ ਸੀ, ਬਿਲਕੁੱਲ ਚੁੱਪ। ਮੈਂ ਕੁਝ ਵੀ ਬੋਲੀ ਜਾ ਰਹੀ ਸੀ ਤੇ ਨਾਲੇ ਰੋਈ ਜਾ ਰਹੀ ਸੀ।

ਫਿਰ ਕੁਝ ਹੋਸ਼ ਆਈ। ਰਾਜ ਅਜੇ ਵੀ ਬਾਂਹ ਫੜੀ ਖੜਾ ਸੀ। ਪਹਿਲਾਂ ਦਰਵਾਜਾ ਬੰਦ ਕੀਤਾ। ਫਿਰ ਝੱਟ ਹੀ ਆਪਣੀ ਚੁੰਨੀ ਪਾੜ ਕੇ ਰਾਜ ਦੀ ਬਾਹ ਦੁਆਲੇ ਲਪੇਟਣੀ ਸ਼ੁਰੂ ਕੀਤੀ। ਨਾਲੇ ਚੁੰਨੀ ਲਪੇਟੀ ਜਾ ਰਹੀ ਸੀ ਨਾਲੇ ਰੋਈ ਜਾ ਰਹੀ ਸੀ।

ਰਾਜ ਥੋੜਾ ਖਿਝ ਗਿਆ। ਜੀਤੀ ਕਿਉਂ ਕਮਲੀ ਹੋਈ ਏ। ਆਪਾਂ ਕਿਹੜਾ ਜਹਾਜ਼ ਵਿਚ ਕੱਲੇ ਹਾਂ। ਆਪਣੇ ਨਾਲ ਹੋਰ ਵੀ ਸਾਰੇ ਹੈਗੇ ਹੀ ਨੇ। ਜਿਹੜੀ ਹੋਰਾ ਨਾਲ ਹੋਊ, ਉਹੀ ਆਪਣੇ ਨਾਲ ਹੋਣੀ ਹੈ, ਹੌਸਲਾ ਰੱਖ। ਰਾਜ ਮੈਨੂੰ ਹੌਸਲਾ ਰੱਖਣ ਲਈ ਕਹਿ ਰਿਹਾ ਸੀ।

"ਰਾਜ ਇਹ ਵੀ ਕੋਈ ਜਿੰਦਗੀ ਐ ? ਕੀ ਨੌਕਰੀ ਹੈ ਇਹ ? ਕੋਈ ਭੈਣ ਭਰਾ, ਚਾਚਾ ਤਾਇਆ, ਹੈ ਇਥੇ, ਜਿਹਦੇ ਨਾਲ ਗੱਲ ਕਰ ਸਕੀਏ। ਆਪਣਾ ਦੁਖ ਸਾਂਝਾ ਕਰ ਸਕੀਏ । ਕਿਸੇ ਮਾਂ, ਭੂਆ, ਮਾਸੀ, ਚਾਚੀ, ਤਾਈ ਦੇ ਗਲ ਲੱਗ ਸਕੀਏ। ਭਾਵੇਂ ਰੋ ਕੇ ਹੀ ਸਹੀ, ਪਰ ਆਪਣਾ ਢਿੱਡ ਤਾਂ ਕਿਸੇ ਕੋਲ ਹੌਲਾ ਕਰ ਸਕੀਏ ।"

"ਕੋਈ ਨੀ ਮਰਨ ਲੱਗਾ ਮੈਂ। ਐਵੇਂ ਨਾ ਦਿਲ ਛੋਟਾ ਕਰੀ ਜਾ। ਇਹ ਤਾਂ ਪਤਾ ਹੀ ਬਾਦ ਵਿਚ ਲੱਗਾ, ਬਈ ਕੰਜਰ ਦੇ ਡਾਕੂ ਨੇ। ਨਹੀਂ ਮੈਂ ਕਾਹਨੂੰ ਪੰਗਾ ਲੈਂਦਾ। ਆਪੇ ਸਾਲੇ ਲੁੱਟ-ਮਾਰ ਕਰਕੇ ਚਲੇ ਜਾਂਦੇ।"

"ਜ਼ਿੰਦਗੀ ਵਿਚ ਸੌ ਦੁਖ-ਸੁਖ ਹੁੰਦੇ ਹਨ, ਜਿਹੜੇ ਆਪਣਿਆ ਨਾਲ ਬੈਠ ਕੇ ਕੀਤੇ ਜਾਂਦੇ ਹਨ। ਅਜੇ ਤਾਂ ਬਾਂਹ ਤੇ ਹੀ ਜਖਮ ਹੈ। ਸਿਰ 'ਚ ਹੋ ਜਾਂਦਾ ਫੇਰ। ਰੱਬ ਨਾ ਕਰੇ ਅੱਜ ਤੈਨੂੰ ਕੁਝ ਹੋ ਜਾਂਦਾ ਤਾਂ ਮੈਂ ਕੀ ਕਰਦੀ। ਕਿਵੇਂ ਇੰਡੀਆ ਵਾਪਿਸ ਜਾਂਦੀ। ਤੈਥੋਂ ਬਿਨਾਂ ਕੱਲੀ, ਕਿਹੜੇ ਘਰ ਜਾ ਕੇ ਵੜਦੀ। ਮੈਨੂੰ ਨਹੀਂ ਪਤਾ, ਅਗਲੀ ਬੰਦਰਗਾਹ ਤੇ ਜਹਾਜ਼ ਛੱਡੋ ਤੇ ਘਰ ਚੱਲੋ।"ਮੈਂ ਲਗਾਤਾਰ ਬਹਿਸੀ ਜਾ ਰਹੀ ਸਾਂ ।

"ਜੀਤੀ ਬਾਹਰ ਡਾਕੂਆਂ ਦਾ ਹੱਲਾ ਪਿਐ। ਏਧਰ ਤੂੰ ਮੇਰੇ ਨਾਲ ਸਿਰ ਖਪਾਈ ਸ਼ੁਰੂ ਕਰਤੀ। ਲੁਟ-ਮਾਰ ਕਰਕੇ ਚਲੇ ਜਾਣਗੇ। ਬਾਦ 'ਚ ਦੇਖਦੇ ਹਾਂ। ਐਨਾ ਭਾਵੁਕ ਹੋ ਕੇ ਜ਼ਿੰਦਗੀ ਨਹੀਂ ਨਿਕਲਦੀ। ਪਤੈ ਜਹਾਜ਼ 'ਚ ਕਿੰਨੇ ਡਾਲਰ ਮਿਲਦੇ ਨੇ। ਫਿਰ ਉਹਨਾ ਨੂੰ



ਪੰਜਾਹ ਨਾਲ ਹੋਰ ਗੁਣਾ ਕਰਦੇ। ਐਨੇ ਰੁਪਏ ਬਣਦੇ ਨੇ। ਕੀ ਕਰਾਂਗੇ ਇੰਡੀਆ ਜਾ ਕੇ ? ਜੇ ਕੋਈ ਮਾੜੀ-ਮੋਟੀ ਨੌਕਰੀ ਮਿਲ ਵੀ ਗਈ ਤਾਂ ਉਹਦੇ 'ਚ ਕੀ ਰਾਸ਼ਨ ਖਰੀਦਾਂਗੇ ? ਕੀ ਕੱਪੜਾ ਲੀੜਾ ? ਦਵਾਈਆਂ ? ਤੇ ਅੱਗੇ ਬੱਚਿਆ ਦੇ ਖਰਚੇ ? ਹੋਰ ਬਥੇਰੇ ਖਰਚੇ ਨੇ। ਉਹਦੇ 'ਚ ਤਾਂ ਤੇਰੀਆਂ ਪੋਡਰ ਕਰੀਮਾਂ ਹੀ ਨਹੀਂ ਪੂਰੀਆ ਹੋਣੀਆ।"

"ਰਾਜ ਮੈਨੂੰ ਕੁਝ ਨਹੀਂ ਚਾਹੀਦਾ। ਬੰਦੇ ਨਾਲ ਹੀ ਪੋਡਰ ਕਰੀਮਾਂ ਤੇ ਸਭ ਕੁਝ ਚੰਗਾ ਲਗਦੈ। ਤੂੰ ਸਮਝਦਾ ਕਿਉਂ ਨਹੀਂ। ਮੇਰਾ ਮਨ ਬਹੁਤ ਡਰ ਰਿਹਾ ਹੈ। ਮੇਰਾ ਹੁਣ ਇਥੇ ਭੋਰਾ ਵੀ ਜੀਅ ਨਹੀ ਲੱਗ ਰਿਹਾ। ਬੱਸ ਸਮੁੰਦਰ ਵੀ ਦੇਖ ਲਏ ਤੇ ਦੁਨੀਆਂ ਵੀ ਦੇਖ ਲਈ। ਤੈਨੂੰ ਕਦੇ ਨਹੀਂ ਕਹਿੰਦੀ ਵੀ ਅਮਰੀਕਾ ਕਨੇਡਾ ਘੁੰਮਾ ਕੇ ਲਿਆ। ਚੰਡੀਗੜ੍ਹ ਘੁੰਮ ਕੇ ਸਮਝ ਲਿਆ ਕਰਾਂਗੇ, ਵੀ ਸਾਰੀ ਦੁਨੀਆਂ ਘੁੰਮ ਲਈ। ਸੁਖਨਾ ਝੀਲ ਦੇ ਕਿਨਾਰੇ ਬੈਠ ਕੇ ਸਮਝ ਲਿਆ ਕਰਾਂਗੇ ਵੀ ਸਾਰੀ ਦੁਨੀਆਂ ਦੇ ਬੀਚ ਘੁੰਮ ਲਏ। ਚੱਲ ਪੰਜਾਬ ਚੱਲੀਏ। ਨੌਕਰੀ ਛੱਡ ਕੇ ਮੈਨੂੰ ਤਾਂ ਪਟਿਆਲੇ ਲੈ ਚੱਲ।"

"ਅਸੀਂ ਕਿਉਂ ਨੌਕਰੀਆਂ ਛੱਡੀਏ ? ਜੀਤੀ, ਜਿਸਦਾ ਇਹ ਜਹਾਜ਼ ਹੈ, ਇਹ ਬਹੁਤ ਵੱਡੀ ਕੰਪਨੀ ਹੈ। ਮਸਾਂ ਇਸ ਕੰਪਨੀ ਵਿਚ ਐਂਟਰੀ ਮਿਲੀ ਹੈ। ਮੈਂ ਨੌਕਰੀ ਛੱਡ ਵੀ ਦੇਵਾਂ ਤਾਂ ਕੰਪਨੀ ਨੂੰ ਕੋਈ ਫਰਕ ਨੀ ਪੈਣ ਲੱਗਾ। ਨੌਕਰੀ ਲਈ ਕੰਪਨੀ ਦਫਤਰਾਂ ਵਿਚ ਲਾਈਨਾਂ ਲੱਗੀਆ ਰਹਿੰਦੀਆਂ ਹਨ। ਨਾਲ ਦੀ ਨਾਲ ਏਥੇ ਕੋਈ ਹੋਰ ਦੂਸਰਾ ਅਫਸਰ ਆ ਜਾਵੇਗਾ। ਪਰ ਮੈਨੂੰ ਫਰਕ ਪੈਂਦਾ ਹੈ। ਨੌਕਰੀ ਵਿਚੋਂ ਛੱਡ ਕੇ ਜਾਵਾਂਗਾ ਤਾਂ ਦੁਬਾਰਾ ਕੰਪਨੀ 'ਚ ਐਂਟਰੀ ਮੁਸ਼ਕਲ ਹੋ ਜਾਏਗੀ। ਹੋਰ ਕੰਪਨੀ ਕੋਲ ਜਾਵਾਂਗਾ ਉਹ ਸੋਚਣਗੇ, ਐਨੀ ਵੱਡੀ ਕੰਪਨੀ ਵਿਚ ਕੰਮ ਨੀ ਕੀਤਾ ਸਾਡੇ ਕੋਲ ਕੀ ਕਰੇਗਾ। ਇਹ ਵੱਡੀਆਂ ਕੰਪਨੀਆਂ ਕੋਲ ਸਭ ਰਿਕਾਰਡ ਹੁੰਦੇ ਹਨ।"

ਵੱਡੀਆਂ ਕੰਪਨੀਆਂ ਨੂੰ ਕੀ ਚੱਟੀਏ। ਆਪਣੀ ਜਿੰਦਗੀ ਨਾਲੋ ਕੁਝ ਵੀ ਵੱਡਾ ਨਹੀਂ ਹੁੰਦਾ। ਤੂੰ ਆਪ ਹੀ ਕਹਿ ਰਿਹਾ ਹੈ ਕਿ ਇਹਨਾਂ ਕੰਪਨੀਆਂ ਨੂੰ ਕੋਈ ਫਰਕ ਨੀ ਪੈਂਦਾ। ਪਰ ਰਾਜ ਮੈਨੂੰ ਪੈਂਦਾ ਹੈ। ਤੇਰੇ ਬਿਨਾ ਮੈਂ ਜੀਅ ਨਹੀਂ ਸਕਦੀ,"ਤੇ ਅੱਗੇ ਮੈਥੋਂ ਬੋਲ ਨਾ ਹੋਇਆ। ਮੈਂ ਹੋਰ ਰੋਣ ਲੱਗ ਪਈ ।

ਰਾਜ ਵੀ ਤਲਖ਼ੀ ਵਿਚ ਆ ਗਿਆ। ਤੂੰ ਮੈਨੂੰ ਚੰਗੇ-ਭਲੇ ਨੂੰ ਹੀ ਮਾਰੀ ਜਾਨੀ ਐ। ਸਮੁੰਦਰਾਂ ਵਿੱਚ ਰੋਜ ਕਿਧਰੇ ਨਾ ਕਿਧਰੇ ਐਕਸੀਡੈਂਟ ਹੁੰਦੇ ਹਨ, ਡਾਕੇ ਵੀ ਪੈਂਦੇ ਰਹਿੰਦੇ ਹਨ, ਜਹਾਜ਼ ਵੀ ਡੁਬਦੇ ਹਨ, ਕਈ ਵਾਰ ਕੋਈ ਮੌਤ ਵੀ ਹੋ ਜਾਂਦੀ ਹੈ। ਇਹ ਕੋਈ ਨਵੀਂ ਗੱਲ ਨਹੀਂ। ਕੀ ਪੰਜਾਬ ਵਿਚ ਐਕਸੀਡੈਂਟ ਨੀ ਹੁੰਦੇ ? ਚੋਰੀਆਂ ਡਾਕੇ ਨੀ ਹੁੰਦੇ ? ਲੋਕ ਨੀ ਮਰਦੇ ? ਇਹ ਦੁਨੀਆਂ ਐਵੈ ਹੀ ਚੱਲੀ ਜਾਂਦੀ ਹੈ -ਚੱਲੀ ਜਾਣ ਦੇ। ਡਾਕੂ ਆਪਣਾ ਕੰਮ ਕਰਕੇ ਚਲੇ ਜਾਣਗੇ। ਸਰਵੇ ਏਜੰਸੀਆਂ ਆਪਣਾ ਕੰਮ ਕਰ ਜਾਣਗੀਆਂ। ਕੰਪਨੀ ਦੇ ਮਾਲਕ ਆਪਣੇ ਥਾਂ ਅਰਾਮ ਨਾਲ ਬੈਠੇ ਨੇ। ਅਸੀਂ ਆਪਣੀ ਡਿਊਟੀ ਕਰੀਏ। ਕਿਉ ਤੂੰ ਆਪਣੇ, ਤੇ ਨਾਲ ਮੇਰੇ ਦਿਮਾਗ ਤੇ ਬੋਝ ਪਾਇਆ।"

"ਮੈਨੂੰ ਪਤੈ ਹਰ ਥਾਂ ਲੋਕ ਮਰਦੇ ਨੇ। ਪਰ ਅਸੀਂ ਏਥੇ ਇਸ ਹਾਲਾਤ ਵਿਚ ਕਿਉਂ ਮਰੀਏ। ਸਾਡੇ ਮਾਪੇ ਐਨੇ ਗਏ ਗੁਜਰੇ ਤਾਂ ਨਹੀਂ ਕਿ ਸਾਨੂੰ ਕੱਫਣ ਵੀ ਨਾ ਜੁੜੂ, "ਪਤਾ ਨਹੀਂ ਮੈਨੂੰ ਕੀ ਹੋ ਗਿਆ ਸੀ ਕਿ ਜੋ ਮੂੰਹ ਆਇਆ, ਮੈਂ ਬੋਲੀ ਜਾ ਰਹੀ ਸੀ ।

"ਸ਼ੱਟ-ਅੱਪ ਯਾਰ। ਜੋ ਮੂੰਹ ਆਇਆ ਬੇ-ਅਕਲਾਂ ਦੀ ਤਰ੍ਹਾਂ ਬਕੀ ਜਾਂਦੀ ਹੈ।

ਟਾਇਮ ਨੀ ਦੇਖ ਰਹੀ ਬਈ ਬਾਹਰ ਹੱਲਾ ਪਿਆ ਹੋਇਆ ਹੈ। ਅਜੇ ਹੋਰਾਂ ਨਾਲ ਪਤਾ ਨੀ ਕੀ-ਕੀ ਬੀਤ ਰਹੀ ਹੋਣੀ ਹੈ।'' ਰਾਜ ਜੋਰ-ਜੋਰ ਦੀ ਚਿਲਾਉਣ ਲੱਗਾ। ਇਸ ਵਾਰ ਉਹ ਪੂਰੇ ਗੁੱਸੇ 'ਚ ਬੋਲਿਆ ਸੀ।

ਮੈਂ ਚੁੱਪ ਕਰ ਗਈ। ਹੋਰ ਕੀ ਕਰਦੀ। ਐਨੇ ਨੂੰ ਕੈਬਿਨ ਦੇ ਦਰਵਾਜ਼ੇ ਤੇ ਏਨੇ ਜ਼ੋਰ ਦੀ ਧੱਕਾ ਵੱਜਾ ਕਿ ਉੱਚੀ ਖੜਾਕ ਹੋਇਆ ਤੇ ਦਰਵਾਜ਼ੇ ਦਾ ਪੱਲਾ ਠਾਹ ਕਰਕੇ ਖੁੱਲ ਗਿਆ। ਬਾਹਰ ਕਈ ਡਾਕੂ ਖੜੇ ਸਨ । ਮੇਰੀ ਚੀਕ ਨਿਕਲ ਗਈ। ਰਾਜ ਤਾਂ ਪਹਿਲਾਂ ਹੀ ਜ਼ਖਮੀ ਸੀ। ਦੋ ਜਾਣਿਆ ਨੇ ਤੁਰੰਤ ਕਾਬੂ ਕਰ ਲਿਆ ਤੇ ਘੜੀਸ ਕੇ ਬਾਹਰ ਲੈ ਗਏ। ਮੈਂ ਨਾਲ ਜਾਣ ਲਈ ਤੜਫੀ ਤੇ ਉੱਚੀ-ਉੱਚੀ ਚੀਕਾਂ ਮਾਰ-ਮਾਰ ਰੋਈ ਪਰ ਕੌਣ ਸੁਣਦਾ। ਡਾਕੂਆਂ ਨੇ ਮੈਨੂੰ ਉਥੇ ਹੀ ਰੋਕ ਲਿਆ। ਰਾਜ ਨੇ ਵੀ ਬਹੁਤ ਜਾਨ ਤੁੜਾਈ, ਪਰ ਉਹ ਉਸਨੂੰ ਖਿੱਚ ਕੇ ਲੈ ਗਏ। ਇਕ ਡਾਕੂ ਨੇ ਮੇਰੇ ਤੇ ਗੰਨ ਤਾਣ ਲਈ ਤੇ ਚਿਲਾਇਆ'', ਗਿਵ ਮੀ ਯੂਅਰ ਗੋਲਡ।

ਸਾਹਮਣੇ ਖੜੇ ਭੱਦੀ ਜਿਹੀ ਸ਼ਕਲ ਵਾਲੇ ਖੌਫਨਾਕ ਡਾਕੂ ਦੇ ਇਹ ਸ਼ਬਦ ਸੁਣ ਕੇ ਮੈਂ ਕੰਬਣ ਲੱਗ ਪਈ ਤੇ ਪਸੀਨੋ-ਪਸੀਨਾ ਹੋ ਗਈ ਸੀ। ਮੇਰੇ ਦੋਵੇਂ ਹੱਥ ਕਦੋਂ ਉਸ ਸਾਹਮਣੇ ਜੁੜ ਗਏ, ਮੈਨੂੰ ਕੁਝ ਯਾਦ ਨਹੀਂ। ਮੈਂ ਉਸ ਤੋਂ ਕੋਈ ਭੀਖ ਮੰਗ ਰਹੀ ਸੀ। ਕਾਹਦੀ ? ਆਪਣੀ, ਆਪਣੇ ਪਹਿਨੇ ਸੋਨੇ ਦੀ ,ਰਾਜ ਦੀ ਜਾਂ ਹੋਰ ਕਿਸੇ ਗੱਲ ਦੀ। ਮੇਰੇ ਹੱਥ ਕਿਉਂ ਜੁੜੇ ਹੋਏ ਸਨ। ਸ਼ਾਇਦ ਡਰ ਦੀ ਮਾਰੀ ਮੈਂ ਆਪਣੀ ਹੋਸ਼ ਹੀ ਖੋ ਬੈਠੀ ਸੀ।

''ਵਾਹਿਗੁਰੂ ! ਵਾਹਿਗੁਰੂ ! ਵਾਹਿਗੁਰੂ ! ਧੀਏ ਐਨਾ ਕੁਝ ਹੋ ਗਿਆ ਤੇ ਤੂੰ ਅੱਜ ਤੱਕ ਕੁਝ ਨੀ ਦੱਸਿਆ। ਜਹਾਜ਼ ਵਿਚੋਂ ਨਹੀ ਦੱਸਿਆਂ ਕੋਈ ਗੱਲ ਨੀ, ਪਰ ਹੁਣ ਤਾਂ ਆਈ ਨੂੰ ਵੀ ਤਿੰਨ ਮਹੀਨੇ ਹੋ ਗਏ। ਐਡੀ ਵੱਡੀ ਗੱਲ ਢਿੱਡ ਵਿਚ ਲਈ ਬੈਠੀ ਹੈਂ। ਡਰ ਤਾਂ ਲੱਗਣਾ ਹੀ ਸੀ। ਤੇਰੀਆਂ ਗੱਲਾਂ ਸੁਣ-ਸੁਣ, ਡਰ ਤਾ ਮੈਨੂੰ ਲੱਗੀ ਜਾ ਰਿਹਾ ਹੈ। ਫਿਰ ਤੇਰੀ ਆਵਾਜ਼ ਤੇ ਗੱਲਾਂ ਹੀ ਦਸਦੀਆਂ ਹਨ ਕਿ ਇਹ ਘਟਨਾ ਤੇਰੇ ਮਨ ਵਿਚ ਡੂੰਘੀ ਬੈਠੀ ਹੋਈ ਹੈ। ਤੂੰ ਕਿਸੇ ਨਾਲ ਤਾਂ ਗੱਲ ਕਰਦੀ। ਐਸੀ ਗੱਲ ਤਾਂ ਤੇਰੇ ਡੈਡੀ ਨੂੰ ਜ਼ਰੂਰ ਦੱਸਣੀ ਹੀ ਬਣਦੀ ਸੀ। ਫਿਰ ਅੱਗੇ ਕੀ ਹੋਇਆ ?

''ਬੱਸ ਮਾਂ, ਪਤਾ ਨਹੀਂ ਕਦੋਂ ਤੇ ਕਿਵੇਂ, ਮੈਂ ਆਪਣਾ ਸਾਰਾ ਸੋਨਾ, ਕੈਸ਼, ਤੇ ਕੈਬਿਨ ਵਿਚ ਪਿਆ ਹੋਰ ਕੀਮਤੀ ਸਮਾਨ, ਸਭ ਕੁਝ ਉਹਨਾਂ ਡਾਕੂਆਂ ਨੂੰ ਫੜਾ ਦਿਤਾ। ਫੇਰ ਉਹ ਮੈਨੂੰ ਜਹਾਜ਼ ਦੀ ਮੈੱਸ, ਜਿੱਥੇ ਰੋਟੀ ਖਾਂਦੇ ਹੁੰਦੇ ਸੀ, ਵਿਚ ਲੈ ਆਏ। ਕੁਛ ਬੰਦੇ ਪਹਿਲਾਂ ਉਥੇ ਸੀ। ਉਹ ਜਹਾਜ਼ ਦੇ ਸਟਾਫ ਦੇ ਬੰਦੇ ਸੀ। ਉਹਨਾਂ ਕੋਲ ਆ ਕੇ ਮੇਰੀ ਜਾਨ ਵਿਚ ਜਾਨ ਆਈ। ਮੈਂ ਦੇਖਿਆ ਇਕ ਕੋਨੇ 'ਚ ਰਾਜ ਆਪਣਾ ਸਿਰ ਗੋਡਿਆਂ ਵਿਚ ਦੇਈ ਬੈਠਾ ਸੀ। ਮੈਂ ਭੱਜ ਕੇ ਜਾ ਕੇ ਉਸ ਨੂੰ ਚਿੰਬੜ ਗਈ । ਮੈਨੂੰ ਦੇਖਦੇ ਹੀ ਜਿਵੇਂ ਰਾਜ ਵਿਚ ਜਾਨ ਆ ਗਈ। ਉਸ ਦੀ ਧਾਅ ਨਿਕਲ ਗਈ ਤੇ ਕਾਫੀ ਦੇਰ ਇੱਕ-ਦੂਜੇ ਦੇ ਗਲ ਨੂੰ ਚਿੰਬੜੇ ਅਸੀਂ ਰੋਂਦੇ ਰਹੇ। ਉਸੇ ਮੈੱਸ ਵਿੱਚ ਕੈਪਟਨ ਵੀ ਬੰਦੀ ਸੀ। ਕੈਪਟਨ ਨੇ ਸਾਨੂੰ ਹੌਸਲਾ ਦਿੱਤਾ ਤੇ ਚੁੱਪ ਕਰਵਾਇਆ। ਮਨ ਹੀ ਮਨ ਮੈਂ ਰੱਬ ਦਾ ਸ਼ੁਕਰ ਕੀਤਾ। ਮੈਨੂੰ ਐਨੀ ਤਸੱਲੀ ਹੀ ਬਹੁਤ ਸੀ ਕਿ ਰਾਜ ਮੇਰੇ ਕੋਲ ਸੀ। ਐਨਾ ਦੱਸਦਿਆਂ ਦੱਸਦਿਆਂ ਜੀਤੀ ਦਾ ਮਨ ਭਰ ਆਇਆ ਤੇ ਉਸਨੇ ਆਪਣਾ ਸਿਰ ਆਪਣੀ ਮੰਮੀ ਦੇ ਮੋਢੇ ਤੇ ਰੱਖ ਦਿੱਤਾ।



## ਕਹਾਣੀ / ਲੰਗੜੇ ਘੋੜੇ ਦੀ ਪੈੜ / ਸੁਰਜੀਤ ਜੱਜ

ਉਹ ਜਦੋਂ ਵੀ ਆਪਣੀ ਜ਼ਿੰਦਗੀ ਦੇ ਬੀਤੇ ਵਰ੍ਹਿਆਂ 'ਤੇ ਝਾਤੀ ਮਾਰਦਾ ਤਾਂ ਉਸ ਨੂੰ ਸਭ ਕੁੱਝ ਖ਼ਾਲੀ-ਖਾਲੀ ਜਾਪਦਾ। ਉਸ ਨੂੰ ਕੁਝ ਵੀ ਅਜਿਹਾ ਨਾ ਲੱਭਦਾ, ਜਿਸ'ਤੇ ਮਾਣ ਮਹਿਸੂਸ ਕੀਤਾ ਜਾ ਸਕੇ। ਕਦੇ-ਕਦੇ ਉਸ ਨੂੰ ਬੜੀ ਘਿਣ ਆਉਂਦੀ, ਉਸ ਸਭ ਕਾਸੇ 'ਤੇ ਜੋ ਕੁਝ ਉਹ ਹੰਢਾਉਂਦਾ ਰਿਹਾ ਸੀ, ਹੰਢਾਉਂਦਾ ਹੀ ਨਹੀਂ ਸੀ ਰਿਹਾ ਸਗੋਂ ਜਿਸ 'ਤੇ ਬੜਾ ਮਾਣ ਮਹਿਸੂਸ ਕਰਦਾ ਰਿਹਾ ਸੀ। ਪਰ ਉਹ ਸਭ ਕੁਝ ਤਾਂ ਬਹੁਤ ਪਿੱਛੇ ਰਹਿ ਗਿਆ ਸੀ। ਇੱਕ ਅਧੂਰੀ ਜਿਹੀ ਯਾਦ ਬਣਕੇ। ਹੁਣ ਉਸ ਨੂੰ ਅਕਸਰ ਇਹ ਸੋਚ ਕੇ ਬੜੀ ਖਿੱਝ ਆਉਂਦੀ ਕਿ ਉਹ ਜਿਨ੍ਹਾਂ ਪੈੜਾਂ ਤੇ ਤੁਰਨ ਦਾ ਯਤਨ ਕਰਦਾ ਰਿਹਾ ਸੀ, ਉਹ ਤਾਂ ਥੋੜ੍ਹੀ-ਥੋੜ੍ਹੀ ਦੂਰ ਜਾ ਕੇ ਹੀ ਕਿਸੇ ਹੋਰ ਪੈੜ ਵਿੱਚ ਰੱਲਗੱਡ ਹੁੰਦੀਆਂ ਰਹੀਆਂ ਸਨ। ਪਰ ਉਹ ਕਦੇ ਵੀ ਇਹ ਕੁਝ ਸਮਝਣ ਦੇ ਸਮਰੱਥ ਨਹੀਂ ਸੀ ਹੋ ਸਕਿਆ ਕਿ ਉਸ ਨੇ ਕਿਹੜੀ ਪੈੜ ਕਿੱਥੋਂ ਛੱਡੀ ਹੈ ਤੇ ਕਿੱਥੋਂ ਦੂਸਰੀ ਫੜ ਲਈ ਹੈ ਤੇ ਫਿਰ ਇਹ ਪੈੜ ਵੀ ਕਿੱਥੇ ਕਿਸੇ ਹੋਰ ਪੈੜ ਵਿੱਚ ਜਾ ਰਲੀ ਸੀ ਤੇ ਉਹ ਅੱਗੇ ਤੁਰਦੀ ਪੈੜ 'ਤੇ ਤੁਰ ਪਿਆ ਸੀ। ਇਹ ਸਿਲਸਿਲਾ ਲਗਾਤਾਰ ਚਲਦਾ ਰਿਹਾ ਤੇ ਚਲਦਾ ਆ ਰਿਹਾ ਸੀ। ਕਦੇ ਕਦੇ ਤਾਂ ਉਸ ਨੂੰ ਆਪਣੇ ਇਸ ਤਰ੍ਹਾਂ ਸੋਚਣ 'ਤੇ ਵੀ ਹੈਰਾਨੀ ਹੋਣ ਲੱਗਦੀ। ਉਹਨੂੰ ਸਮਝ ਨਹੀਂ ਸੀ ਆਉਂਦੀ ਕਿ ਇਸ ਸਭ ਕਾਸੇ ਬਾਰੇ ਉਸਨੇ ਕਦੋਂ, ਕਿਵੇਂ ਤੇ ਕਿਉਂ ਸੋਚਣਾ ਸ਼ੁਰੂ ਕਰ ਦਿੱਤਾ ਸੀ। ਇਹ ਸੋਚ ਕੇ ਉਹ ਅਕਸਰ ਝੁੰਜਲਾ ਉੱਠਦਾ ਤੇ ਉਸ ਨੂੰ ਆਪਣੇ ਆਪ 'ਤੇ ਅਤੇ ਉਸ ਸਭ ਕਾਸੇ 'ਤੇ ਜੋ ਉਹਦੇ ਨਾਲ ਕਿਸੇ ਵੀ ਰੂਪ ਵਿੱਚ ਜੁੜਿਆ ਹੋਇਆ ਸੀ ਜਾਂ ਜੁੜਿਆ ਰਿਹਾ ਸੀ। ਖਿੱਝ ਚੜ੍ਹਨ ਲੱਗਦੀ। ਉਹਨੂੰ ਮਹਿਸੂਸ ਹੁੰਦਾ ਜਿਵੇਂ ਇਹ ਸੋਚਾਂ ਉਸਦੀ ਜ਼ਿੰਦਗੀ ਦੀ ਸਿੱਧ ਪੱਧਰੀ ਤੋਰ ਨੂੰ ਖਲਤ ਮਲਤ ਕਰਕੇ ਹਮੇਸ਼ਾਂ ਉਸ ਨੂੰ ਕੁਰਾਹੇ ਪਾਉਣ ਦਾ ਯਤਨ ਕਰਦੀਆਂ ਰਹਿੰਦੀਆਂ ਹਨ। ਉਂਝ ਉਹਦੀ ਜ਼ਿੰਦਗੀ ਕਿਸੇ ਤੋਰੇ ਤੁਰਦੀ ਰਹੀ ਸੀ ਜਾਂ ਤੁਰ ਰਹੀ ਹੈ। ਇਹਦੇ ਬਾਰੇ ਉਹਨੂੰ ਕਦੇ ਵੀ ਕੁਝ ਸਪੱਸ਼ਟ ਪਤਾ ਨਹੀਂ ਸੀ ਲੱਗਿਆ। ਹਾਂ, ਉਹ ਏਨਾ ਜ਼ਰੂਰ ਸਮਝਦਾ ਸੀ ਕਿ ਉਹਦੀ ਜ਼ਿੰਦਗੀ ਅਕਸਰ ਅਜਿਹੀ ਤੋਰੇ ਤੁਰਦੀ ਰਹੀ ਹੈ ਜਿਸਦੀ ਪੈੜ ਕਿਸੇ ਅਜਿਹੇ ਘੋੜੇ ਵਰਗੀ ਹੈ, ਜਿਸ ਦੇ ਚਾਰੇ ਪੈਰ ਵਾਰੀ ਵਾਰੀ ਲੰਗੜੇ ਹੁੰਦੇ ਜਾਣ ਤੇ ਅਖੀਰ ਕੋਈ ਵੀ ਉਹਦੀ ਪੈੜ ਤੋਂ ਇਹ ਅੰਦਾਜ਼ਾਂ ਲਾਉਣ ਦੇ ਸਮਰੱਥ ਨਾ ਹੋ ਸਕੇ ਕਿ ਇਹ ਕਿਸ ਸੇਧ ਵੱਲ ਜਾ ਰਹੀ ਹੈ। ਉਹ ਬੜੀ ਕੋਸ਼ਿਸ਼ ਕਰਦਾ ਕਿ ਸੋਚਾਂ ਦੇ ਚੱਕਰਵਿਊ ਵਿਚੋਂ ਬਾਹਰ ਆ ਸਕੇ ਪਰ ਹਰ ਵਾਰ ਬੇਵੱਸੀ ਉਸ 'ਤੇ ਮੁਸਕਰਾ ਛੱਡਦੀ ,ਉਹਨੂੰ ਲੱਗਦੀ ਜਿਵੇਂ ਉਹ ਅਣਚਾਹੇ ਹੀ ਜਾਣੇ-ਅਣਜਾਣੇ ਇਸ ਚੱਕਰਵਿਊ ਵਿੱਚ ਪਹੁੰਚਣ ਦਾ ਵਲ ਸਿੱਖ ਗਿਆ ਸੀ। ਅਜਿਹਾ ਹੋਣ ਤੋਂ ਪਹਿਲਾਂ ਉਹ ਹਰ ਕਿਸੇ ਵਰਗਾ ਇੱਕ ਸਧਾਰਨ ਆਦਮੀ ਸੀ। ਉਂਝ ਅਸਧਾਰਣ ਤਾਂ ਉਹ ਹੁਣ ਵੀ ਨਹੀਂ ਸੀ। ਪਰ ਹੁਣ ਉਹਨੂੰ ਅਕਸਰ ਆਪਣੇ ਆਦਮੀ ਹੋਣ ਉੱਤੇ ਹੀ ਸ਼ੱਕ ਕਿਉਂ ਹੋਣ ਲੱਗ ਪੈਂਦਾ ਹੈ। ਇਹ ਸੋਚਦੇ ਸੋਚਦੇ ਉਹ ਪਰਤ -ਦਰ- ਪਰਤ ਜ਼ਿੰਦਗੀ ਦੇ ਬੀਤੇ ਵਰ੍ਹਿਆਂ ਵਿੱਚ ਗੁਆਚਦਾ ਜਾਂਦਾ ਤੇ ਅਕਸਰ ਗੁੱਸਾ, ਖਿੱਝ ਤੇ ਨਾਮੋਸ਼ੀ ਦੇ ਭਾਵ ਉਹਨੂੰ ਗ੍ਰਸ ਲੈਂਦੇ ਪਰ ਆਪਣੇ ਆਪ ਨੂੰ ਧਰਵਾਸ ਦੇਣ ਲਈ ਉਹ ਹਰ ਵਾਰੀ ਕੋਈ ਨਾ ਕੋਈ ਠੁੰਮਣਾ ਜ਼ਰੂਰ ਲੱਭ ਲੈਂਦਾ।

ਉਂਝ ਕਾਫ਼ੀ ਸਮੇਂ ਤੋਂ ਉਹਨੂੰ ਇਹ ਸਭ ਕੁਝ ਕਰਨ ਦੀ ਲੋੜ ਬਹੁਤ ਘੱਟ ਪੈਂਦੀ ਰਹੀ ਹੈ। ਉਸ ਨੂੰ ਅਕਸਰ ਲੱਗਦਾ ਹੈ ਕਿ ਜਦੋਂ ਤੋਂ ਉਹਨੇ ਜ਼ਿੰਦਗੀ ਪ੍ਰਤੀ ਵਹਿਸ਼ੀ ਜਿਹਾ ਵਤੀਰਾ ਧਾਰਨ ਕੀਤਾ ਹੈ ,ਉਦੋਂ ਤੋਂ ਜਿਵੇਂ ਅਣਜਾਣੇਂ ਹੀ ਸੋਚਾਂ ਦੇ ਚੱਕਰਵਿਊ ਵਿੱਚ ਵੜਨ ਦੀ ਜਾਚ ਲਗਾਤਾਰ ਭੁੱਲਦੀ ਗਈ ਹੈ ਪਰ ਅੱਜ ਅਚਾਨਕ ਉਹ ਸਭ ਕੁਝ ਫਿਰ ਤੋਂ ਵਾਪਰ ਰਿਹਾ ਵੇਖ ਕੇ ਉਹਨੂੰ ਹੈਰਾਨੀ ਵੀ ਹੁੰਦੀ ਹੈ ਤੇ ਤਸੱਲੀ ਜਿਹੀ ਵੀ। ਉਹ ਮਹਿਸੂਸ ਕਰਦਾ ਹੈ ਕਿ ਜਿਵੇਂ ਉਹਨੂੰ ਫਿਰ ਜਿਉਂਦੇ ਹੋਣ ਦਾ ਅਹਿਸਾਸ ਹੋ ਰਿਹਾ ਹੋਵੇ। ਨਾ ਚਾਹੁੰਦੇ ਹੋਏ ਵੀ ਉਹਨੂੰ ਇਹ ਸਾਰਾ ਕੁਝ ਸੁਖਾਵਾ ਸੁਖਾਵਾ ਲੱਗਦਾ ਹੈ ਤੇ ਆਪਣੇ ਆਪ ਇਸ ਵਹਿਣ ਵਿੱਚ ਬੇਰੋਕ ਵਹਿਣ ਲਈ ਇਕੱਲਿਆ ਛੱਡ ਦਿੰਦਾ ਹੈ।

ਉਸ ਨੂੰ ਕਈ ਸਾਲ ਪਹਿਲਾਂ ਵੇਖਿਆ ਬਾਪ ਦਾ ਚਿਹਰਾ ਯਾਦ ਆਉਂਦਾ ਹੈ। ਮੁਰਝਾਇਆ ਹੋਇਆ ਹੋਣ ਦੇ ਬਾਵਜੂਦ ਕਿਸੇ ਬੇਇਨਸਾਫ਼ੀ ਪ੍ਰਤੀ ਈਰਖਾ ਭਾਵ ਨਾਲ ਤਪ ਰਿਹਾ ਚਿਹਰਾ। ਉਸ ਨੂੰ ਬਾਪੂ ਕਦੇ ਵੀ ਚੰਗਾ ਨਹੀਂ ਸੀ ਲੱਗਿਆ ਕਿਉਂਕਿ ਉਹ ਸ਼ੁਰੂ ਤੋਂ ਹੀ ਬਾਪੂ ਨੂੰ ਦੱਬੂ ਤੇ ਹਰ ਜ਼ਿਆਦਤੀ ਨੂੰ ਚੁੱਪ-ਚਾਪ ਸਹਿ ਲੈਣ ਵਾਲਾ ਡਰਾਕਲ ਜਿਹਾ ਆਦਮੀ ਸਮਝਦਾ ਰਿਹਾ ਸੀ। ਉਹਨੂੰ ਲੱਗਦਾ ਰਿਹਾ ਸੀ ਜਿਵੇਂ ਬਾਪ ਦੇ ਦੱਬੂਪੁਣੇ ਨੇ ਹੀ ਉਨ੍ਹਾਂ ਦਾ ਸਭ ਕੁੱਝ ਬਣਨ ਨਹੀਂ ਦਿੱਤਾ। ਉਸਨੂੰ ਆਪਣੇ ਘਰ ਦੀ ਸਾਰੀ ਦੁਰਦਸ਼ਾ ਦਾ ਕਾਰਨ ਬਾਪੂ ਦਾ ਦੱਬਪੁਣਾ ਹੀ ਲੱਗਦਾ ਰਿਹਾ ਸੀ ਪਰ ਹੁਣ ਉਹ ਅਕਸਰ ਇਸਦੇ ਉਲਟ ਸੋਚਣ ਲੱਗ ਪੈਂਦਾ ਸੀ। ਉਹ ਸੋਚਦਾ ਅਗਰ ਇਹੋ ਗੱਲ ਹੁੰਦੀ ਤਾਂ ਸਾਰੇ ਪਿੰਡ ਵਿੱਚ ਮੰਨੇ -ਪ੍ਰਮੰਨੇ ਖਰਾਂਟ ਬੰਦੇ ,ਉਹਦੇ ਤਾਏ ਦੇ ਘਰ ਵਿੱਚ ਵੀ ਹਰ ਵੇਲੇ ਕਲੇਸ਼ ਕਿਉਂ ਪਿਆ ਰਹਿੰਦਾ ਸੀ। ਉਹਦਾ ਤਾਂ ਵੱਡਿਆ-ਵੱਡਿਆ ਨਾਲ ਬਹਿਣ ਉੱਠਣ ਹੈ, ਬਹਿਣ ਉੱਠਣ ਹੀ ਕਿਉਂ ,ਖਾਣ ਪੀਣ ਤੇ ਲੈਣ-ਦੇਣ ਤੱਕ ਦੀ ਹਰ ਸਾਂਝ ਹੈ। ਇਹ ਕੁੱਝ ਸੋਚਦਿਆਂ ਉਹਨੂੰ ਆਪਣਾ ਬਾਪੂ ਅਕਸਰ ਚੰਗਾ ਲੱਗਣ ਲੱਗ ਪੈਂਦਾ ਪਰ ਫਿਰ ਉਹ ਸੋਚਦਾ ਹੁਣ ਇਸ ਸਭ ਕਾਸੇ ਦਾ ਕੀ ਫਾਇਦਾ , ਸਭ ਕੁਝ ਤਾਂ ਕਦੋਂ ਦਾ ਮਿੱਟ ਗਿਆ।

ਕਦੇ ਪਿੰਡ ਵਿੱਚ ਉਹਨਾਂ ਦੇ ਖਾਨਦਾਨ ਦਾ ਚੰਗਾ ਜਬ੍ਹਾ ਹੁੰਦਾ ਸੀ। ਇਲਾਕੇ ਵਿੱਚ ਦੂਰ ਦੂਰ ਤੱਕ ਲੋਕ ਉਹਦੇ ਬਾਬੇ ਦਾ ਰੋਅਬ ਮੰਨਦੇ ਸਨ। ਉਹਦੇ ਬਾਬੇ ਦਾ ਨਾਮ ਤਾਂ ਭਾਵੇਂ ਸ੍ਰ. ਪੰਜਾਬ ਸਿੰਘ ਸੀ ਪਰ ਲੋਕਾਂ ਨੇ ਪਤਾ ਨਹੀਂ ਕਿਉਂ ਉਹਦਾ ਨਾਂ ' ਅੱਖੜ ਜ਼ੈਬਾ' ਪਾ ਲਿਆ ਸੀ ਤੇ ਅੱਗੋਂ ਉਹਨਾਂ ਦੇ ਟੱਬਰ ਦੀ ਅੱਲ ਹੀ 'ਅੱਖੜ ' ਪੈ ਗਈ ਸੀ। ਲੋਕ ਅਕਸਰ ਉਹਨਾਂ ਨੂੰ ਅੱਖੜਕੇ ' ਕਹਿੰਦੇ ਸਨ। ਉਹਦੇ ਬਾਬੇ ਤੱਕ ਉਹਨਾਂ ਦੇ ਘਰ ਦਾ ਗੁਜ਼ਾਰਾ ਚੰਗਾ ਚਲਦਾ ਆਇਆ ਸੀ। ਪਿੰਡ ਦੀ ਨਿਆਈ ਵਿੱਚ ਉਹਨਾਂ ਕੋਲ ਚੰਗੀ ਜ਼ਮੀਨ ਸੀ ਤੇ ਉਹਦੇ ਤਾਏ ਤੇ ਬਾਪੂ ਸਭ ਹੱਡ -ਭੰਨਵੀਂ ਕਮਾਈ ਕਰਦੇ ਸਨ। ਪਿੰਡ ਵਿੱਚ ਸਭ ਜਾਣਦੇ ਸਨ ਕਿ ਉਨ੍ਹਾਂ ਦੇ ਦਿਨ ਰਾਤ ਕੰਮ ਕਰਨ ਦੀ ਆਦਤ ਨੂੰ ਦੇਖ ਕੇ ਹੀ ਛੇਤੀ ਛੇਤੀ ਕੋਈ ਉਨ੍ਹਾਂ ਨਾਲ ਸੀਰੀ ਰਲਣ ਨੂੰ ਤਿਆਰ ਨਹੀਂ ਸੀ ਹੁੰਦਾ। ਪਰ ਉਹਦੇ ਬਾਬੇ ਦੀ ਮੌਤ ਪਿੱਛੋਂ ਛੇਤੀ ਹੀ ਉਹਨਾਂ ਦਾ ਘਰ ਤਿੜਕਣਾ ਸ਼ੁਰੂ ਹੋ ਗਿਆ ਸੀ। ਉਹਨਾਂ ਘੜੀਆਂ ਨੂੰ ਯਾਦ ਕਰਕੇ ਉਹਦਾ ਬਾਪੂ ਬਹੁਤ ਝੂਰਦਾ ਹੁੰਦਾ ਸੀ। ਜਦੋਂ ਪਤਾ ਨਹੀਂ ਕਿਹਦੀ ਚੁੱਕ ਵਿੱਚ ਆ ਕੇ ਛੋਟੇ ਤਾਏ ਨੇ ਘਰੋਂ ਬਾਹਰੋਂ ਅੱਡ ਹੋਣ ਲਈ ਕਈ ਦਿਨ ਕਲੇਸ਼ ਪਾਈ ਰੱਖਿਆ ਸੀ। ਨਾ ਚਾਹੁੰਦੇ ਹੋਏ ਵੀ ਉਹਦੇ ਬਾਪੂ ਹੁਰਾਂ ਨੂੰ ਉਹਨੂੰ ਅੱਡ ਕਰਨ ਲਈ ਮਜ਼ਬੂਰ ਹੋਣਾ ਪਿਆ



ਸੀ। ਇੱਕ ਘਰ ਵਿੱਚ ਰਹਿੰਦਿਆਂ ਜਿਹੜੇ ਭਰਾ ਸਨ ,ਵੱਖ ਹੁੰਦਿਆਂ ਹੀ ਸ਼ਰੀਕ ਤੋਂ ਫਿਰ ਇੱਕ ਦੂਜੇ ਦੇ ਦੁਸ਼ਮਣ ਬਣ ਗਏ। ਵੰਡ-ਵੰਡਾਈ ਦਾ ਮਸਲਾ ਮਾਰ-ਕੁਟਾਈ ਤੱਕ ਪੁਹੰਚ ਕੇ ਹੀ ਮੁੱਕਿਆ ਸੀ। ਉਦੋਂ ਦੀ ਪਈ ਫਿੱਕ ਕਦੇ ਰਾਸ ਨਹੀਂ ਸੀ ਆਈ। ਛੋਟੇ ਤਾਏ ਨੂੰ ਹਿੱਸੇ ਵਿੱਚ ਜ਼ਮੀਨ ਘੱਟ ਮਿਲੀ ਸੀ ਕਿਉਂਕਿ ਇੱਕ ਤਾਂ ਬਾਪੂ ਹੁਰਾਂ ਦੇ ਆਪਣੇ ਦੋ ਹਿੱਸੇ ਸਨ ਤੇ ਦੂਸਰਾ ਦਾਦੀ ਦੇ ਹਿੱਸੇ ਦੀ ਜ਼ਮੀਨ ਵੀ ਉਨ੍ਹਾਂ ਨੂੰ ਮਿਲੀ ਸੀ। ਦਾਦੀ ਕਿਸੇ ਤਰ੍ਹਾਂ ਵੀ ਛੋਟੇ ਤਾਏ ਨਾਲ ਜਾਣ ਨੂੰ ਤਿਆਰ ਨਹੀਂ ਸੀ। ਹੌਲੀ ਹੌਲੀ ਤਾਏ ਤੇ ਬਾਪੂ ਨੇ ਵੀ ਘਰ ਨੂੰ ਫਿਰ ਪੱਕੇ ਪੈਰੀਂ ਕਰ ਲਿਆ ਸੀ ਪਰ ਛੋਟੇ ਤਾਏ ਦੀ ਹਾਲਤ ਦਿਨੋਂ ਦਿਨ ਨਿਘਰਦੀ ਗਈ। ਘਰ ਦੇ ਕਲੇਸ਼ ਤੋਂ ਤੰਗ ਆਇਆ ਉਹ ਅਕਸਰ ਬਾਪੂ ਹੁਰਾਂ ਨਾਲ ਝਗੜਾ ਕਰੀ ਰੱਖਦਾ। ਉਹ ਦਿਨੋਂ ਦਿਨ ਕਰਜ਼ੇ ਦੇ ਭਾਰ ਹੇਠ ਦੱਬਦਾ ਗਿਆ ਤੇ ਬਾਪੂ ਹੁਰਾਂ ਦੀ ਹਾਲਤ ਸੁਧਰਦੀ ਗਈ।

ਉਹ ਸੋਚਦਾ ਪਤਾ ਨਹੀਂ ਇਹ ਸਭ ਕੁਝ ਕਿੱਥੋਂ ਤੱਕ ਸੱਚ ਸੀ। ਉਸ ਨੇ ਤਾਂ ਇਹ ਸਭ ਕੁਝ ਆਪਣੇ ਬਾਪੂ ਦੇ ਮੂੰਹੋਂ ਹੀ ਸੁਣਿਆ ਸੀ। ਆਪ ਤਾਂ ਉਹਨੇ ਜਦੋਂ ਦੀ ਹੋਸ਼ ਸੰਭਾਲੀ ਸੀ ਘਰ ਦੀ ਨਿਘਰਦੀ ਹਾਲਤ ਹੀ ਦੇਖਦਾ ਰਿਹਾ ਸੀ। ਉਹਨੂੰ ਕਦੇ ਵੀ ਛੋਟੇ ਤਾਏ ਤੇ ਗੁੱਸਾ ਨਹੀਂ ਸੀ ਆਇਆ ਕਿਉਂਕਿ ਉਹਦੇ ਘਰ ਵਿੱਚ ਕੁਝ ਵੀ ਉਹਨਾਂ ਤੋਂ ਚੰਗਾ ਨਹੀ ਸੀ। ਉਹਨੂੰ ਛੋਟਾ ਤਾਇਆ ਅਕਸਰ ਆਪਣੇ ਬਾਪੂ ਨਾਲੋਂ ਚੰਗਾ ਲੱਗਦਾ ਰਿਹਾ ਸੀ ਘੱਟੋ ਘੱਟ ਉਹਨੇ ਹਿੱਕ ਦੇ ਜ਼ੋਰ ਨਾਲ ਘਰ ਵਿੱਚ ਆਪਣਾ ਬਣਦਾ ਹਿੱਸਾ ਤਾਂ ਲੈ ਲਿਆ ਸੀ, ਬਾਪੂ ਕਰ ਵੀ ਕੀ ਸਕਦਾ ਸੀ। ਵੱਡੇ ਤਾਏ ਦੀ ਧਿਰ ਭਾਰੂ ਸੁ, ਉਹਦੇ ਜਵਾਨ ਪੁੱਤਰ ਉਹਦੀਆਂ ਬਾਹਵਾਂ ਸਨ, ਬਾਪੂ ਕੱਲੀ-ਕਾਰੀ ਜਾਨ ਸੀ। ਮਾੜੇ ਲਈ ਦੱਬਣਾ ਹੀ ਸਭ ਤੋਂ ਚੰਗਾ ਢੰਗ ਹੋ ਸਕਦਾ ਹੈ, ਆਪਣੇ ਆਪ ਨੂੰ ਬਚਾਉਣ ਦਾ। ਪਰ ਫਿਰ ਉਹ ਸੋਚਣ ਲੱਗਦਾ ਉਹੋ ਜਿਹੇ ਬਚਣ ਨਾਲੋਂ ਕਿਤੇ ਚੰਗਾ ਹੈ। ਬਚਕੇ ਵੀ ਬਾਪੂ ਨੇ ਕੀ ਖੱਟ ਲਿਆ ਪਰ ਉਹ ਸੋਚਦਾ ਤਾਏ ਨੇ ਕਿਹੜਾ ਦੁਨੀਆਂ ਤੋਂ ਬਹੁਤੇ ਸੁੱਖ ਭੋਗ ਲਏ। ਉਹੀ ਕਲਾ-ਕਲੇਸ਼ ਉਹਦੇ ਘਰ ਵੀ ਤਾਂ ਪਿਆ ਰਹਿੰਦਾ ਸੀ। ਉਹ ਇਸ ਸਭ ਕਾਸੇ ਬਾਰੇ ਸੋਚਦਾ ਸੋਚਦਾ ਝੁੰਜਲਾ ਉੱਠਦਾ, ਉਹਨੂੰ ਕਿਸੇ ਗੱਲ ਦੀ ਕੋਈ ਸਮਝ ਨਾ ਪੈਂਦੀ।

ਉਹਨੂੰ ਆਪਣੇ ਤਾਏ ਅਤੇ ਬਾਪੂ ਤੋਂ ਲੈ ਕੇ ਆਪਣੇ ਭਰਾਵਾਂ ਤੱਕ ਅੱਡ ਹੋਣ ਦੀਆਂ ਘਟਨਾਵਾਂ ਚੇਤੇ ਆਈਆ। ਵਾਰ- ਵਾਰ ਹੋਏ ਕਲੇਸ਼ ਤੇ ਲੜਾਈ-ਝਗੜੇ ਯਾਦ ਆਏ। ਨਿਆਈਂ ਵਾਲੇ ਖੂਹ ਦੀਆਂ ਇੱਟਾਂ ਪੁੱਟ ਕੇ ਵੰਡੇ ਜਾਣ ਤੋਂ ਲੈ ਕੇ ਟਿਊਬਵੈਲ ਦੇ ਪਾਣੀ ਤੱਕ ਦੀ ਵੰਡ ਵੰਡਾਈ ਚੇਤੇ ਆਈ ਤੇ ਫਿਰ ' ਅੱਖੜ ਕਿਆਂ ' ਜੇ ਖਾਨਦਾਨ ਦੇ ਵਾਰਸਾਂ ਨੂੰ ਦੋ -ਦੋ ,ਤਿੰਨ-ਤਿੰਨ ਕਿੱਲੇ ਜ਼ਮੀਨ ਵਿਚੋਂ ਰੋਟੀ ਕੱਢਣ ਲਈ ਮਿੱਟੀ ਨਾਲ ਮਿੱਟੀ ਹੁੰਦੇ ਵੇਖਣ ਦੇ ਦਿਨ ਸਾਮ੍ਹਣੇ ਆਉਂਦੇ ਗਏ। ਸਕੂਲ ਵਿੱਚ ਪੜ੍ਹਨ ਸਮੇਂ ਦੇ ਆਪਣੇ ਦਿਨ ਯਾਦ ਆਏ। ਟੰਡੇ ਮਾਸਟਰ ਤੋਂ ਖਾਦੇ ਘਸੁੰਨਾਂ ਤੋਂ ਲੈ ਕੇ ਸਿਖਰ ਦੁਪਹਿਰੇ ਤਪਦੀ ਮਿੱਟੀ ਉੱਪਰ ਨੰਗੇ ਪੈਰੀਂ ਤੁਰਨਾ ਯਾਦ ਕਰਕੇ ਹੁਣ ਵੀ ਉਹਦੇ ਪੈਰਾਂ ਨੂੰ ਜਲੂਣ ਜਿਹੀ ਹੋਣ ਲੱਗ ਪਈ। ਸਾਇੰਸ ਮਾਸਟਰ ਤੇ ਹਿਸਾਬ ਵਾਲੀ ਮਾਸਟਰਨੀ ਵਾਲੀ ਘਟਨਾ ਯਾਦ ਕਰਕੇ ਉਹ ਮੁਸਕਰਾ ਪਿਆ। ਦਸਵੀਂ ਵਿੱਚ ਪੜ੍ਹਦਿਆਂ ਹੀ ਕਾਮਰੇਡਾਂ ਦੇ ਮੁੰਡੇ ਦੀ ਸ਼ਹਿ ਨਾਲ ਸਕੂਲ ਵਿੱਚ ਕੀਤੀ ਹੜਤਾਲ ਤੇ ਹੜਤਾਲ ਸਮੇਂ ਮਾਸਟਰ ਤੋਂ ਲਏ ਬਦਲੇ ਚੇਤੇ ਕਰਕੇ ਉਹ

ਪਹਿਲਾਂ ਮੁਸਕਰਾ ਪਿਆ ਤੇ ਫਿਰ ਉਹਦਾ ਮੂੰਹ ਕੁਸੈਲਾ ਜਿਹਾ ਹੋ ਗਿਆ।

ਉਹ ਸੋਚਦਾ ਕਿ ਸ਼ਾਇਦ ਸਾਬਤ ਕਦਮੀਂ ਤੇ ਆਪਣੇ ਆਪ ਤੁਰਨਾ ਉਹਨੇ ਸਿੱਖਿਆ ਹੀ ਨਹੀਂ। ਬਿਗਾਨੀਆਂ ਪੈੜਾਂ ਤੇ ਲੰਗੜੀਆਂ ਲੱਤਾਂ ਨਾਲ ਛੜੱਪੇ ਮਾਰ ਮਾਰ ਤੁਰਨਾ ਉਹਨੂੰ ਵਿਰਾਸਤ ਵਿੱਚ ਮਿਲਿਆ ਹੈ ਤੇ ਉਹ ਲਗਾਤਾਰ ਉਮਰ ਦੇ ਏਨੇ ਵਰ੍ਹੇ ਇੰਝ ਹੀ ਤੁਰਦਾ ਆਇਆ ਹੈ ਤੇ ਹੁਣ ਸ਼ਾਇਦ ਉਹਨੂੰ ਕਿਸੇ ਹੋਰ ਤਰ੍ਹਾਂ ਤੁਰਨ ਦੀ ਜਾਂਚ ਹੀ ਨਹੀਂ ਰਹੀ। ਉਹ ਫਿਰ ਸੋਚਦਾ ਹੈ ਕਿ ਸ਼ਾਇਦ ਤੁਰਨਾ ਤਾਂ ਉਹਨੇ ਸਿੱਖਿਆ ਹੀ ਨਹੀਂ। ਉਹਨੂੰ ਲੱਗਦਾ ਹੈ ਕਿ ਜਿਵੇਂ ਹੁਣ ਤੀਕ ਤਾਂ ਉਹ ਸਿਰਫ਼ ਰਿੜਦਾ ਹੀ ਰਿਹਾ ਹੈ। ਉਹਨੂੰ ਆਪਣੇ ਪੈਰਾਂ ਤੇ ਸ਼ੱਕ ਹੋਣ ਲੱਗਦਾ ਹੈ। ਉਹ ਟੋਹ ਕੇ ਦੇਖਦਾ ਹੈ ਕਿ ਦੋਵੇਂ ਪੈਰ ਹੀ ਸਲਾਮਤ ਹਨ। ਹੌਸਲਾ ਕਰਕੇ ਉਹ ਆਪਣੇ ਪੈਰਾਂ ਤੇ ਖੜੇ ਹੋਣ ਦਾ ਯਤਨ ਕਰਦਾ ਹੈ ਪਰ ਫਿਰ ਇਹ ਸੋਚ ਕੇ ਬਹਿ ਜਾਂਦਾ ਹੈ ਕਿ ਗੱਲ ਪੈਰਾਂ ਤੇ ਖੜੋਣ ਦੀ ਤਾਂ ਹੈ ਹੀ ਨਹੀਂ ਗੱਲ ਤਾਂ ਪੈਰਾਂ ਤੇ ਤੁਰਨ ਦੀ ਹੈ ਤੇ ਉਹ ਵੀ ਸਾਲਮ ਸਬੂਤੀ ਪੈਰ ਛੱਡਦਿਆਂ। ਉਹਨੂੰ ਆਪਣੇ ਲੰਗੇਪਣ ਦਾ ਅਹਿਸਾਸ ਹੋਣ ਲੱਗਦਾ ਹੈ ਤੇ ਉਹ ਝੱਟ ਰੇਤ 'ਤੇ ਪਈਆ ਟੁੱਟਵੀਆਂ ਪੈੜਾਂ ਵੱਲ ਧਿਆਨ ਹਟਾ ਕੇ ਸਰਕੜੇ ਦੇ ਬੂਰ ਨੂੰ ਨਿਹਾਰਨਾ ਸ਼ੁਰੂ ਕਰ ਦਿੰਦਾ ਹੈ। ਉਹਨੂੰ ਜਾਪਦਾ ਹੈ ਕਿ ਜਿਵੇਂ ਉਮਰ ਦੇ ਬੀਤੇ ਵਰ੍ਹੇ ਸਰਕੜਾ ਬਣ ਕੇ ਉਹਦੇ ਪਿੰਡੇ ਤੇ ਉੱਤਰ ਆਏ ਹੋਣ। ਫਿਰ ਉਸ ਨੂੰ ਉਹਨਾਂ ਲੋਕਾਂ ਦਾ ਖ਼ਿਆਲ ਆਉਂਦਾ ਹੈ, ਜਿਨ੍ਹਾਂ ਦੇ ਪਿੰਡੇ ਉਸ ਨੇ ਇਸ ਸਰਕੜੇ ਦੀ ਕੰਡ ਨਾਲ ਪੱਛ ਕੇ ਲਹੂ- ਲੁਹਾਨ ਕੀਤੇ ਹਨ। ਉਸਨੂੰ ਆਪਣੇ ਅਨੇਕਾਂ ਜਾਣੇ ਪਛਾਣੇ ਸਾਥੀ ਲੰਗੜੇ ਘੋੜਿਆਂ ਵਾਂਗੂੰ ਆਪਣੀਆਂ ਸੋਚਾਂ ਵਿੱਚ ਤੁਰਦੇ ਹੋਏ ਜਾਪਦੇ ਹਨ, ਜਿਨ੍ਹਾਂ ਦੀਆਂ ਪੈੜਾਂ 'ਤੇ ਉਹ ਅੱਡਾ-ਖੱਡਾ ਖੇਡਣ ਵਾਂਗ ਤੁਰਦਾ ਰਿਹਾ ਹੈ।

ਉਦੋਂ ਉਹ ਅਜੇ ਬਾਰਵੀਂ ਤੇਰਵੀਂ ਵਿੱਚ ਹੀ ਪੜ੍ਹਦਾ ਸੀ ਜਦੋਂ ਉਹਦਾ ਹਰਦਿਆਲ ਤੇ ਉਹਦੇ ਸਾਥੀਆਂ ਨਾਲ ਮੇਲ ਹੋਇਆ ਸੀ। ਉਹ ਪੰਜਾਬ ਸਟੂਡੈਂਟਸ ਯੂਨੀਅਨ ਦੇ ਕਰਿੰਦੇ ਹੀ ਨਹੀਂ, ਚੰਗੇ ਅਹੁਦੇਦਾਰ ਵੀ ਸਨ। ਉਹਨਾਂ ਵਿਚੋਂ ਹਰਦਿਆਲ ਨਾਲ ਉਹਦਾ ਮੇਲ ਜੋਲ ਕੁਝ ਜਲਦੀ ਤੇ ਵਧੇਰੇ ਹੋ ਗਿਆ ਸੀ। ਹਰਦਿਆਲ ਯੂਨੀਅਨ ਦਾ ਕੰਮ ਕਰਨ ਦੇ ਨਾਲ ਨਾਲ ਬੜੀ ਤੱਤੀ ਕਵਿਤਾ ਜਿਵੇਂ ਕਿ ਉਦੋਂ ਉਹ ਕਹਿੰਦੇ ਸਨ, ਲਿਖਦਾ ਹੁੰਦਾ ਸੀ ਤੇ ਉਹ ਉਸਦੀ ਕਵਿਤਾ ਤੇ ਉਹਦੇ ਵਿਚਾਰਾਂ ਤੋਂ ਬੜਾ ਪ੍ਰਭਾਵਿਤ ਹੋਇਆ ਕਰਦਾ ਸੀ। ਇਸ ਸਭ ਕਾਸੇ ਤੋਂ ਬਿਨਾਂ ਉਹ ਅਕਸਰ ਸੁਣਦਾ ਕਿ ਹਰਦਿਆਲ ਤੇ ਉਹਦੇ ਸਾਥੀ ਕੋਈ ਹੋਰ ਵੱਡਾ ਇਤਿਹਾਸਕ ਕਾਰਜ ਵੀ ਕਰ ਰਹੇ ਸਨ। ਇਸ ਇਤਿਹਾਸਕ ਕਾਰਜ ਦੀ ਸਮਝ ਉਹਨੂੰ ਕਾਫੀ ਪਿੱਛੋਂ ਜਾ ਕੇ ਆਈ ਸੀ। ਜਦੋਂ ਉਹ ਆਪ ਪੂਰੀ ਤਰ੍ਹਾਂ ਇਸ ਕਾਰਜ ਵਿੱਚ ਲੱਗ ਗਿਆ ਸੀ। ਉਸ ਨੇ ਸਭ ਕੁਝ ਛੱਡ ਛਡਾ ਕੇ ਸਿਰ ਧੜ ਦੀ ਬਾਜ਼ੀ ਲਾਈ ਸੀ। ਇਕ ਵਾਰ ਤਾਂ ਇਸ ਇਤਿਹਾਸਕ ਕਾਰਜ ਨੂੰ ਸਿਰੇ ਚਾੜ੍ਹਨ ਲਈ। ਪਰ ਇਸ ਸੰਬੰਧੀ ਉਹਨੂੰ ਬਹੁਤਾ ਕੁਝ ਤਾਂ ਉਦੋਂ ਵੀ ਪਤਾ ਨਹੀਂ ਸੀ ਅਤੇ ਨਾ ਹੀ ਕਦੇ ਜਾਨਣ ਦੀ ਬਹੁਤੀ ਇੱਛਾ ਕੀਤੀ ਸੀ। ਕਿਉਂਕਿ ਉਹ ਸਮਝਦਾ ਸੀ ਕਿ ਉਹਦਾ ਫ਼ਰਜ਼ ਕੰਮ ਕਰਨਾ ਹੈ। ਰਾਹ ਨਿਸ਼ਚਿਤ ਕਰਨਾ ਜਾਂ ਕਾਰਜ ਬਾਰੇ ਸੋਚਣਾ ਉਹਦਾ ਕੰਮ ਨਹੀਂ ਤੇ ਉਹ ਬਿਨਾਂ ਕਿਸੇ ਦਲੀਲਬਾਜ਼ੀ ਦੇ ਆਪਣਾ ਕਾਰਜ ਭੁਗਤਾਉਂਦਾ ਰਿਹਾ ਸੀ ਕਿਉਂਕਿ ਉਹ ਸਿਰਫ਼ ਏਨਾ ਜਾਣਦਾ ਸੀ ਕਿ ਇਹ ਇਤਿਹਾਸਕ ਕਾਰਜ ਪੂਰਾ ਹੋਏ ਬਿਨਾਂ ਉਹਦਾ ਤੇ ਉਹਦੇ ਵਰਗੇ



ਲੱਖਾਂ ਲੋਕਾਂ ਦਾ ਕੁੱਝ ਨਹੀਂ ਬਣ ਸਕਦਾ ਕਿੰਨ੍ਹੀਆਂ ਅਸਹਿ ਗੱਲਾਂ ਉਹਨੇ ਲਹੀਆਂ ਸਨ। ਕਿੰਨੀ ਵਾਰੀ ਮੌਤ ਦੇ ਮੂੰਹ ਵਿਚੋਂ ਆਪਣੇ ਆਪ ਨੂੰ ਖਿਚ ਲਿਆਇਆ ਸੀ ਉਹ। ਹਰ ਵਾਰ ਮਰਦੇ ਮਰਦੇ ਬਚਣ ਪਿੱਛੋਂ ਉਹ ਇਹੋ ਸੋਚਦਾ ਕਿ ਉਹ ਸ਼ਾਇਦ ਇਸੇ ਲਈ ਬਚ ਗਿਆ ਹੈ ਕਿ ਉਹਨੇ ਅਜੇ ਇਹ ਇਤਿਹਾਸਕ ਕਾਰਜ ਪੂਰਾ ਕਰਨਾ ਹੈ। ਉਹ ਵੇਲੇ ਯਾਦ ਕਰਕੇ ਹੁਣ ਵੀ ਉਹਨੂੰ ਸਰੂਰ ਜਿਹਾ ਆ ਜਾਂਦਾ ਹੈ।

ਜਦੋਂ ਉਹਨੂੰ ਆਪਣੇ ਸਭ ਤੋਂ ਵੱਡੇ ਪ੍ਰੇਰਨਾ ਸ੍ਰੋਤ ਹਰਦਿਆਲ ਤੋਂ ਮਹਾਨ ਇਤਿਹਾਸਕ ਜਿੱਤ ਦੀ ਥਾਂ ' ਛੋਟੀ ਜਿਹੀ ' ਹਾਰ ਦੀ ਖ਼ਬਰ ਮਿਲੀ ਸੀ ਤਾਂ ਉਹਨੂੰ ਆਪਣਾ ਆਪ ਰੁੰਡ-ਮੁੰਡ ਹੋਏ ਰੁੱਖ ਵਰਗਾ ਲੱਗਿਆ ਸੀ, ਜਿਸ ਦੇ ਫਿਰ ਫੁੱਟਣ ਦੀ ਕੋਈ ਉਮੀਦ ਬਾਕੀ ਨਾ ਹੋਵੇ। ਜਿਸ ਦੀਆਂ ਟਾਹਣੀਆਂ ਤੇ ਪੱਤੇ ਹੀ ਨਾ ਛਾਂਗੇ ਗਏ ਹੋਣ ਸਗੋਂ ਹੇਠੋਂ ਜੜ੍ਹਾਂ ਵੀ ਖੋਤਰ ਕੇ ਕੱਢ ਦਿੱਤੀਆਂ ਗਈਆਂ ਹੋਣ। ਮੌਤ ਦੇ ਸਾਏ ਤੋਂ ਸਿਰ ਲੁਕਾਉਂਦਾ ਉਹ ਕਈ ਚਿਰ ਪਤਾ ਨਹੀਂ ਕਿੱਥੇ ਕਿੱਥੇ ਮਾਰਿਆ ਮਾਰਿਆ ਲੁਕਦਾ ਫਿਰਦਾ ਰਿਹਾ ਸੀ। ਛੇਤੀ ਹੀ ਉਹਨੂੰ ਹਰਦਿਆਲ ਦੀ ਹੱਲਾਸ਼ੇਰੀ ਤੇ ਸੁੱਖ ਸੁਨੇਹਾ ਵੀ ਮਿਲਣਾ ਬੰਦ ਹੋ ਗਿਆ ਸੀ। ਉਹ ਤਿੜਕਿਆ ਜ਼ਰੂਰ ਸੀ ਪਰ ਟੁੱਟਿਆ ਨਹੀਂ ਸੀ। ਛੇਤੀ ਹੀ ਉਹ ਫਿਰ ਸੰਭਲ ਗਿਆ ਪਰ ਹੁਣ ਤੱਕ ਸਮਾਂ ਬੜੀ ਦੂਰ ਨਿੱਕਲ ਗਿਆ ਸੀ। ਇੱਕ ਵਾਰ ਫਿਰ ਉਹ ਬੇਆਸਰਾ ਸੀ। ਪੈੜ ਹੀਣ ਰਾਹਾਂ ਤੇ ਉਸ ਕੋਲੋਂ ਤੁਰਿਆ ਨਹੀਂ ਸੀ ਜਾਂਦਾ ਤੇ ਕੋਈ ਪੈੜ ਉਹਦੇ ਤੋਂ ਫੜ ਨਹੀਂ ਸੀ ਹੁੰਦੀ ਕਿਉਂਕਿ ਕਿੰਨੇ ਹੀ ਲੰਗੜੇ ਪੈਰਾਂ ਦੀਆਂ ਪੈੜਾਂ ਇੱਕ ਦੂਸਰੀ ਵਿੱਚ ਰਲਗੱਡ ਹੋਈਆਂ ਪਈਆਂ ਸਨ। ਇਹਨਾਂ ਵਿਚੋਂ ਆਪਣੇ ਲਈ ਕੋਈ ਪੈੜ ਤਲਾਸ਼ ਸਕਣਾ ਉਹਦੇ ਵੱਸ ਵਿੱਚ ਨਹੀਂ ਸੀ। ਅਖੀਰ ਉਹ ਉਸ ਸਮੇਂ ਦੀ ਉਡੀਕ ਕਰਨ ਲੱਗ ਪਿਆ ਸੀ ਜਦੋਂ ਕੋਈ ਨਾ ਕੋਈ ਪੈੜ ਆਪੇ ਉਹਦੇ ਤੱਕ ਆ ਪਹੁੰਚੇਗੀ।

ਹੌਲੀ ਹੌਲੀ ਪੈੜਾਂ ਸੁਲਝਦੀਆਂ ਗਈਆਂ ਸਨ ਪਰ ਉਹਦੇ ਹੱਥ ਆਉਣ ਤੋਂ ਪਹਿਲਾਂ ਹੀ ਉਹ ਆਪਣੇ ਆਪ ਵਿੱਚ ਸਿਮਟ ਕੇ ਅਲੋਪ ਹੋ ਜਾਂਦੀਆਂ ਸਨ। ਹਰਦਿਆਲ ਸਮੇਤ ਉਹਦੇ ਪੈੜ-ਸਿਰਜਕ ਰੋਟੀ-ਰੋਜ਼ੀ ਦੇ ਵਸੀਲੇ ਤਲਾਸ਼ ਕਰ ਚੁੱਕੇ ਸਨ ਤੇ ਸਭ ਨੇ ਕਿਸੇ ਨਾ ਕਿਸੇ ਤਰ੍ਹਾਂ ਮਾਫ਼ੀਨਾਮੇ ਹਾਸਲ ਕਰ ਲਏ ਸਨ। ਅਗਰ ਰਹਿ ਗਏ ਸਨ ਤਾਂ ਸਿਰਫ ਉਹ ਤੇ ਉਹਦੇ ਵਰਗੇ ਹੀ ਹੋਰ ਜੋ ਸਿਰਫ਼ ਲੰਗੜੀਆਂ ਪੈੜਾਂ 'ਤੇ ਛੜੱਪੇ ਮਾਰ ਕੇ ਚੱਲਣਾ ਹੀ ਸਿੱਖੇ ਸਨ। ਇੱਕ ਵਾਰ ਉਹਨੇ ਵੀ ਖੁਦ ਤੁਰ ਕੇ ਆਪਣੀ ਮੰਜ਼ਿਲ ਲੱਭਣ ਦੀ ਕੋਸ਼ਿਸ਼ ਕੀਤੀ ਸੀ। ਉਹ ਵੀ ਕਿਸੇ ਛੋਟੀ ਮੋਟੀ ਨੌਕਰੀ ਲਈ ਬਹੁਤ ਘੁੰਮਿਆਂ ਸੀ। ਬੜਾ ਖੱਜਲ ਖੁਆਰ ਹੋਇਆ ਸੀ। ਘਰ ਆ ਬਹਿਣਾ ਉਹਦੇ ਲਈ ਸੰਭਵ ਹੀ ਨਹੀਂ ਸੀ ਪਰ ਇਸ ਵਾਰ ਵੀ ਉਹ ਆਪ ਤੁਰ ਕੇ ਕਿਤੇ ਨਹੀਂ ਸੀ ਪਹੁੰਚ ਸਕਿਆ। ਇੱਕ ਵਾਰ ਉਹਨੂੰ ਆਪਣੇ ਆਪ 'ਤੇ ਖਿੱਝ ਆਉਂਦੀ ਹੈ। ਉਹ ਸੋਚਦਾ ਹੈ ਐਵੇਂ ਪੈਰਾਂ ਦਾ ਭਰਮ ਪਾਲਣ ਕੀ ਲੋੜ ਹੈ। ਇੱਕ ਵਾਰ ਫਿਰ ਉਹਦਾ ਧਿਆਨ ਰੇਤ ਉਪਰਲੀਆਂ ਪੈੜਾਂ ਵਲ ਜਾਂਦਾ ਹੈ ਪਰ ਝੱਟ ਹੀ ਉਹ ਮੂੰਹ ਦੂਸਰੇ ਪਾਸੇ ਫੇਰ ਕੇ ਬਹਿ ਜਾਂਦਾ ਹੈ। ਤੇਜ਼ ਤ੍ਰੇਹ ਲੱਗੀ ਹੋਣ ਦੇ ਬਾਵਜੂਦ ਉਹ ਉੱਠ ਕੇ ਪਾਣੀ ਪੀਣ ਜਾਣ ਦੀ ਹਿੰਮਤ ਨਹੀਂ ਕਰ ਸਕਦਾ ਤੇ ਹੌਲੀ ਹੌਲੀ ਛਿਪਦੇ ਜਾ ਰਹੇ ਸੂਰਜ ਨੂੰ ਨਿਹਾਰਦਾ ਰਹਿੰਦਾ ਹੈ। ਉਹ ਮਹਿਸੂਸ ਕਰਦਾ ਹੈ ਕਿ ਅੱਜ ਪਤਾ ਨਹੀਂ ਕਿੰਨੇ ਦਿਨਾਂ ਬਾਅਦ ਉਹਨੇ ਸੂਰਜ ਨੂੰ ਇਸ ਤਰ੍ਹਾਂ ਛਿਪਦੇ ਤੱਕਿਆ ਹੈ। ਛਿਪਦਾ ਸੂਰਜ ਉਹਨੂੰ ਚੰਗਾ


ਚੰਗਾ ਲੱਗਦਾ ਹੈ। ਸ਼ਾਇਦ ਇਸ ਲਈ ਕਿ ਇਹਦਾ ਛਿਪਣਾ ਹੀ ਉਹਨੂੰ ਰੇਤੇ ਤੇ ਪਈਆਂ ਪੈੜਾਂ ਦੇ ਭਰਮ ਤੋਂ ਮੁਕਤ ਕਰ ਸਕਦਾ ਸੀ। ਪਰ ਉਹ ਸੋਚਦਾ ਹੈ, ਉਨ੍ਹਾਂ ਪੈੜਾਂ ਤੋਂ ਮੁਕਤੀ ਕਿੰਝ ਮਿਲ ਸਕੇਗੀ, ਜੋ ਹਮੇਸ਼ਾ ਲਈ ਉਹਦੇ ਪਿੰਡੇ ’ਤੇ ਉਕਰੀਆਂ ਗਈਆਂ ਹਨ। ਉਹ ਸੋਚਦਾ ਹੈ ਕਿ ਉਹ ਪੀੜ੍ਹੀਆਂ ਦੇ ਲੰਗ ਨੂੰ ਹਮੇਸ਼ਾਂ ਇੱਕ ਹੋਰ ਢੰਗ ਦੁਆਰਾ ਪੂਰੇ ਕਰਨ ਦੀ ਕੋਸ਼ਿਸ ਵਿਚ ਲੱਗਾ ਹੋਇਆ ਕਿੰਨਾਂ ਬੇਵੱਸ ਤੇ ਲਾਚਾਰ ਹੋ ਗਿਆ ਹੈ।

ਪਤਾ ਨਹੀਂ ਕਿਉਂ ਭਗਤਾਂ ਦੇ ਪਿੰਗਲਾ-ਆਸ਼ਰਮ ਦਾ ਖਿਆਲ ਉਹਦੇ ਮਨ ਵਿੱਚ ਵਾਰ ਵਾਰ ਆ ਰਿਹਾ ਹੈ। ਪਰ ਉਹਨੂੰ ਤਾਂ ਕਿਸੇ ਵੀ ਥਾਂ ’ਤੇ ਪਹੁੰਚਣ ਲਈ ਕੋਈ ਪੈੜ ਚਾਹੀਦੀ ਹੈ, ਭਾਵੇਂ ਲੰਗੜੀ ਹੀ ਸਹੀ।

ਕਈ ਸਾਲਾਂ ਤੱਕ ਉਹ ਬਿਨ ਤੁਰਿਆ ਹੀ ਜਿਉਂਦਾ ਰਿਹਾ ਸੀ ਜਾਂ ਫਿਰ ਕਦੇ ਕਦਾਈ ਥੋੜਾ ਬਹੁਤ ਹੀਂਘਦਾ ਰਿਹਾ ਸੀ। ਹੌਲੀ ਹੌਲੀ ਭਾਵੇਂ ਉਹਨੂੰ ਹੀਂਘਣ ਦੀ ਆਦਤ ਪੈ ਗਈ ਸੀ। ਪਰ ਜੋ ਕੁਝ ਉਹ ਕਦੇ ਹੰਢਾ ਚੁੱਕਾ ਸੀ ਤੁਰਨ ਵਰਗਾ -ਦੌੜਨ ਵਰਗਾ, ਉਹ ਉਹਦਾ ਖਹਿੜਾ ਨਹੀਂ ਸੀ ਛੱਡਦਾ ਤੇ ਜ਼ਿੰਦਗੀ ਉਹਨੂੰ ਦਿਨੋਂ-ਦਿਨ ਕਿਸੇ ਅੰਨ੍ਹੇ ਖੂਹ ਵਲ ਧੱਕੀ ਜਾ ਰਹੀ ਸੀ। ਕਦੇ ਕਦੇ ਉਹਦਾ ਮਨ ਕਰਦਾ ਸਭ ਕੁਝ ਤਹਿਸ ਨਹਿਸ ਕਰ ਦੇਵੇ। ਕਦੇ ਸੋਚਦਾ ਖੁਦ ਸਭ ਕੋਸੇ ਤੋਂ ਮੁਕਤ ਹੋ ਕੇ ਜ਼ਿੰਦਗੀ ਦੇ ਮੂੰਹ ’ਤੇ ਚਪੇੜ ਕੱਢ ਮਾਰੇ ਪਰ ਉਹ ਕੁਝ ਵੀ ਨਹੀਂ ਸੀ ਕਰ ਸਕਿਆ ਤੇ ਹਮੇਸ਼ਾ ਧੁੰਧਲੀਆਂ ਹੋਈਆਂ ਰਲ-ਗੱਡ ਪੈੜਾਂ ਦੀ ਸ਼ਨਾਖ਼ਤ ਕਰਨ ਦੀ ਅਸਫ਼ਲ ਕੋਸ਼ਿਸ਼ ਕਰਦਾ ਰਿਹਾ ਸੀ। ਇੱਕ ਵਾਰ ਫਿਰ ਉਹਨੇ ਆਪਣੇ ਆਪ ਨੂੰ ਜਿਉਂਦੇ ਸਮਝਣ ਦਾ ਭਰਮ ਸਿਰਜ ਲਿਆ ਸੀ, ਜਦੋਂ ਕੁਝ ਸਮਾਂ ਪਹਿਲਾਂ ਉਹਨੂੰ ਫਿਰ ਕੋਈ ਪੈੜ ਮਿਲ ਗਈ ਸੀ। ਬਿਨਾਂ ਸੋਚੇ ਸਮਝੇ ਉਹ ਉਸ ਪੈੜ ’ਤੇ ਤੁਰ ਪਿਆ ਸੀ। ਉਹਨੂੰ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਸੀ ਪਿਆ। ‘ਮਹਾਨ ਇਤਿਹਾਸਕ ਕਾਰਜ’ ਦੀ ਥਾਂ ਕਿਸੇ ਨੇ ਉਹਨੂੰ ‘ਮਹਾਨ ਕੌਮੀ ਕਾਰਜ’ ਦੀ ਪੂਰਤੀ ਲਈ ਅਰੰਭੇ ਘੋਲ ਵਿੱਚ ਆ ਰਲਣ ਲਈ ਪ੍ਰੇਰ ਲਿਆ ਸੀ। ਉਹਨੇ ਕੁਝ ਵੀ ਸੋਚਣ -ਸਮਝਣ ਦੀ ਲੋੜ ਨਹੀਂ ਸੀ ਸਮਝੀ। ਸ਼ਾਇਦ ਜ਼ਿੰਦਗੀ ਨੇ ਉਹਦੇ ਕੋਲ ਸੋਚਣ ਲਈ ਕੁਝ ਰਹਿਣ ਹੀ ਨਹੀਂ ਸੀ ਦਿੱਤਾ। ਪਰ ਉਹਦਾ ਜਿਉਂਦੇ ਹੋਣ ਦਾ ਭਰਮ ਛੇਤੀ ਹੀ ਥਿੜਕਣ ਲੱਗ ਪਿਆ ਸੀ। ਕਦੇ-ਕਦੇ ਉਹ ਸੋਚਦਾ ਲੋਥਾਂ ਦੀਆਂ ਇੱਟਾਂ ਨਾਲ ਚਿਣੀਆਂ ਕੰਧਾਂ ਤੋਂ ਬਣੇ ਘਰ ਵਿੱਚ ਜੀਣ ਦਾ ਅਹਿਸਾਸ ਉਹ ਕਿਵੇਂ ਕਰ ਰਿਹਾ ਸੀ। ਪਿਛਲੇ ਕੁਝ ਦਿਨਾਂ ਤੋਂ ਉਹਨੂੰ ਹਰਦਿਆਲ ਨਾਲ ਬਿਤਾਏ ਦਿਨ ਬੜਾ ਯਾਦ ਆ ਰਹੇ ਸਨ, ਉਂਝ ਤਾਂ ਅਜਿਹਾ ਪਹਿਲਾਂ ਵੀ ਹੋ ਜਾਂਦਾ ਸੀ। ਪਰ ਦੋ ਚਾਰ ਦਿਨ ਤੋਂ ਉਹ ਸਾਰਾ ਕੁਝ ਉਹਨੂੰ ਇੱਕ ਪਲ ਲਈ ਵੀ ਸੁਰਖ਼ਰੂ ਨਹੀਂ ਸੀ ਹੋਣ ਦੇ ਰਿਹਾ। ਕਾਰਨ ਸ਼ਾਇਦ ਇਹ ਸੀ ਕਿ ਇੱਕ ਪਾਸੇ ਉਹਨੇ ਖ਼ਬਰ ਪੜ੍ਹੀ ਸੀ ਕਿ ਜਿਸ ਸਰਦਾਰ ਨੂੰ ਐਮ.ਐੱਲ. ਏ. ਹੁੰਦਿਆਂ ਹੋਇਆ ਮਾਰਨ ਲਈ ਕਦੇ ਹਰਦਿਆਲ ਰਾਹੀਂ ਉਨ੍ਹਾਂ ਨੂੰ ਆਦੇਸ਼ ਮਿਲੇ ਸਨ,ਆਉਂਦੇ ਬੁੱਧਵਾਰ ਨੂੰ ਉਸੇ ਸਰਦਾਰ ਐਮ.ਐਲ.ਏ. , ਜੋ ਹੁਣ ਮੰਤਰੀ ਵੀ ਹੈ, ਵਲੋਂ ਹਰਦਿਆਲ ਨੂੰ ਮਹਾਨ ਦੇਸ਼ ਭਗਤ ਤੇ ਲੋਕ ਹਿੱਤ ਪੱਤਰਕਾਰ ਵਜੋਂ ਸਨਮਾਨਿਤ ਕੀਤਾ ਜਾ ਰਿਹਾ ਸੀ ਤੇ ਦੂਸਰੇ ਪਾਸੇ ਉਹਨੂੰ ਆਦੇਸ਼ ਪ੍ਰਾਪਤ ਹੋਏ ਹਨ ਕਿ ਸਰਦਾਰ ਮੰਤਰੀ ਤੇ ਪੱਤਰਕਾਰ ਹਰਦਿਆਲ ਕੌਮੀ ਗ਼ਦਾਰ ਹੋਣ ਕਰਕੇ ਜੀਣ ਦੇ ਹੱਕਦਾਰ ਨਹੀਂ , ਉਹਨਾਂ ਨਾਲ ਛੇਤੀ ਤੋਂ ਛੇਤੀ ਨਜਿੱਠਿਆ ਜਾਵੇ। ਇਹ ਸੋਚਦਿਆ ਹੀ ਉਹਨੂੰ



ਅੱਚਵੀਂ ਜਿਹੀ ਲੱਗਦੀ ਮਹਿਸੂਸ ਹੁੰਦੀ ਹੈ। ਉਹ ਆਸੇ ਪਾਸੇ ਦੇਖਦਾ ਹੈ ਕੁਝ ਨਜ਼ਰ ਨਹੀਂ ਆਉਂਦਾ। ਸੂਰਜ ਪਤਾ ਨਹੀਂ ਕਦੋਂ ਦਾ ਛਿਪ ਚੁੱਕਾ ਸੀ ਤੇ ਰੇਤ ’ਤੇ ਕੋਈ ਪੈੜ ਨਜ਼ਰ ਸੀ ਆ ਰਹੀ। ਉਹ ਹੈਰਾਨ ਹੁੰਦਾ ਹੈ ਕਿ ਕਿ ਉਹਦੇ ਸਾਥੀ ਉਹਦੇ ਨਾਲ ਨਹੀਂ ਹਨ। ਉਹ ਬਿਲਕੁਲ ਇਕੱਲਾ ਹੈ। ਉਹ ਆਸਮਾਨ ਵੱਲ ਦੇਖਦਾ ਹੈ। ਤਾਰੇ ਨਿੱਕਲ ਆਏ ਸਨ। ਚੜ੍ਹਦੇ ਵਲ ਸਰਵਣ ਦੀ ਵਹਿੰਗੀ ਦੇ ਤਿੰਨ ਤਾਰੇ ਉਹਨੂੰ ਫਿਰ ਲੰਗੜੇ ਘੋੜੇ ਦੀ ਪੈੜ ਦਾ ਚੇਤਾ ਕਰਵਾ ਦਿੰਦੇ ਹਨ। ਛੜੱਪੇ ਮਾਰ ਕੇ ਤੁਰਨ ਜਾਂ ਹੀਂਘਣ ਵਿੱਚ ਉਹਦਾ ਕੀ ਦੋਸ਼ ਹੈ। ਉਹਨੇ ਤਾਂ ਪੀੜ੍ਹੀ ਦਰ-ਪੀੜ੍ਹੀ ਤੁਰੀ ਆ ਰਹੀ ਵਿਰਾਸਤ ਨੂੰ ਸਾਂਭਣ ਤੋਂ ਸਿਵਾਏ ਕੁਝ ਵੀ ਨਹੀਂਕੀਤਾ। ਇੱਕ ਵਾਰ ਫਿਰ ਉਹ ਆਪਣੇ ਆਪ ਨੂੰ ਸੋਚਾਂ ਦੇ ਚੱਕਰਵਿਊ ਵਿੱਚ ਪਿਆ ਮਹਿਸੂਸ ਕਰਦਾ ਹੈ ਪਰ ਸੋਚਾਂ ਨਹੀਂ, ਹਜ਼ਾਰਾਂ ਕੁਰਲਾਹਟਾਂ, ਉਹਦੇ ਜ਼ਿਹਨ ਵਿੱਚ ਫ਼ਤੂਰ ਪਾ ਦੇਂਦੀਆਂ ਹਨ। ਉਹਨੂੰ ਫਿਰ ਆਪਣੇ ਜਿਉਂਦੇ ਹੋਣ ਦਾ ਅਹਿਸਾਸ ਹੋ ਰਿਹਾ ਪ੍ਰਤੀਤ ਹੁੰਦਾ ਹੈ। ਉਹ ਹੈਰਾਨ ਹੁੰਦਾ ਹੈ ਕੁਰਲਾਹਟਾਂ ਦੇ ਸ਼ੋਰ ਨਾਲ ਲੰਗੜੇ ਘੋੜੇ ਦੀਆਂ ਪੈੜਾਂ ਇੱਕ ਇੱਕ ਕਰਕੇ ਮਿੱਟ ਜਾਂਦੀਆਂ ਹਨ ਤੇ ਥੋੜੇ ਚਿਰ ਵਿੱਚ ਉਹਨੂੰ ਲੱਗਦਾ ਹੈ ਜਿਵੇਂ ਉਹ ਫਿਰ ਪੈੜਹੀਨ ਰਾਹ ਤੇ ਨਿਆਸਰਾ ਖੜਾ ਹੈ। ਉਹ ਕੋਈ ਪੈੜ ਲੱਭਣ ਦੀ ਕੋਸ਼ਿਸ਼ ਕਰਦਾ ਹੈ ਪਰ ਦੂਰੋਂ ਆਉਂਦੀਆਂ ਗੱਡੀਆਂ ਦੀ ਤੇਜ਼ ਰੌਸ਼ਨੀ ਉਹਦੀਆਂ ਅੱਖਾਂ ਚੁੰਧਿਆ ਦਿੰਦੀ ਹੈ। ਉਹ ਦੋ ਪਲ ਸੋਚਦਾ ਹੈ ਤੇ ਫਿਰ ਪੈੜ ਹੀਨ ਪੈਰਾਂ ’ਤੇ ਖੜਾ ਹੋ ਜਾਂਦਾ ਹੈ। ਸਾਰੀਆਂ ਸੋਚਾਂ ,ਕੁਰਲਾਹਟਾਂ ਸਾਂਭੀ ਇੱਕ ਵਾਰ ਫਿਰ ਜੀਣ ਦੇ ਅਹਿਸਾਸ ਦੇ ਨਾਲ ਸਾਹਮਣੇ ਸ਼ਾਂਤ ਵਗਦੇ ਦਰਿਆ ਵਿੱਚ ਜਾ ਵੜਦਾ ਹੈ।


**ਪੰਜਾਬੀ ਦਲਿਤ ਕਹਾਣੀ**

**ਅਧਾਰ ਤੇ ਅਧਿਐਨ**

***ਡਾ. ਰਜਨੀਸ਼ ਬਹਾਦਰ ਸਿੰਘ***

**Parwaz Parkashan**
**Vill Dharampura, PO Khambra,**
**Distt. Jalandhar, Punjab-144026**
**email: parwazparkashan@gmail.com**
**web: www.parwazparkashan.com**
**Mob. 9417064350**

# ਕਹਾਣੀ / ਬਦਲਦੇ ਰਿਸ਼ਤਿਆਂ ਦੇ ਸਮੀਕਰਨ / ਪ੍ਰੀਤ ਨੀਤਪੁਰ

ਰਾਤ ਦਾ ਚੌਥਾ ਪਹਿਰ।

ਤੇ ਟੁੱਟਵੇਂ ਜਿਹੇ ਬੱਦਲਾਂ 'ਚੋਂ ਚੋਰ-ਝਾਤੀਆਂ ਮਾਰਦਾ ਅੱਧੀ ਰੋਟੀ ਜਿੱਡਾ ਚੰਨ। ਤੇ ਵਿਰਲੇ-ਵਿਰਲੇ ਜਗਦੇ ਬੁਝਦੇ ਤਾਰੇ। ਤੇ ਪੱਛੋ ਦੀ ਰੁਮਕਦੀ ਹਵਾ। ਤੇ ਪਹੁ-ਫੁਟਾਲੇ ਦੀ ਆਮਦ ਦੀ ਸੂਚਨਾ ਦਿੰਦੇ ਬਾਂਗਾ ਦਿੰਦੇ ਕੁੱਕੜ.....।

ਤੇ ਪਿੰਡੋਂ ਬਾਹਰਵਾਰ ਬਣੀ ਕੋਠੀ ਦੇ ਇੱਕ ਕਮਰੇ 'ਚ ਜ਼ੀਰੋ ਵਾਰਡ ਦੇ ਬਲਬ ਦੀ ਨਿੰਮੀ-ਨਿੰਮੀ ਰੋਸ਼ਨੀ ਤੇ ਧੀਮੀ ਗਤੀ ਨਾਲ ਚੱਲਦਾ ਛੱਤ ਵਾਲਾ ਪੱਖਾ। ਤੇ ਬੱਲਬ ਦੀ ਦੁਧੀਆਂ ਰੋਸ਼ਨੀ 'ਚ ਪ੍ਰਤੱਖ ਦਿਸਦੇ ਕਿ ਉਹ, ਦੋਵੇਂ ਮੁੰਡਾ ਤੇ ਤੀਮੀ ਇੱਕੋ ਬੈਡ ਤੇ ਪਏ ਆ ਜਾਗਦੇ, ਚੁੱਪ-ਚਾਪ ਛੱਤ ਵੱਲ ਝਾਕਦੇ। ਜਿਵੇਂ ,ਚੱਲਦੇ ਪੱਖੇ ਦੇ ਗੇੜਿਆ ਦੀ ਗਿਣਤੀ ਕਰਦੇ ਹੋਣ। ਲੱਗਦੈ ਉਨ੍ਹਾਂ ਦੇ ਅੰਦਰ ਕੋਈ ਕਸ਼ਮਕਸ਼ ਹੈ। ਕੋਈ ਦੁਬਿਧਾ ਹੈ। ਕੋਈ ਸਮੱਸਿਆ ਹੈ। ਜਿਹਦੇ ਬਾਰੇ ਉਹ ਗੰਭੀਰਤਾ ਨਾਲ ਸੋਚ ਰਹੇ ਸੀ। ਕੁੱਝ ਵੀ ਹੋ, ਦੋਵਾਂ ਦੀ ਖਾਮੋਸ਼ੀ। ਚੁੱਪ ਰਾਜ਼ ਭਰੀ ਹੈ। ਭੇਤਪੂਰਨ....।

ਪੱਖੇ ਦੀ ਮੱਧਮ ਜਿਹੀ ਆਵਾਜ਼ ਤੋਂ ਬਿਨਾਂ ਕਮਰੇ ਦੀ ਠਹਿਰੀ ਹੋਈ ਖਾਮੋਸ਼ੀ ਨੂੰ ਭੰਗ ਕਰਦਾ, ਇੱਕ ਭੂੰਡ ਨੁਮਾ ਜੀਵ, ਬਲਬ ਨਾਲ ਬਾਰ ਬਾਰ ਟਕਰਾ ਕੇ ਆਪਾ ਤੁੜਾ ਰਿਹਾ ਹੈ ਤੇ ਇੱਕ ਕਿਰਲੀ ਉਸ ਭੂੰਡ ਵੱਲ ਸਿਸਤ ਬੰਨ੍ਹੀ ਬੈਠੀ ਪੂਛ ਹਿਲਾ ਰਹੀ ਹੈ ਤੇ ਭੂੰਡ ਰੋਸ਼ਨੀ 'ਤੇ ਐਨਾ ਮੋਹਿਤ ਹੈ ਕਿ ਉਹਨੂੰ ਕਿਰਲੀ ਦੇ ਹਮਲਾਵਰ ਪੈਂਤੜੇ ਦੀ ਖ਼ਬਰ ਤਕ ਨਹੀਂ।

ਤੇ ਮਲਕੜੇ ਜਿਹੇ ਮੁੰਡੇ ਦੀ ਛਾਤੀ 'ਤੇ ਹੱਥ ਧਰਦਿਆਂ ਤੀਮੀ ਅਪਣੱਤ ਅਤੇ ਮੋਹ ਭਿੱਜੇ ਸ਼ਬਦਾਂ 'ਚ ਬੋਲੀ।

"ਮੈਂ ਹੁਣ ਜਾਵਾਂ?"

ਮੁੰਡਾ ਚੁੱਪ ਹੈ।

"ਕੀ ਗੱਲ ਬੋਲਦਾ ਨ੍ਹੀ?" ਤੀਮੀ ਨੇ ਮੁੰਡੇ ਨੂੰ ਆਪਣੇ ਨਾਲ ਘੁੱਟਦਿਆਂ ਕਿਹਾ, "ਕੀ ਸੋਚਦੈ?"

"ਕੁਸ਼ ਨ੍ਹੀ।" ਮੁੰਡਾ ਜਿਵੇਂ ਪਾਤਾਲ 'ਚੋਂ ਬੋਲਿਆ ਹੋਵੇ। ਉਹਦੇ ਚਿਹਰੇ 'ਤੇ ਉਦਾਸੀ ਦੀ ਮੱਧਮ ਜਿਹੀ ਪਰਤ ਜੰਮ ਜਾਂਦੀ ਹੈ। ਤੇ ਅੱਖਾਂ 'ਚੋਂ ਖਾਲੀਪਣ....।

"ਤੂੰ ਕਦੇ ਕਦੇ ਐ ਉਦਾਸ ਜਿਹਾ ਕਾਹਤੋ ਹੋ ਜਾਂਦੈ ?"

ਮੁੰਡਾ ਕੋਈ ਜਵਾਬ ਨਹੀਂ ਦਿੰਦਾ। ਬਸ ਇੱਕ ਟੱਕ ਕਿਰਲੀ ਤੇ ਭੂੰਡ ਦੀ ਖੇਡ ਵੇਖਦਾ ਰਹਿੰਦਾ ਹੈ।

"ਅੜਿਆ! ਤੇਰੀ ਚੁੱਪ ਮੇਰੇ ਸੀਨੇ ਬਰਛੀ ਹੋ ਜਾਂਦੀ ਹੈ।" ਤੀਮੀ ਮੁੰਡੇ ਦੇ ਵਾਲਾਂ 'ਚ ਉਂਗਲਾਂ ਦੀ ਕੰਘੀ ਕਰਦੀ ਹੈ। "ਵਿਨੋਦ, ਮੈਂ ਤੇਰਾ ਉਦਾਸ ਚਿਹਰਾ ਨ੍ਹੀ ਵੇਖ ਸਕਦੀ। ਰੱਬ ਦੇ ਵਾਸਤੇ, ਜਿਹੜੀ ਤੇਰੇ ਢਿੱਡ 'ਚ ਘੁੰਡੀ ਆ ਖੋਲ੍ਹਦੇ। ਜੇ ਤੂੰ ਮੇਰੇ ਨਾਲ ਬੇਵਫ਼ਾਈ ਕੀਤੀ ਤਾਂ ਮੈਂ ਕੁਸ਼ ਖਾ ਕੇ ਮਰਜੂਗੀ.....।"



ਤੀਮੀ ਦੀਆਂ ਝੀਲ ਵਰਗੀਆਂ ਅੱਖਾਂ 'ਚੋਂ ਹੰਝੂ ਲਿਸ਼ਕੇ। ਤੇ ਇੱਕ ਉੱਭੇ ਸਾਹ ਨਾਲ ਉਹਦੀਆਂ ਭਾਰੀਆਂ ਛਾਤੀਆਂ ਪਾਣੀ 'ਚ ਤਰਦੇ ਨਾਰੀਅਲ ਵਾਗੂੰ ਉਤਾਂਹ ਉਠਾਹ ਹੋਈਆ। ਹਿੱਲੀਆਂ....।

ਤੇ ਮੁੰਡੇ ਨੇ ਪਾਸਾ ਪਰਤਿਆ ਤੇ ਤੀਮੀ ਨੂੰ ਆਪਣੀ ਹਿੱਕ ਨਾਲ ਘੁੱਟ ਕੇ ਬੋਲਿਆ, "ਤੂੰ ਤਾਂ ਬਾਹਲੀ ਛੇਤੀ ਫਿੱਸ ਪੈਨੀ ਆ।" ਮੁੰਡਾ ਉਹਦੇ ਮੱਥੇ ਤੇ ਆਈ ਲਿੱਟ ਨੂੰ ਸੰਵਾਰ ਦਾ।

ਤੀਮੀ ਮੁੰਡੇ ਦੀ ਛਾਤੀ ਨਾਲ ਸਿਰ ਜੋੜ ਕੇ ਫਿੱਸ ਪੈਂਦੀ ਹੈ। ਡੁਸਕਦੀ ਹੈ।

"ਕੀ ਅੱਜ ਈ ਸਾਰਾ ਰੋ ਲੈਣਾ?" ਮੁੰਡਾ ਉਹਦੀ ਪਿੱਠ 'ਤੇ ਹੱਥ ਫੇਰਦਾ, "ਚੁੱਪ ਕਰ ਜਾ, ਨਹੀਂ ਫਿਰ ਮੈਂ ਵੀ ਰੋਣ ਲੱਗ ਪੈਣਾ...।"

ਮੁੰਡਾ ਉਹਦੇ ਦੰਦਾਸੇ ਬੁੱਲ੍ਹਾਂ 'ਤੇ ਉਂਗਲ ਫੇਰਦਾ। ਨਾਲੇ ਹੱਸਦਾ ਹੈ। ਛੇੜਦਾ। ਮਨਾਉਂਦੈ।

"ਬਹੁਤ ਪਿਆਰੇ ਆ ਬੁੱਲ੍ਹ...ਮੁਅੱਚ।"

ਤੀਮੀ ਦੀ ਅੰਤਰ ਆਤਮਾ 'ਚੋਂ ਇੱਕ ਖਾਮੋਸ਼ ਧੁੰਨੀ ਗੂੰਜਦੀ ਹੈ।

"ਜੇ ਕੋਈ ਲੈ ਜੇ ਤੇਰੀ ਬਾਂਹ ਫੜਕੇ।<br>
ਵੇ ਦੱਸ ਰੋਇਆ ਕਰੇਗਾ<br>
ਸਾਨੂੰ ਯਾਦ ਕਰਕੇ....।"

ਮੁੰਡਾ ਉਹਨੂੰ ਆਪਣੀਆਂ ਬਾਹਾਂ 'ਚ ਘੁੱਟ ਲੈਂਦਾ। ਚੁੰਮਦਾ। ਲਾਡ ਲਡਾਉਂਦਾ। ਪਿਆਰ ਕਰਦਾ।

ਤੇ ਫਿਰ ਉਹ ਮੋਮ ਵਾਗੂੰ ਪੰਘਰ ਕੇ ਇੱਕ- ਦੂਜੇ ਵਿੱਚ ਘੁੱਲ ਮਿਲ ਜਾਂਦੇ ਆ। ਮਿਕਸ ਹੋ ਜਾਂਦੇ ਆ। ਜਿਵੇਂ ਸੁਰਮੇ 'ਚ ਸੰਧੂਰ...।

ਮਾੜੇ ਨਸੀਬਾਂ ਵਾਲੀ ਨਸੀਬੋ ਨੇ ਅਜੇ ਅਠ੍ਹਾਰਵਾਂ ਸਾਲ ਵੀ ਪਾਰ ਨਹੀਂ ਸੀ ਕੀਤਾ ਕਿ ਉਹਦੀ ਸ਼ਾਦੀ ਹੋ ਜਾਂਦੀ ਹੈ। ਤੇ ਇੱਕਤੀਵੇਂ ਸਾਲ 'ਚ ਪੈਰ ਰੱਖਦਿਆਂ ਹੀ ਉਹ ਵਿਧਵਾ ਹੋ ਗਈ ਸੀ। ਤੱਤੇ ਲੇਖਾਂ ਵਾਲੀ ਨਸੀਬੋ ਨੇ ਨਾ ਹੀ ਜਵਾਨੀ ਦਾ ਆਨੰਦ ਮਾਣਿਆ । ਤੇ ਨਾ ਹੀ ਗ੍ਰਹਿਸਥੀ ਜੀਵਨ 'ਚ ਕੋਈ ਸੁੱਖ ਵੇਖਿਆ, ਅਖੇ ਪੈ ਗਏ ਮਾਮਲੇ ਭਾਰੇ ਨਰਮ ਸਰੀਰਾਂ ਨੂੰ....।

ਨਸੀਬੋ ਦਾ ਪਤੀ ਸਾਂਵਲੇ ਰੰਗਾਂ, ਹੱਡਾਂ-ਪੈਰਾਂ ਦਾ ਮੋਕਲਾ, ਭਰਵੇਂ ਜੁੱਸੇ ਵਾਲਾ ਨਰੇਸ਼ ਰਾਜ ਮਿਸਤਰੀ ਸੀ। ਨਿਪੁੰਨ ਕਾਰੀਗਰ । ਕੰਮ ਨੂੰ ਧੱਕੜ। ਸੁਭਾ ਦਾ ਕੋਰਾ ਕਰਾਰਾ। ਅੜਬ। ਪਰ ਸ਼ਰਾਬ ਤੇ ਸਿਗਰਟ ਉਹਦੀ ਕਮਜ਼ੋਰੀ ਸੀ। ਭੈੜੀ ਅਲਾਮਤ...।

ਵਿਆਹ ਤੋਂ ਪਹਿਲਾਂ ਨਰੇਸ਼ ਚਾਰ ਕੁ ਸਾਲ ਡੁਬੱਈ ਲਾ ਕੇ ਆਇਆ ਸੀ। ਡੁੱਬਈ ਵਾਲਾ ਵੇਖ ਕੇ ਈ ਮਾਪਿਆ ਨੇ ਸੋਨੇ ਵਰਗੀ ਕੁੜੀ ਉਹਦੇ ਲੜ ਲਾਈ ਸੀ ਨਸੀਬੋ। ਪਰ ਨਸੀਬੋ ਦਾ ਸੋਨਾ ਲੋਹਾ ਹੋ ਗਿਆ ਸੀ। ਨਰੇਸ਼ ਵਿਆਹ ਤੋਂ ਬਾਅਦ ਸਾਲ ਕੁ ਖੰਡ ਡੁੱਬਈ ਰਹਿ ਕੇ ਮੁੜ ਆਇਆ ਸੀ 'ਤੇ ਸਦਾ ਲਈ ਮੁੜ ਆਇਆ ਸੀ। ਫਿਰ ਉਹਨੇ ਡੁੱਬਈ ਜਾਣ ਦਾ ਕਦੇ ਨਾਂ ਤੱਕ ਨਹੀਂ ਲਿਆ। ਵਿਚੋਂ ਗੱਲ ਪਤਾ ਨਹੀਂ ਕਿਹੜੀ ਸੀ? ਲੋਕ ਗੱਲਾਂ ਕਰਦੇ ਕੋਈ ਕਹਿੰਦੇ, "ਇਹਨੇ ਉੱਥੇ ਫੋਰਮੈਨ ਕੁੱਟਿਆ। ਤਾਂ ਹੀ ਕੱਢਤਾ ਅਗਲਿਆ

ਨੇ.....।"

ਕੋਈ ਕਹਿੰਦੈ, "ਇਹ ਸ਼ਰਾਬ ਵੇਚਦਾ ਫੜਿਆ ਗਿਆ ਸੀ। ਛੇ ਮਹੀਨੇ ਅੰਦਰ ਰਿਹਾ, ਜੇਲ੍ਹ 'ਚ....।"

ਤੇ ਕੋਈ ਜਣਾ ਕੁਸ਼ ਹੋਰ ਕਹਿੰਦਾ। ਪਰ ਨਛੱਤਰ ਅਮਲੀ ਦਾ ਆਪਣਾ ਈ ਕਿਆਫ਼ਾ ਸੀ। ਲੱਖਣ..। ਅਖੇ, "ਸਨੁੱਖੀ ਤੀਮੀ ਬਾਹਲਾ ਚਿਰ ਸੁੰਨੀ ਨ੍ਹੀ ਛੱਡੀ ਜਾਂਦੀ ਹੁੰਦੀ।" ਅਮਲੀ ਤਲੀ 'ਤੇ ਜਰਦਾ ਮੱਲਦਾ ਘਰੋੜ ਕੇ ਬੋਲਦਾ," ਸੋਹਣੀ ਰੰਨ ਤੇ ਟਪਕੇ ਅੰਬ ਨੂੰ ਹਰ ਕਿਸੇ ਦਾ ਜੀਅ ਲਲਚਾਉਂਦਾ ਹੁੰਦੈ।"

ਅਮਲੀ ਦੀ ਗੱਲ 'ਤੇ ਸਾਰੇ ਹੱਸ ਪੈਂਦੇ।

"ਨਰੇਸ਼ ਤਾਂ ਸਾਲਾ, ਬੜਕੌਂਕ ਜਿਹਾ ਪਹਾੜੀ ਕਾਂ ਅਰਗਾ। ਉਹ ਆ ਸ਼ਾਹ ਅੱਖੀ, ਚੀਨੀ ਕਬੂਤਰੀ...।" ਲੰਬੜਾ ਦਾ ਜੀਤ ਨਸੀਬੋ ਦੇ ਖੂਬਸੂਰਤ ਨੈਣ ਨਕਸ਼ਾਂ ਦੀ ਸਿਫ਼ਤ ਕਰਦਾ ਹੈ।

ਨਸੀਬੋ ਵਾਕਿਆ ਈ ਸੋਹਣੀ -ਸਨੁੱਖੀ ਤੇ ਭਰ ਜਵਾਨ ਸੀ। ਛਾਟਵਾਂ ਸਰੀਰ । ਨਾ ਹੀ ਪਤਲੀ ਨਾ ਭਾਰੀ। ਮਿੱਠ ਬੋਲੜੀ ਤੇ ਸੰਜਮ , ਸਲੀਕਾ ਤੇ ਸਹਿਣਸ਼ੀਲਤਾ ਵਰਗੇ ਗੁਣਾਂ ਦੀ ਗੁਥਲੀ...।"

ਨਰੇਸ਼ ਦੀ ਕੁੰਦਨ ਵਰਗੀ ਦੇਹੀ ਨੂੰ ਨਿੱਤ ਦੀ ਸ਼ਰਾਬ ਨੇ ਘੁਣ ਵਾਂਗ ਖਾ ਲਿਆ ਸੀ। ਉਹਦੇ ਲੀਵਰ ਤੇ ਫੇਫੜਿਆਂ 'ਚ ਵੱਡਾ ਨੁਕਸ ਪੈ ਗਿਆ ਸੀ। ਹੱਥ ਕੰਬਣ ਲੱਗ ਪਏ ਸੀ। ਆਖਿਰ ਉਹ ਅਟੈਕ ਦੇ ਇੱਕ ਮਾਮੂਲੀ ਜਿਹੇ ਝਟਕੇ ਨਾਲ ਇਸ ਰੰਗਲੀ ਦੁਨੀਆਂ ਨੂੰ ਸਦਾ ਲਈ ਅਲਵਿਦਾ ਕਹਿ ਗਿਆ ਸੀ।

ਤੇ ਨਸੀਬੋ !! ਤਿੰਨਾਂ ਬੱਚਿਆ ਦੀ ਮਾਂ ਨਸੀਬੋ ਨਾ ਉਸ ਪਾਰ ਦੀ ਰਹੀ ਨਾ ਇਸ ਪਾਰ ਦੀ...ਉਹਦੀ ਜ਼ਿੰਦਗੀ ਦੀ ਬੇੜੀ ਘੁੰਮਣਘੇਰੀ ਵਿਚ ਫਸ ਗਈ ਸੀ। ਚੱਪੂਆ ਸਮੇਤ ਉਹਦਾ ਮਲਾਹ ਮੁੱਖ ਮੋੜ ਗਿਆ ਸੀ। ਦਗਾ ਦੇ ਗਿਆ ਸੀ। ਕਿਨਾਰਾ ਦੂਰ ਸੀ। ਸਿਰ 'ਤੇ ਝੱਖੜ ਝੁੱਲਦਾ ਸੀ। ਤੁਫ਼ਾਨ ਸ਼ੂਕਦਾ ਸੀ। ਸ਼ੂਕਦੇ ਤੁਫ਼ਾਨ ਵਿੱਚ ਘਿਰੀ ' ਕੱਲੀ ਤੀਮੀ ਮਾਨੀ ਦੇ ਕਦੋਂ ਤੇ ਕਿੱਥੇ ਪੈਰ ਲੱਗਣਗੇ...? ਕੋਈ ਜਵਾਬ ਨਹੀਂ। ਨਸੀਬੋ ਜ਼ਾਰ ਜ਼ਾਰ ਰੌਂਦੀ। ਨਿਮਾਣੀ....।

ਨਰੇਸ਼ ਦੇ ਕਿਰਿਆ ਕਰਮ ਤੋਂ ਬਾਅਦ ਨਸੀਬੋ ਦੇ ਮਾਪਿਆਂ, ਸੌਹਰਿਆਂ ਤੇ ਹੋਰ ਨੇੜਲੇ ਰਿਸ਼ਤੇਦਾਰਾਂ ਨੇ ਬਹਿ ਕੇ ਸਿਰ ਜੋੜ ਕੇ ਸਲਾਹ ਕੀਤੀ ਕਿ ਨਸੀਬੋ ਨੂੰ ਉਹਦੇ ਦਿਉਰ ਜੰਗੀ ਦੇ ਬਿਠਾ ਦਿੱਤਾ ਜਾਵੇ। ਨਸੀਬੋ ਦੀ ਅਜੇ ਉਮਰ ਈ ਕੀ ਸੀ? ਮਸਾਂ ਇਕੱਤੀ ਸਾਲ। ਇਕੱਤੀ ਸਾਲ ਵੀ ਕੋਈ ਉਮਰ ਹੁੰਦੀ ਹੈ। ਇਕੱਤਵੇਂ ਸਾਲ 'ਚ ਔਰਤ ਭਰ ਜਵਾਨ ਹੁੰਦੀ ਹੈ। ਤੇ ਆਕਰਸ਼ਿਤ ਵੀ...। ਜੰਗੀ ਦੀ ਵੀ ਲੱਗਭੱਗ ਇਹੋ ਉਮਰ ਸੀ, ਤੀਹ ਬੱਤੀ । ਪਰ ਉਹ ਅਜੇ ਕੁਆਰਾ ਸੀ। ਛੜਾ। ਗੱਲ ਠੀਕ ਸੀ। ਗੱਲ ਬਣਦੀ ਵੀ ਸੀ। ਕਿ ਨਸੀਬੋ ਦਾ ਸਿਰ ਢੱਕਿਆ ਜਾਂਦੈ। ਤੇ ਜੰਗੀ ਛੜੇ ਦਾ ਵਿਆਹ ਹੋ ਜਾਂਦੈ। ਪਰ ਨਸੀਬੋ ਨੂੰ ਜਦੋਂ ਇਸ ਗੱਲ ਤੋਂ ਜਾਣੂ ਕਰਵਾਇਆ ਗਿਆ ਤਾਂ ਉਹਨੇ ਸਿਰ ਫੇਰ ਦਿੱਤਾ। ਮਾਂ-ਬਾਪ ਤੇ ਹੋਰ ਰਿਸ਼ਤੇਦਾਰਾਂ ਦੇ ਲੱਖ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਨਸੀਬੋ ਨੇ ਇਕੋ ਨੰਨਾ ਫੜਿਆ ਰੱਖਿਆ।

"ਨਹੀਂ ਤੇ ਬੱਸ ਨਹੀਂ।"



ਉਹ ਤੀਮੀਆਂ ਵਾਲੀ ਅੜੀ ਤੇ ਉਤਰ ਆਈ ਸੀ।

"ਰੰਡੇਪਾ ਕੱਟਲੈਗੀ..? ਸੱਸ ਨੇ ਜਿਵੇਂ ਉਹਦੀ ਵੱਖੀ 'ਚ ਆਰ ਮਾਰੀ ਹੋਵੇ। ਸੱਸ ਦੇ ਵਾਲ ਕਿਹੜਾ ਧੁੱਪ 'ਚ ਬੱਗੇ ਹੋਏ ਸੀ। ਉਹਨੇ ਗੁੱਝੀ ਰਮਜ਼ ਮਾਰੀ ਸੀ। ਗੱਲ ਰੜਕਾਈ ਸੀ, ਚਤਾਰੀ ਸੀ। " ਵੇਖ ਲੈ ਕੱਲ੍ਹ ਨੂੰ ਸਾਡੇ ਧੌਲੇ ਖੱਜਲ ਨਾ ਕਰੀ।"

"ਹਾਂ ਮੈਂ ਕੱਟ ਲਾ ਗੀ।" ਨਸੀਬੋ ਆਪਣੇ ਸਵੈ ਵਿਸਵਾਸ਼ 'ਚ ਬੋਲੀ ਸੀ।

" ਸੋਚ ਲੈ, "ਕੱਲੀਕਾਰੀ ਤੀਮੀ ਅਣਕੱਜੀ ਥਾਲੀ ਦੀ ਖੀਰ ਹੁੰਦੀ ਆ। ਕਦੀ ਵੀ ਕੋਈ ਕਾਂ ਕੁੱਤਾ...।"

"ਬੱਸ ਮੈਂ ਸੋਚ ਲਿਆ।" ਨਸੀਬੋ ਠੰਡਾ ਸਾਹ ਭਰਕੇ ਬੋਲੀ ਸੀ, "ਇਹੋ ਜਿਹੇ ਮਰਦ ਨਾਲੋਂ ਮੈ ਉਈਂ ਚੰਗੀ ਆ। ਨਾਲੇ ਮੈਂ ਕੋਈ ਛੜੀ-ਪੁੜੀ ਨੀ। ਬੀ ਕੰਧਾਂ ਕੌਲੇ ਟੱਪਦੀ ਫਿਰੂਗੀ। ਮੈਂ ਤਿੰਨਾਂ ਬੱਚਿਆ ਦੀ ਮਾਂ ਆਂ। ਮੈਨੂੰ ਪਤਾ, ਮੈਂ ਕਿਵੇਂ ਸਮਾਜ 'ਚ ਰਹਿਨੈ. ਕਿਵੇਂ ਜਿਉਨੈ...।" ਉਹ ਸਿਰ ਦੀ ਚੁੰਨੀ ਸਵਾਰਦੀ ਹੈ।

ਨਸੀਬੋ ਜੰਗੀ ਦੀ ਚਾਦਰ ਓੜਨੋ ਜਮਾਂ ਇਨਕਾਰੀ ਸੀ। ਮਾਂ ਦੀ ਧੀ ਨੇ ਲੀਕ ਵਾਹਤੀ ਸੀ ਕਿ ਕਿਸੇ ਵੀ ਕੀਮਤ 'ਤੇ ਜੰਗੀ ਨਾਲ ਰਿਸ਼ਤਾ ਨਹੀਂ ਜੋੜਨਾ। ਦੁਨੀਆਂ ਭਾਮੇਂ ਇਧਰ ਦੀ ਉਧਰ ਹੋ ਜਾਵੇ।

ਸਿਆਣੀਆਂ ਤੀਮੀਆਂ ਸਮਝਾਂਉਂਦੀਆਂ। ਮੱਤਾਂ ਦਿੰਦੀਆਂ। ਸਿਆਣਪ ਘੋਟਦੀਆਂ।

"ਕੁੜੇ ਤੇਰਾ ਸਿਰ ਢਕਿਆ ਜਾਊ।"

"ਨੀ, ਤੇਰੀਆਂ ਬੁੱਤੀਆਂ ਕਰੂ ਗੋਲਾ ਬਣ ਰਹੂ।"

"ਨੀ, ਨਾਲੇ ਉਹ ਵਿਚਾਰਾ ਕੁਸ਼ ਵੇਖ ਲੂ।"

ਤੀਮੀਆਂ ਢਿਡੋਂ ਜੰਗੀ ਨਾਲ ਹਮਦਰਦੀ ਜਤਲਾਉਂਦੀਆਂ।

ਪਰ ਨਸੀਬੋ ਟੱਸ ਤੋਂ ਮਸ ਨਾ ਹੋਈ।

ਜੰਗੀ ਦੀ ਖੋਦੀ ਜਿਹੀ ਦਾੜੀ, ਚੁੰਨੀਆਂ ਅੱਖਾਂ। ਉੱਚੇ ਕਰੇੜੇ ਦੰਦ। ਤੇ ਤੀਮੀਆਂ ਵਾਗੂੰ 'ਪੁੱਚ-ਪੁੱਚ ਕਰਕੇ ਗੱਲਾਂ ਕਰਨੀਆਂ ਨਸੀਬੋ ਨੂੰ ਜਮਾਂ ਪਸੰਦ ਨਹੀਂ ਸੀ।

ਨਸੀਬੋ ਨੇ ਆਪਣੇ ਦਿਓਰ ਜੰਗੀ ਨੂੰ ਕਦੇ ਟੋਹ ਕੇ ਵੇਖਿਆ ਸੀ ਜਾਂ ਨਹੀਂ। ਇਹਦੇ ਬਾਰੇ ਪੱਕਾ ਕੁਸ਼ ਕਿਹਾ ਨਹੀਂ ਜਾ ਸਕਦਾ। ਪਰ ਉਹ ਬਾਹਲੀ ਵਾਰ ਉਹਨੂੰ ' ਜਾਹ ਵੇ ਜਨਾਨੜਿਆ' ਕਹਿ ਕੇ ਮੂੰਹ ਤੇ ਚੁੰਨੀ ਦਾ ਲੜ ਲੈ ਕੇ ਹੱਸ ਪੈਂਦੀ ਹੁੰਦੀ ਸੀ। ਵੈਸੇ ਵੀ ਜੰਗੀ ਦੀ ਸਰੀਰਿਕ ਬਣਤਰ ਤੇ ਹਰਕਤਾਂ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਸੀ ਕਿ ਉਹਦੇ 'ਚ ਉਹ ਤੰਤ ਹੈ ਨਹੀਂ ਜਿਹੜਾ ਮਰਦ ਦਾ ਰਿਸ਼ਤਾ(ਵਿਆਹੁਤਾ ਜੀਵਨ) ਖੁਸ਼ਗਵਾਰ ਤੇ ਵੱਧ ਹੰਢਣਸਾਰ ਹੁੰਦਾ ਹੈ।

ਘਰ ਦੇ ਵੀ ਇਹ ਗੱਲ ਜਾਣਦੇ ਸੀ ਕਿ ਜੰਗੀ ਕਿਸੇ ਵੀ ਪੱਖੋਂ ਨਸੀਬੋ ਦੇ ਕਾਬਿਲ ਨਹੀਂ। ਕਿਥੇ ਨਸੀਬੋ ਤੇ ਕਿਥੇ ਜੰਗੀ। ਪਰ ਘਰਦਿਆਂ ਦੀ ਇੱਕੋ ਤੀਰ ਨਾਲ ਦੋ ਨਿਸ਼ਾਨੇ ਫੁੰਡਣ ਦੀ ਮਨਸ਼ਾ ਸੀ ਕਿ ਜੰਗੀ ਦਾ ਘਰ ਵਸ ਜੂ ਤੇ ਨਸੀਬੋ ਦਾ ਰੰਡੇਪਾ ਕੱਟਿਆ ਜਾਊ। ਤੇ ਘਰ ਦੀ ਗੱਲ ਘਰ 'ਚ ਰਹਿਜੂ। ਪਰ ਨਸੀਬੋ ਕਿਸੇ ਵੀ ਕੀਮਤ 'ਤੇ ਜੰਗੀ ਨਾਲ ਨਰੜ ਹੋਣ ਨੂੰ ਤਿਆਰ ਨਹੀਂ ਹੁੰਦੀ।

"ਤੁਸੀਂ ਧੱਕੇ ਨਾਲ ਮੇਰੇ ਗਲ੍ਹ 'ਡੇਹਾ' ਨਹੀਂ ਪਾ ਸਕਦੇ।" ਨਸੀਬੋ ਨੇ ਜਾਣੀ ਲੀਕ ਖਿੱਚਤੀ।

"ਤੂੰ ਵੇਹਲੇ ਕਿਤੇ ਡੇਹਾ ਪਵਾਉਨੈ।"

ਸੱਸ ਨੇ ਮਿਹਣਾ ਮਾਰਿਆ ਸੀ, "ਚਰੀ ਅੰਗੂਰੀਆਂ ਜਿੱਥੇ ਮਰਜੀ, ਨਿੱਜਦਿਆ ਦੇ ਧੌਲੇ ਖੱਜਲ ਕਰੀ।"

ਸੱਸ ਡੱਡੂ ਵਾਂਗੂੰ ਨਾਸਾਂ ਫੁਲਾ ਕੇ, ਬਾਹਾਂ ਕੱਢ ਕੇ, ਜੋ ਮੂੰਹ ਆਇਆ ਬੋਲੀ ਤੁਰੀ ਜਾਂਦੀ ਸੀ। ਉਹ ਵੀ ਸੱਚੀ ਸੀ। ਦੁੱਖੀ ਸੀ। ਬੇਵੱਸ ਸੀ। ਉਹਦਾ ਗੁੱਸਾ ਸੁਭਾਵਿਕ ਸੀ। ਉਹਦਾ ਇੱਕ ਪੁੱਤ ਜਹਾਨੋਂ ਤੁਰ ਗਿਆ ਸੀ ਤੇ ਇੱਕ ਛੜਾ ਰਹਿ ਗਿਆ ਸੀ। ਮਾਂ ਦਾ ਤੜਫਨਾ ਜਾਇਜ ਸੀ। ਉਹਦੇ ਜ਼ਿਹਨ'ਚ ਪਤਾ ਨਹੀਂ ਇਹ ਗੱਲ ਕਿਉਂ ਘਰ ਕਰ ਗਈ ਸੀ ਕਿ ਔਰਤ ਮਰਦ ਬਿਨ੍ਹਾਂ ਨਹੀਂ ਰਹਿ ਸਕਦੀ। ਇਹ ਉਹਦਾ ਨਿੱਜੀ ਅਨੁਭਵ ਸੀ ਜਾਂ ਔਰਤ ਪ੍ਰਤੀ ਸਮਾਜ ਦੀ ਸੌੜੀ ਸੋਚ ਦਾ ਪ੍ਰਗਟਾਵਾ...। ਅਖੇ ਰੰਡੀ ਤਾਂ ਰੰਡ ਕੱਟ ਲਏ,ਪਰ ਉਂਗਲਾਂ ਵਾਲੇ ਨ੍ਹੀ ਰਹਿਣ ਦਿੰਦੇ।

ਪਰ ਨਸੀਬੋ ਨੇ ਇਨ੍ਹਾਂ ਸਭ ਗੱਲਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਸੀ। ਉਹਨੇ ਇਕੱਲਿਆ ਹੀ ਜ਼ਿੰਦਗੀ ਜਿਉਣ ਦਾ ਤਹੱਈਆ ਕਰ ਲਿਆ ਸੀ। ਹਰ ਮਸੀਬਤ ਨਾਲ ਟੱਕਰ ਲੈਣ ਦੀ ਠਾਣ ਲਈ ਸੀ। ਉਹ ਇਸ ਗੱਲ ਨੂੰ ਸਮਝਦੀ ਸੀ ਕਿ ਇੱਕਲੀ ਕਹਿਰੀ ਔਰਤ ਲਈ ਬਿਨਾ ਕਿਸੇ ਬੱਝਵੀ ਆਮਦਨ ਦੇ ਘਰ ਚਲਾਉਣਾ, ਬੱਚਿਆਂ ਦਾ ਪਾਲਣ ਪੋਸ਼ਣ ਕਰਨਾ ਤੇ ਮਰਦ ਦੇ ਸਾਥ ਤੋਂ ਵਿਰਵੇਂ ਰਹਿਣਾ, ਥੋੜਾ ਮੁਸ਼ਕਲ ਤਾਂ ਹੈ। ਪਰ ਅਸਲੋਂ ਅਸੰਭਵ ਨਹੀਂ। ਔਰਤ ਐਨੀ ਕਮਜ਼ੋਰ ਤਾਂ ਨਹੀਂ ਹੁੰਦੀ ਕਿ ਉਹ ਸਮੇਂ ਦੇ ਹਾਲਾਤ ਨਾਲ ਮੁਕਾਬਲਾ ਨਹੀਂ ਕਰ ਸਕਦੀ। ਉਹ ਜੋ ਚਾਹੇ ਕਰ ਸਕਦੀ ਹੈ। ਬਸ ਸਬੂਤੇ ਕਦਮੀਂ ਤੁਰਨ ਲਈ ਹੌਸਲਾ, ਹਿੰਮਤ ਤੇ ਦ੍ਰਿੜ ਵਿਸਵਾਸ ਦੀ ਅਵੱਸ਼ਕਤਾ ਹੁੰਦੀ ਹੈ।

ਨਸੀਬੋ ਨੇ ਸਿਦਕ ਦਿਲੀ ਨਾਲ ਕਬੀਲਦਾਰੀ ਦੇ ਜੂਲੇ ਥੱਲੇ ਸਿਰ ਦੇ ਦਿੱਤਾ ਸੀ। ਉਹਦਾ ਭਾਵਿਕ ਮਨ ਹੁੰਗਰਿਆ ਸੀ।

"ਲਿਖੀਆਂ ਮੱਥੇ ਦੀਆਂ
ਭੋਗ ਮਨਾਂ ਚਿੱਤ ਲਾ ਕੇ..।"

ਤੇ ਸਮਾਂ, ਦਿਨ, ਹਫ਼ਤੇ, ਮਹੀਨੇ, ਤੇ ਸਾਲ ਬਣਕੇ ਬੀਤਦਾ ਤੁਰਦਾ ਗਿਆ। ਸਮਾਂ ਥੋੜੈ ਖੜੋਦੈ..।

ਨਸੀਬੋ ਮਿਹਨਤ ਮਜ਼ਦੂਰੀ ਕਰਦੀ। ਸਿਰ ਸੁੱਟ ਕੇ ਸਿਲਾਈ ਮਸ਼ੀਨ ਚਲਾਉਂਦੀ। ਘਰ ਦਾ ਤੋਰਾ ਤੋਰਦੀ। ਬੱਚੇ ਪਾਲਦੀ। ਪੜ੍ਹਾਉਂਦੀ। ਆਪਣੀਆਂ ਭਾਵਨਾਵਾਂ , ਇੱਛਾਵਾਂ 'ਤੇ ਕਾਬੂ ਪਾ ਕੇ ਰੱਖਦੀ। ਸਹਿਜ ਸ਼ਾਂਤ ਚਿੱਤ ਰਹਿੰਦੀ। ਵਿਚਰਦੀ। ਹਾਲਾਕਿ ਕੋਈ ਮਨਸ਼ਾ ਦੇ ਮਾੜੇ ਬੰਦਿਆਂ ਨੇ ਉਹਦੇ ਉੱਤੇ ਡੋਰੇ ਪਾਉਣ ਦੀ ਕੋਸ਼ਿਸ਼ ਕੀਤੀ ਸੀ। ਪਰ ਉਹਨੇ ਕਿਸੇ ਵੱਲ ਵੀ ਅੱਖ ਭਰ ਕੇ ਨਹੀਂ ਸੀ ਵੇਖਿਆ।

ਉਹ ਸ਼ਾਂਤ ਨਦੀ ਵਾਂਗੂੰ ਵਹਿੰਦੀ ਤੁਰੀ ਜਾਂਦੀ ਸੀ।

ਪਰ ਇਨ੍ਹਾਂ ਦਿਨਾਂ 'ਚ ਹੀ ਇੱਕ ਕੌਤਕ ਹੋ ਗਿਆ ਕਿ ਸ਼ਾਂਤ ਵਹਿੰਦੀ ਨਦੀ'ਚ ਕਿਸੇ ਨੇ ਐਸਾ ਪੱਥਰ ਸੁੱਟਿਆ ਕਿ ਨਦੀ ਕਿਨਾਰਿਆਂ ਤੱਕ ਉੱਛਲ ਗਈ ਜਾਣੀ ਨਸੀਬੋ



ਦੇ ਸਬਰ ਦਾ ਬੰਨ੍ਹ ਟੁੱਟ ਗਿਆ। ਸਿਦਕ ਕੱਚ ਵਾਗੂੰ ਤਿੜਕ ਗਿਆ।

ਇਹਦੇ ਵਿੱਚ ਕੋਈ ਝੂਠ ਨਹੀਂ ਕਿ ਨਰੇਸ਼ ਦੀ ਮੌਤ ਤੋਂ ਬਾਅਦ ਉਹ ਚਾਰ ਪੰਜ ਸਾਲ ਜਮਾਂ ਈ ਨਹੀਂ ਸੀ ਥਿੜਕੀ,ਡੋਲੀ। ਉਹਨੇ ਆਪ ਨੂੰ ਪੂਰੀ ਤਰ੍ਹਾਂ ਬੱਚਿਆ ਦੇ ਪਾਲਣ-ਪੋਸ਼ਣ ਵਿੱਚ ਉਲਝਾ ਲਿਆ ਸੀ। ਉਹ 'ਘਰ' ਅਤੇ 'ਬੱਚਿਆ' ਨੂੰ ਸਪਰਪਿਤ ਸੀ। ਦੇਹ ਸੁੱਖ ਦੀ ਕਾਮਨਾ ਲਈ ਉਹਨੇ ਗੈਰ ਮਰਦ ਬਾਰੇ ਕਦੇ ਸੋਚਿਆ ਤੱਕ ਨਹੀਂ ਸੀ। ਕਬੀਲਦਾਰੀ ਦੇ ਝੰਜਟਾਂ 'ਚ ਉਲਝੀ ਦਾ ਉਹਦਾ ਜਿਵੇਂ 'ਮਚ' ਜਿਹਾ ਮਰ ਗਿਆ ਸੀ। ਅੰਦਰਲੀ ਅੱਗ ਜਾਣੋ ਬੁੱਝ ਜਿਹੇ ਗਈ ਸੀ। ਉਹ ਸ਼ਾਂਤ ਸੀ, ਸਹਿਜ ਸੀ।

ਪਰ ਜਿਉਂ ਹੀ ਵਿਨੋਦ ਨਾਲ ਉਹਦਾ ਸੰਪਰਕ ਹੋਇਆ। ਅੱਖਾਂ ਮਿਲੀਆਂ। ਬੋਲ ਸਾਂਝੇ ਹੋਏ। ਉਹ ਸਹਿਜ ਨਾ ਰਹਿ ਸਕੀ। ਨਾ ਸ਼ਾਂਤ..। ਦੱਬੀ ਚੰਗਿਆੜੀ ਭਾਂਬੜ ਹੋ ਗਈ ਸੀ। ਲਟ ਲਟ ਬਲਦੀ ਲਾਟ.....।

ਬਾਈ ਤੇਈ ਸਾਲਾ ਦਾ ਸੋਹਣਾ ਸਨੁੱਖਾ ਤੇ ਭਰ ਜਵਾਨ ਤੇ ਭੂਰੀਆਂ ਅੱਖਾਂ ਵਾਲਾ ਕੱਕੇ-ਕੰਡਿਆਲੇ ਵਾਲਾਂ ਵਾਲਾ ਵਿਨੋਦ ਇਸ ਵੱਡੇ ਕਸਬਾਂ ਨੁਮਾ ਪਿੰਡ 'ਚ ਨਵੀਂ ਬਣੀ ਬੈਂਕ 'ਚ ਕਲਰਕ ਸੀ। ਵਿਨੋਦ ਦਾ ਪਿਤਾ ਇਸੇ ਬੈਂਕ ਦੀ ਮੇਨ ਬਰਾਂਚ ਵਿੱਚ ਹੈੱਡ ਕੈਸ਼ੀਅਰ ਹੁੰਦਾ ਸੀ। ਜਿਹੜਾ ਕਿ ਬੈਂਕ ਲੁੱਟਣ ਆਏ ਲੁਟੇਰਿਆ ਦੀ ਗੋਲੀ ਦਾ ਸ਼ਿਕਾਰ ਹੋ ਗਿਆ ਸੀ। ਵਿਨੋਦ ਨੂੰ ਇਹ ਨੌਕਰੀ ਤਰਸ ਦੇ ਆਧਾਰ 'ਤੇ ਮਿਲੀ ਸੀ। ਵਿਨੋਦ ਦੇ ਵੱਡੇ ਭਰਾ ਵੀ ਨੌਕਰੀ ਪੇਸ਼ਾ ਸੀ। ਵਿਨੋਦ ਦਾ ਪਰਿਵਾਰ ਆਰਥਿਕ ਪੱਖੋਂ ਪੈਰੀਂ ਸੀ। ਵਿਨੋਦ ਜਿਥੇ ਚੰਗਾ ਖਾਣ ਪੀਣ ਤੇ ਪਹਿਨਣ ਦਾ ਸ਼ੌਕੀਨ ਸੀ। ਉਥੇ ਨੇਕ ਦਿਲ , ਜ਼ਜਬਾਤੀ ਤੇ ਅੜੇ ਥੁੜੇ ਕਿਸੇ ਗਰੀਬ ਦੀ ਮੱਦਦ ਕਰਨ ਵਾਲਾ ਗੱਭਰੂ ਸੀ ਤੇ ਉਹਨੂੰ ਸਾਹਿਤਕ ਕਿਤਾਬਾਂ ਪੜ੍ਹਨ ਦੀ ਚੇਟਕ ਸੀ।

ਨਸੀਬੋ ਦੀ ਜ਼ਿੰਦਗੀ 'ਚ ਵਿਨੋਦ ਇੱਕ ਹਮਦਰਦ ਵਜੋਂ ਹੀ ਆਇਆ ਸੀ। ਪਰ ਅੱਖਾਂ -ਅੱਖਾਂ ਰਾਹੀਂ ਉਹ ਇੱਕ ਦੂਜੇ ਦੇ ਦਿਲ ਵਿੱਚ ਪ੍ਰਵੇਸ਼ ਕਰ ਗਏ ਸੀ। ਇੱਕ ਦੂਜੇ ਦੇ ਹੋ ਗਏ ਸੀ।

ਨਸੀਬੋ ਪਹਿਲਾਂ ਦੇ ਮੁਕਾਬਲੇ ਵੱਧ ਦੂਰਅੰਦੇਸ਼, ਕਿਰਸੀ, ਸੂੰਮ ਤੇ ਲਾਲਚੀ ਹੋ ਗਈ ਸੀ। ਉਹਨੂੰ ਘਰ ਦੀ ਬੜੀ ਚੂੰਢ ਸੀ। ਉਹ ਅੱਜ ਨਾਲੋਂ ਕੱਲ੍ਹ ਬਾਰੇ ਵੱਧ ਸੋਚਦੀ ਸੀ। ਅਥਵਾ ਬੱਚਿਆਂ ਦੇ 'ਭਵਿੱਖ ਬਾਰੇ ਚਿੰਤਤ ਰਹਿੰਦੀ ਸੀ। ਫਿਕਰਮੰਦ। ਉਹ ਢਿੱਡ ਬੰਨ੍ਹ ਕੇ, ਹੱਥ ਘੁੱਟ ਕੇ, ਮਹੀਨੇ ਦੀ ਮਹੀਨੇ ਬੱਚਿਆਂ ਦੇ ਨਾਂ ਕੁਝ ਪੈਸੇ ਜਮਾਂ ਕਰਾਉਂਦੀ ਹੁੰਦੀ ਸੀ। ਤਾਂ ਕਿ ਭਵਿੱਖ 'ਚ ਉਨ੍ਹਾਂ ਦੇ ਵਿਆਹ-ਸ਼ਾਦੀਆਂ ਕਰਨ ਮੌਕੇ ਕੰਮ ਆਉਣ। ਪਰ ਹਰ ਮਹੀਨੇ ਕਿਸ਼ਤ ਜਮਾਂ ਕਰਾਉਣੀ ਉਹਦੇ ਲਈ ਮੁਸ਼ਕਿਲ ਹੁੰਦੀ ਸੀ।

ਇੱਕ ਦਿਨ ਵਿਨੋਦ ਨੇ ਪੁੱਛਿਆ,

"ਤੁਸੀਂ ਮਹੀਨੇ ਦੇ ਮਹੀਨੇ ਪੈਸੇ ਜਮਾਂ ਕਿਉਂ ਨ੍ਹੀ ਕਰਾਉਂਦੇ?"

"ਜੀ ਕਈ ਵਾਰ ਪੈਸੇ ਨ੍ਹੀ ਹੁੰਦੇ।" ਨਸੀਬੋ ਦੇ ਬੁੱਲ੍ਹ ਕੰਬੇ ਤੇ ਅੱਖਾਂ 'ਚ ਮਾਮੂਲੀ ਨਮੀ ਤੇ ਮਾਸੂਮ ਚਿਹਰੇ 'ਤੇ ਉਦਾਸੀ ਦੇ ਬੱਦਲ ਛਾਅ ਗਏ। ਤੇ ਉਹ ਪਲਕਾਂ ਝੁਕਾਈ ਖਾਮੋਸ਼ ਖੜੀ ਰਹਿੰਦੀ ਹੈ।

ਤੇ ਵਿਨੋਦ ਸੰਗਮਰਮਰ ਦੀ ਅਹਿਲ ਖਲੋਤੀ ਮੂਰਤੀ ਨੂੰ ਕਿੰਨ੍ਹਾ ਈ ਚਿਰ ਨਿਹਾਰਦਾ

ਰਹਿੰਦਾ ਹੈ।

ਤੇ ਫਿਰ ਵਿਨੋਦ ਨੂੰ ਜਦੋਂ ਉਹਦੇ ਗਰੀਬ ਤੇ ਵਿਧਵਾ ਹੋਣ ਦਾ ਪਤਾ ਲੱਗਦਾ ਹੈ ਤਾਂ ਉਹਦਾ ਹਿਰਦਾ ਤਰਸ ਦੀ ਭਾਵਨਾ ਨਾਲ ਭਰ ਜਾਂਦਾ ਹੈ। ਤੇ ਉਹਦੀ ਮਾਸੂਮੀਅਤ ਤੇ ਸਾਦਗੀ ਤੇ ਸਲੀਕੇ ਭਰਪੂਰ ਵਿਵਹਾਰ ਨੇ ਉਹਦੀ ਵੇਦਨਾ-ਸੰਵੇਦਨਾ ਨੂੰ ਟੁੰਬਿਆ-ਝੰਜੋੜਿਆ। ਮੁੰਡੇ ਦੇ ਜਵਾਨ ਜਜ਼ਬਿਆਂ ਨੇ ਅਗੜਾਈ ਲਈ। ਪਹਾੜ ਦੇ ਉਸ ਪਾਰ ਵਗਦੇ ਸਮੇਂ ਨੂੰ ਪਾਉਣ ਲਈ ਉਹਦੇ ਅੰਦਰ ਫਰਿਆਦ ਵਾਲਾ ਸਿਦਕ ਹੁੰਗਰਿਆ।

ਤੇ ਹਰ ਮੁਲਾਕਾਤ 'ਚ ਉਹ ਇੱਕ ਦੂਜੇ ਨਾਲ ਖੁੱਲ੍ਹਦੇ ਰਹੇ। ਨੇੜੇ ਹੁੰਦੇ ਰਹੇ। ਇੱਕ ਦੂਜੇ ਨੂੰ ਵੇਖ ਕੇ ਉਨ੍ਹਾਂ ਦੇ ਅੰਦਰ ਕੁੱਝ ਪੰਘਰ ਪੰਘਰ ਜਾਂਦਾ ਸੀ।

ਤੇ ਹੁਣ ਵਿਨੋਦ ਨਸੀਬੋ ਦੀ ਆਰਥਿਕ ਹਾਲਤ ਤੇ ਘਰੇਲੂ ਸਮੱਸਿਆਵਾਂ ਬਾਰੇ ਪੂਰੀ ਤਰ੍ਹਾਂ ਵਾਕਿਫ਼ ਸੀ। ਉਹ ਉਹਦੀ ਹਰ ਤਰ੍ਹਾਂ ਮਦਦ ਕਰਨ ਲਈ ਤੱਤਪਰ ਰਹਿੰਦਾ ਸੀ। ਪਹਿਲਾਂ ਪਹਿਲ ਉਹਦੇ ਅੰਦਰ ਨਸੀਬੋ ਪ੍ਰਤੀ ਤਰਸ ਤੇ ਹਮਦਰਦੀ ਪੈਦਾ ਹੋਈ ਸੀ ਤੇ ਫਿਰ ਪਿਆਰ, ਇਸ਼ਕ ਤੇ ਫਿਰ ਕਾਮ ਵਾਸ਼ਨਾ.....। ਉਹ ਨਸੀਬੋ ਨੂੰ ਜਨੂੰਨ ਦੀ ਹੱਦ ਤਕ ਚਾਹੁੰਨ ਲੱਗ ਪਿਆ ਸੀ।

ਨਸੀਬੋ ਨੂੰ ਜਦੋਂ ਇਸ ਗੱਲ ਦਾ ਅਹਿਸਾਸ ਹੋਇਆ ਕਿ ਵਿਨੋਦ ਉਹਦੇ ਪ੍ਰਤੀ ਆਕਰਸ਼ਿਤ ਹੈ ਤਾਂ ਉਹਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਉਹਦੇ ਅੰਦਰ ਦੱਬੀਆਂ ਖਾਹਿਸ਼ਾਂ-ਇੱਛਾਵਾਂ ਨੇ ਸਿਰ ਚੁੱਕਿਆ। ਅੰਗੜਾਈ ਲਈ। ਪਰ੍ਹ ਤੋਲੇ....। ਸਮਾਜਿਕ ਮਰਿਯਾਦਾ ਦਾ ਜੰਗਾਲਿਆ ਪਿੰਜਰਾ ਤੋੜ ਕੇ ਖੁੱਲ੍ਹੇ ਅੰਬਰੀ ਉੱਡ ਜਾਣ ਨੂੰ ਚਿੱਤ ਕੀਤਾ। ਚੱਤੋ ਪਹਿਰ ਵਿਨੋਦ ਦੇ ਖਿਆਲ। ਸੋਚਾਂ । ਸੁਫ਼ਨੇ। ਤੇ ਕਿਨ੍ਹੀ ਵਾਰੀ ਸੁਫ਼ਨੇ 'ਚ ਵਿਨੋਦ ਨੇ ਉਹਦੀਆਂ ਵੰਗਾਂ ਤੋੜੀਆਂ ਸੀ। ਉਹ ਮੁੜਕੋ ਮੁੜਕੀ ਹੋ ਜਾਂਦੀ ਸੀ। ਭਿੱਜ ਜਾਂਦੀ ਸੀ। ਉਫ਼....। ਨਸੀਬੋ ਸੁਫ਼ਨੇ ਸਾਕਾਰ ਕਰਨਾ ਲੋਚਦੀ। ਤੜਫਦੀ.....।

ਔੜਾਂ ਮਾਰੀ ਧਰਤੀ ਤੇ
ਤੂੰ ਬੱਦਲ ਬਣ ਕੇ ਵਰ੍ਹ ਜਾ ਵੇ..।

ਪਹਿਲਾਂ ਦੇ ਮੁਕਾਬਲੇ ਨਸੀਬੋ 'ਚ ਢੇਰ ਸਾਰੀ ਤਬਦੀਲੀ ਆ ਗਈ ਸੀ। ਜਾਣੀ ਨਸੀਬੋ ਪਹਿਲਾਂ ਵਾਲੀ ਨਹੀਂ ਸੀ ਰਹੀ। ਸਗੋਂ ਹੋਰ ਦੀ ਹੋਰ ਹੋ ਗਈ ਸੀ। ਸੱਚੀ ਗੱਲ ਆ, ਨਰੇਸ਼ ਦੀ ਮੌਤ ਤੋਂ ਬਾਅਦ ਉਹ ਜਮਾਂ ਰੁਲ ਗਈ ਸੀ। ਉਹ ਵਿਧਵਾ ਹੋਣ ਦੀ ਹੋਣੀ ਹੰਢਾ ਰਹੀ ਸੀ। ਤ੍ਰਾਸਦੀ ਭੋਗ ਰਹੀ ਸੀ। ਉਹਨੇ ਨੱਕ ਦਾ ਕੋਕਾ ਤੇ ਕੰਨ੍ਹਾਂ 'ਚੋਂ ਰਿੰਗ ਲਾਹ ਕੇ ਰੱਖ ਦਿੱਤੇ ਸੀ।

ਨੱਕੋ-ਕੰਨੋ ਬੁੱਚੀ ਹੋਣਾ ਕਿਸੇ ਵੀ ਔਰਤ ਲਈ ਡਾਹਡਾ ਦੁਖਦਾਈ ਹੁੰਦੈ।

ਨਸੀਬੋ ਰੋਹੀ ਦੇ ਫੁੱਲ ਵਾਂਗੂੰ ਕੁਮਲਾ ਜ਼ਰੂਰ ਗਈ ਸੀ। ਪਰ ਮਹਿਕ ਜਿਉਂ ਦੀ ਤਿਉਂ ਸੀ। ਮਹਿਕ ਵਲਗਣਾਂ ਦੀ ਮੁਥਾਜ ਨਹੀਂ ਹੁੰਦੀ। ਵਿਨੋਦ ਦੇ ਕੋਮਲ ਪੋਟਿਆ ਦੀ ਹਮਦਰਦੀ ਭਰੀ ਤੇ ਮੋਹ ਭਿੱਜੀ ਛੋਹ ਨਾਲ ਰੋਹੀ ਦਾ ਫੁੱਲ ਆਪਣੇ ਪੂਰੇ ਜਲੌਅ'ਚ ਟਹਿਕ ਉੱਠਿਆ ਸੀ। ਤੇ ਮੁਹਕ ਫ਼ਿਜ਼ਾ 'ਚ ਘੁਲ ਗਈ.....।

ਨਸੀਬੋ ਕਦੇ ਮਨ ਹੀ ਮਨ ਅੰਬਰੀ ਉਡਾਰੀਆਂ ਲਾਉਂਦੀ ਤੇ ਕਦੇ ਫੁੰਡੇ ਹੋਏ ਪੰਛੀ ਵਾਂਗੂੰ ਧਰਤੀ ਤੇ ਪਟਕ ਪੈਂਦੀ। ਤੇ ਕਦੇ ਉਹਦੇ ਅੰਦਰ ਗਿਲਾਨੀ , ਗੁੱਸਾ ਤੇ ਡਰ



ਹੱਥੋਪਾਈ ਹੁੰਦੇ। ਉਹਦੇ ਅੰਦਰ ਇੱਕ ਯੁੱਧ ਜਿਹਾ ਚੱਲਦਾ ਰਹਿੰਦਾ। ਮਹਾਂਭਾਰਤ । ਅਜਿਹੀ ਅਵਸਥਾ'ਚ ਅਕਸਰ ਉਹ ਉਦੋਂ ਵਿਚਰਦੀ ਜਦੋਂ ਉਹ ਆਪਣੀ ਜਵਾਨ ਹੋ ਰਹੀ ਲੜਕੀ ਜੀਤੀ ਵੱਲ ਵੇਖਦੀ। ਸੋਚਦੀ....।

ਜੀਤੀ ਹੁਣ ਨੌਵੀਂ 'ਚ ਪੜ੍ਹਦੀ ਸੀ। ਤੇ ਨਸੀਬੋ ਅਕਸਰ ਉਹਨੂੰ ਤਾੜਦੀ ਰਹਿੰਦੀ ਸੀ। "ਅਖੇ, ਸਿਰ ਨ੍ਹੀ ਨੰਗਾ ਰੱਖਣਾ, ਉੱਚੀ ਨ੍ਹੀ ਹੱਸਣਾ। ਨੱਕ 'ਚ ਕੋਕਾ ਨ੍ਹੀ ਪਾਉਣਾ। ਕੰਨਾਂ 'ਚ ਟਾਪਸ ਨ੍ਹੀ ਪਾਉਣੇ...।" ਤੇ ਘਰੋਂ ਸਿੱਧੀ ਸਕੂਲ ਤੇ ਸਕੂਲੋਂ ਸਿੱਧੀ ਘਰ ਆਉਣ ਦੀਆਂ ਹਦਾਇਤਾਂ ਕਰਦੀ ਰਹਿੰਦੀ ਸੀ।

ਤੇ ਜੀਤੀ ਇਹ ਸਭ ਕੁਝ ਚੁੱਪ ਚਾਪ ਸੁਣਦੀ ਰਹਿੰਦੀ ਸੀ। ਉਹ ਮਾਂ ਦੇ ਤੌਖਲੇ ਚਿੰਤਾਂ ਤੋਂ ਜਾਣੂ ਸੀ। ਕੁੜੀ ਸਿਆਣੀ ਸੀ। ਪੜ੍ਹਨ ਨੂੰ ਵੀ ਹੁਸ਼ਿਆਰ ਸੀ। ਉਂ ਵੀ ਲੰਮੀ-ਲੰਝੀ ਤੇ ਸਨੁੱਖੀ ਸੀ। ਮਾਂ ਵਾਗੂੰ ਸਲੋਨੀ ,ਸਾਊ ਤੇ ਨਿੱਘੀ ਹੱਸਦੀ ਤਾਂ ਗੱਲ੍ਹਾਂ 'ਚ ਡੂੰਘ ਪੈਂਦੇ। ਸਿੱਪੀਆਂ..।

ਵਿਨੋਦ ਨੂੰ ਪਹਿਲੀ ਵਾਰ ਵੇਖ ਕੇ ਨਸੀਬੋ ਨੇ ਮਨ ਹੀ ਮਨ ਸੋਚਿਆ ਸੀ ਕਿ "ਮੇਰੀ ਜੀਤੀ ਲਈ ਇਹੋ ਜਿਹਾ ਮੁੰਡਾ ਚਾਹੀਦੈ।" ਇਹ ਵੀ ਅਜੀਬ ਇਤਫ਼ਾਕ ਸੀ ਜਾਂ ਝੱਲੇ ਮਨ ਦਾ ਝੱਲਪੁਣਾ ਕਿ ਮਾਂ ਧੀ ਲਈ ਵਰ ਮੇਚਦੀ ਖੁਦ ਵਿਨੋਦ 'ਤੇ ਫਿਦਾ ਹੋ ਗਈ ਸੀ। ਮੋਹਿਤ।ਝੱਲੀ....।

ਵਿਨੋਦ ਦੇ ਪਿਆਰ 'ਚ ਰੰਗੀ ਤੇ ਵੇਗਮੱਤੀ ਨਸੀਬੋ ਨੇ ਪਿਛਲੇ ਦਿਨ੍ਹੀਂ ਪੇਟੀ 'ਚੋਂ ਕੱਢ ਕੇ ਕੰਨਾਂ 'ਚ ਰਿੰਗ ਤੇ ਨੱਕ 'ਚ ਹਰੇ ਨਗ ਵਾਲਾ ਕੋਕਾ ਪਾ ਲਿਆ ਸੀ। ਉਹ ਦੋਵੇਂ ਗਹਿਣੇ ਪਹਿਨਣ 'ਚ ਜੀਤੀ ਨੇ ਉਹਦੀ ਮੱਦਦ ਕੀਤੀ ਸੀ। ਜੀਤੀ ਖੁਸ਼ ਸੀ। ਜੀਤੀ ਵਿੱਡੋਂ ਚਾਹੁੰਦੀ ਸੀ ਕਿ ਉਹਦੀ ਮੰਮੀ ਸਾਫ਼ ਸੁਥਰੇ ਕੱਪੜੇ ਪਾਏ। ਬਣ ਸੰਵਰ ਕੇ ਰਹੇ। ਹੱਸੇ। ਮੰਮੀ ਦਾ ਉਦਾਸ ਤੇ ਓਦਰਿਆ ਚਿਹਰਾ ਤੇ ਵਿਚਾਰਪਨ ਤੇ ਚੱਤੋ ਪਹਿਰ ਘਰ ਦੀਆਂ ਲੋੜਾਂ ਥੁੜਾਂ ਪ੍ਰਤੀ ਚਿੰਤਤ ਰਹਿਣਾ ਤੇ ਐਵੇਂ ਮਰੂੰ ਮਰੂ ਕਰੀ ਜਾਣਾ, ਜੀਤੀ ਨੂੰ ਚੰਗਾ ਨਹੀਂ ਸੀ ਲੱਗਦਾ। ਕੁੜੀ ਨੂੰ ਮੰਮੀ ਦਾ ਭਰ ਜਵਾਨੀ ਵਿੱਚ ਵਿਧਵਾ ਹੋਣ ਦਾ ਅਹਿਸਾਸ ਸੀ। ਡਾਢ੍ਹਾ ਦੁੱਖ ਸੀ। ਕੁੜੀ ਚਾਹੁੰਦੀ ਸੀ ਮੰਮੀ ਇਸ ਸਦਮੇ ਨੂੰ ਭੁੱਲ ਕੇ ਸ਼ਿੱਦਤ ਨਾਲ ਜੀਵੇ। ਵਿਚਰੇ।

ਮੰਮੀ 'ਚ ਆਈ ਤਬਦੀਲੀ ਵੇਖ ਕੇ ਜੀਤੀ ਵਿੱਡੋਂ ਖੁਸ਼ ਸੀ। ਵਿਧਵਾ ਹੋਣ ਨਾਲ ਔਰਤ ਦੀਆਂ ਭਾਵਨਾਵਾਂ, ਉਮੰਗਾਂ ਤੇ ਇੱਛਾਵਾਂ ਮਰ ਤਾਂ ਨ੍ਹੀ ਜਾਂਦੀਆਂ, ਉਹ ਸੋਚਦੀ। ਔਰਤ ਵਿਧਵਾ ਹੋਵੇ ਜਾਂ ਸੁਹਾਗਣ ਕਿਸੇ ਦੀ ਗੁਲਾਮ ਨਹੀਂ ਹੁੰਦੀ। ਜਾਂ ਮਰਦ ਦੇ ਸਾਥ ਬਿਨਾਂ ਦੋ ਕਦਮ ਤੁਰ ਨਹੀਂ ਸਕਦੀ। ਆਪਣੀਆਂ ਭਾਵਨਾਵਾਂ ਇੱਛਾਵਾ ਨੂੰ ਕੋਈ ਕਿੰਨਾਂ ਕੁ ਚਿਰ ਦਬਾ ਕੇ ਰੱਖ ਸਕਦੈ? ਜੀਤੀ ਅਕਸਰ ਅਜਿਹਾ ਹੀ ਸੋਚਦੀ ਰਹਿੰਦੀ ਹੈ।

ਨਸੀਬੋ ਜਿਵੇਂ ਆਪਣੇ ਹੁਸਨ ਨੂੰ ਸਾਣ 'ਤੇ ਲਾ ਕੇ ਨਿੱਕਲੀ ਹੋਵੇ। ਹਰਾ ਮੂੰਗੀਆ ਮਾਮੂਲੀ ਜਿਹੀ ਕਢਾਈ ਵਾਲਾ ਸੂਟ। ਕੰਨਾਂ ਦੇ ਪਿੱਛੇ ਟੁੰਗ ਕੇ ਲਈ ਚੁੰਨੀ। ਨੱਕ 'ਚ ਹਰੇ ਨਗ ਵਾਲਾ ਕੋਕਾ। ਉਤਲੇ ਬੁੱਲ੍ਹ ਦੇ ਕੋਨੇ 'ਤੇ ਸੁਰਮਈ ਆਸ਼ੀਆਂ। ਹੇਠਲੇ ਬੁੱਲ੍ਹ 'ਚ ਕਣਕ ਦੇ ਦਾਣੇ 'ਚ ਲੀਕ ਜਿੱਡਾ ਟੱਕ। ਠੋਡੀ 'ਚ ਭੱਬੂ ਦੀ ਖੁੱਡ ਵਰਗਾ ਡੂੰਘਾ ਟੋਇਆ...। ਬਹੁੜੀ ਰੱਬਾ! ਮੁੰਡੇ ਦਾ ਜਿਵੇਂ ਕਿਸੇ ਨੇ ਹੱਥ ਪਾ ਕੇ ਕਾਲਜਾ ਕੱਢ ਲਿਆ ਹੋਵੇ।

"ਹੱਥ ਤੇਰਾ ਤੇ ਕਾਲਜਾ ਮੇਰਾ
ਕੱਢ ਲਿਆ ਰੁੱਗ ਭਰ ਕੇ
ਮੁੰਡਾ ਨਿਸੰਗ ਬੋਲਿਆ।

"ਮੈਂ ਤੈਨੂੰ ਪਿਆਰ ਕਰਦੈ।"

"ਮੈਨੂੰ ਪਤੈ...।" ਨਸੀਬੋ ਦੇ ਬੁੱਲ੍ਹ ਲਰਜ਼ੇ। ਖਾਮੋਸ਼ ਅੱਖਾਂ ਨੇ ਹਾਮੀ ਭਰੀ। ਮੈਂ ਸਾਰੀ ਦੀ ਸਾਰੀ ਤੇਰੀ ਆ ਅੜਿਆ।

ਵਿਨੋਦ ਨੇ ਜ਼ਿੰਦਗੀ 'ਚ ਪਹਿਲੀ ਵਾਰ ਕਿਸੇ ਔਰਤ ਦੀ ਨੇੜਤਾ ਦਾ ਨਿੱਘ ਮਾਣਿਆ ਸੀ। ਔਰਤ ਦੀ ਨੇੜਤਾ 'ਚੋਂ ਜਿਹੜਾ ਲੁਤਫ਼, ਆਨੰਦ ਤੇ ਸਕੂਨ ਮਿਲਦੈ, ਉਹ ਹੋਰ ਕਿਸੇ ਚੀਜ਼ 'ਚੋ ਅਸੰਭਵ ਹੈ। ਨਾਮੁਮਕਿਨ ਹੈ। ਔਰਤ ਦੀ ਨੇੜਤਾ (ਮਿਲਾਪ) ਤੋਂ ਬਿਹਤਰ ਕੋਈ ਸਵਰਗ ਹੋ ਈ ਨਹੀਂ ਸਕਦਾ...।

ਵਿਨੋਦ ਸ਼ਿੱਦਤ ਨਾਲ ਨਸੀਬੋ ਨੂੰ ਚਾਹੁੰਦਾ ਸੀ। ਸ਼ਿੱਦਤ ਨਾਲ ਮਾਣਦਾ ਸੀ। ਭੋਗਦਾ ਸੀ। ਇਹ ਸਭ ਜਵਾਨ ਖੂਨ ਦੇ ਬੇਕਾਬੂ ਵੇਗ ਸਦਕਾ ਸੀ। ਦੇਹ ਸੁੱਖ ਦੀ ਲਾਲਸਾ ਸੀ। ਲੋੜ ਸੀ।

ਵਿਨੋਦ ਨੂੰ ਹਰ ਹਾਲਤ'ਚ ਖੁਸ਼ ਰੱਖਣਾ, ਨਸੀਬੋ ਦੀ ਮਜ਼ਬੂਰੀ ਸੀ ਤੇ ਲੋੜ ਵੀ..।

ਵਿਨੋਦ ਉਹਦੀਆਂ ਆਰਥਿਕ ਲੋੜਾਂ ਦੀ ਪੂਰਤੀ ਖੁੱਲ੍ਹੇ ਦਿਲ ਨਾਲ ਕਰਦਾ ਸੀ। ਘਰ ਦੇ ਜੀਅ ਵਾਂਗੂੰ । ਘਰ ਦੇ ਮਾਲਕ ਵਾਗੂੰ। ਨਸੀਬੋ ਕਿਸੇ ਵੀ ਕੀਮਤ ਤੇ ਵਿਨੋਦ ਨੂੰ ਛੱਡਣਾ ਨਹੀਂ ਸੀ ਚਾਹੁੰਦੀ। ਪਰ ਹੁਣ ਜਦੋਂ ਉਹਦੀ ਵੱਡੀ ਲੜਕੀ ਜੀਤੀ ਬਾਰ੍ਹਵੀਂ 'ਚ ਪੜ੍ਹਦੀ ਹੈ। ਤਾਂ ਉਹਦੇ ਅੰਦਰ ਕਸ਼ਮਕਸ਼ ਜਿਹੀ ਚਲਦੀ ਰਹਿੰਦੀ ਹੈ। ਦੁਬਿਧਾ, ਦੁੱਚਿਤੀ ਉਹਦੇ ਅੰਦਰ ਖੌਰੂ ਜਿਹਾ ਪਾਉਂਦੀ ਰਹਿੰਦੀ ਹੈ। ਵਿਨੋਦ ਨੂੰ ਛੱਡੇ ਜਾਂ ਨਾ ਛੱਡੇ। ਜਵਾਨ ਕੁੜੀ ਵਲ ਵੇਖ ਕੇ , ਸੋਚ ਕੇ ਉਹ ਆਤਮ ਗਿਲਾਨੀ ਨਾਲ ਭਰ ਜਾਂਦੀ ਹੈ। ਉਹਦਾ ਸਰੀਰ ਠੰਡਾ ਜਿਹਾ ਪੈ ਜਾਂਦਾ ਹੈ। ਝੂਠਾ। ਉਹਨੂੰ ਕੋਈ ਰਾਹ ਨਹੀਂ ਮਿਲਦਾ।

"ਨਹੀਂ ਮੈਂ ਵਿਨੋਦ ਨੂੰ ਨਹੀਂ ਛੱਡ ਸਕਦੀ।" ਉਹਦੇ ਅੰਦਰਲੀ ਨਸੀਬੋ ਪੈਰ ਗੱਡ ਖਲੋਂਦੀ।

ਵਿਨੋਦ ਪਿੱਛਲੇ ਢਾਈ ਤਿੰਨ ਸਾਲਾਂ 'ਤੋਂ ਇੱਥੇ ਕਿਸੇ ਵਿਦੇਸ਼ੀ ਭਾਰਤੀ ਦੀ ਸੁੰਨੀ ਪਈ ਕੋਠੀ 'ਚ ਰਹਿੰਦਾ ਹੈ। ਪਹਿਲਾਂ ਪਹਿਲ ਉਹ ਰੋਜ਼ਾਨਾ ਆਪਣੇ ਪਿੰਡੋਂ ਆਉਂਦਾ ਜਾਂਦਾ ਸੀ। ਉਹਦਾ ਪਿੰਡ ਵਾਹਵਾ ਦੂਰ ਸੀ। ਵਿਨੋਦ ਨੂੰ ਇਸ ਕੋਠੀ ਬਾਰੇ ਨਸੀਬੋ ਨੇ ਹੀ ਦੱਸਿਆ ਸੀਤੇ ਇੱਥੇ ਰਹਿਣ ਲਈ ਰਾਜ਼ੀ ਕੀਤਾ ਸੀ। ਮਨਾਇਆ ਸੀ।

ਇਸ ਕੋਠੀ ਦੀ ਸਾਫ਼ ਸਫ਼ਾਈ ਦੀ ਜਿੰਮੇਵਾਰੀ ਮਾਲਕਾਂ ਨੇ ਨਸੀਬੋ ਨੂੰ ਸੌਂਪੀ ਹੋਈ ਸੀ। ਇਸ ਇਵਜ਼ ਵਿੱਚ ਉਹ ਨਸੀਬੋ ਦੀ ਥੋੜੀ ਬਹੁਤੀ ਆਰਥਿਕ ਮੱਦਦ ਕਰ ਦਿੰਦੇ ਸੀ। ਕੋਠੀ ਵਾਲੇ ਭਲੇ ਲੋਕ ਸੀ। ਨਸੀਬੋ ਉਨ੍ਹਾਂ ਦੀ ਵਿਸ਼ਵਾਸ ਪਾਤਰ ਸੀ।

ਨਸੀਬੋ ਰਾਤ ਨੂੰ ਤਾਂ ਇਸ ਕੋਠੀ 'ਚ ਚੋਰੀ, ਛੁਪੇ ਦੱਬੇ ਪੈਰੀਂ ਆਸਾ-ਪਾਸਾ ਤਾੜ ਕੇ ਪ੍ਰਵੇਸ਼ ਕਰਦੀ ਹੁੰਦੀ ਸੀ। ਪਰ ਦਿਨੇ ਸਾਫ਼ ਸਫ਼ਾਈ ਦੇ ਬਹਾਨੇ ਨਿਸੰਗ ਆਉਂਦੀਂ ਜਾਂਦੀ ਸੀ। ਪਹਿਲਾਂ ਤਾਂ ਉਹ ਹਫ਼ਤੇ 'ਚ ਇੱਕ ਅੱਧੀ ਵਾਰ ਆਉਂਦੀ ਹੁੰਦੀ ਸੀ। ਪਰ ਜਦੋਂ ਤੋਂ ਵਿਨੋਦ ਨੇ ਰਹਿਣਾ ਸ਼ੁਰੂ ਕੀਤਾ ਹੈ, ਉਹ ਤਕਰੀਬਨ ਰੋਜ਼ਾਨਾ ਆਉਂਦੀ ਹੈ। ਉਹ ਵਿਨੋਦ ਦੇ ਕੱਪੜੇ ਵੀ ਧੋ ਦਿੰਦੀ ਹੈ ਤੇ ਖਾਣਾ ਵੀ ਤਿਆਰ ਕਰ ਦਿੰਦੀ ਹੈ। ਵਿਨੋਦ ਦੇ ਨਿੱਕੇ ਨਿੱਕੇ ਕੰਮ ਕਰਕੇ ਉਹਨੂੰ ਅਥਾਹ ਖੁਸ਼ੀ ਮਿਲਦੀ ਹੈ। ਤੇ ਕਦੇ ਕਦੇ ਉਹ ਵਿਨੋਦ ਦੇ ਵਿਆਹ ਬਾਰੇ ਸੋਚ ਕੇ ਭਾਵੁਕ ਵੀ ਹੋ ਜਾਂਦੀ ਹੈ।



ਇੱਕ ਦਿਨ ਵਿਨੋਦ ਨੇ ਨਸੀਬੋ ਨੂੰ ਬਾਹਾਂ 'ਚ ਭਰ ਕੇ ਲਾਚੜ ਕੇ ਕਿਹਾ,"ਮੈਂ ਹੁਣ ਵਿਆਹ ਕਰਾਲਾਂ?"

"ਕਰਾ ਕੇ ਤਾਂ ਵੇਖ ਮੌਰ ਭੰਨ ਦੂੰ...। ਉਹ ਲਾਡ ਨਾਲ ਮੁੰਡੇ ਦੇ ਮੁੱਕੀ ਮਾਰ ਕੇ ਕਿੰਨਾ ਈ ਚਿਰ ਹੱਸਦੀ ਰਹੀ ਸੀ। ਪਰ ਅੰਦਰੋਂ ਉਹਦਾ ਦਿਲ ਪੱਛਿਆ ਗਿਆ ਸੀ। ਉਹ ਜਾਣਦੀ ਸੀ ਕਿ ਇਹ ਐਵੇਂ ਮਨ ਨੂੰ ਤਸੱਲੀ ਦੇਣ ਵਾਲੀ ਗੱਲ ਹੈ। ਵਿਨੋਦ ਸਦਾ ਲਈ ਉਹਦਾ ਨਹੀਂ ਹੋ ਸਕਦਾ। ਇੱਕ ਨਾ ਇੱਕ ਦਿਨ ਉਹਦਾ ਵਿਆਹ ਹੋਣਾ ਹੀ ਹੋਣੈ।

ਤੇ ਫਿਰ ਬਿੰਦ ਕੁ ਪਿੱਛੋਂ ਉਹ ਉਦਾਸ ਸੁਰ 'ਚ ਬੋਲੀ ਸੀ। " ਅੜਿਆ , ਤੇਰੇ ਵਿਆਹ ਤੋਂ ਪਿੱਛੋਂ ਮੇਰਾ ਕੀ ਬਣੂ?" ਇੱਕ ਠੰਡਾ ਹਾਉਕਾ ਨਸੀਬੋ ਦੀ ਹਿੱਕ ਚੀਰ ਗਿਆ ਸੀ।

"ਮੈਂ ਮੀਨ੍ਹੇ ਦੇ ਮੀਨ੍ਹੇ ਤੈਨੂੰ ਮਨੀ ਆਰਡਰ ਭੇਜਦਾ ਰਹੂ....।" ਮੁੰਡੇ ਨੇ ਉਹਨੂੰ ਜੋਰ ਦੀ ਘੁੱਟਿਆ, "ਤੂੰ ਫ਼ਿਕਰ ਨਾ ਕਰ।"

"ਔਰਤ ਲਈ ਮਨੀਆਰਡਰ ਈ ਸਭ ਕੁਸ਼ ਨ੍ਹੀ ਹੁੰਦੈ।" ਨਸੀਬੋ ਨੇ ਆਪਾ ਛਡਾਉਂਦਿਆ ਨਿਹੋਰਾ ਮਾਰਿਆ, "ਅਖੇ ਨਵੇਂ ਨਵੇਂ ਮਿੱਤ, ਪੁਰਾਣੇ ਕਿਹਦੇ ਚਿੱਤ...।" ਨਸੀਬੋ ਦੇ ਉਪਰੋਕਤ ਸ਼ਬਦ ਉਹਦੀ ਅੰਦਰਲੀ ਚਿੰਤਾ ਦਾ ਪ੍ਰਗਟਾਵਾ ਕਰਦੇ ਸੀ ਕਿ ਉਹ ਨਵੇਂ ਦੇ ਮੁਕਾਬਲੇ ਹਰ ਹਾਲਤ 'ਚ ਰੱਦ ਕੀਤੀ ਜਾ ਸਕਦੀ ਹੈ। ਨਸੀਬੋ ਨੂੰ ਆਪਣੀ ਢਲਦੀ ਜਵਾਨੀ ਦਾ ਵੀ ਅਹਿਸਾਸ ਸੀ ਤੇ ਉਹ ਇਸ ਸੱਚ ਤੋਂ ਵੀ ਜਾਣੂ ਸੀ ਕਿ ਵਿਨੋਦ ਦਾ ਇੱਕ ਦਿਨ ਵਿਆਹ ਹੋਣਾ ਈ ਹੋਣੇ। ਇਸ ਦੇ ਬਾਵਜੂਦ ਉਹ ਕਿਸੇ ਵੀ ਕੀਮਤ ਤੇ ਵਿਨੋਦ ਨੂੰ ਛੱਡਣਾ ਨਹੀਂ ਸੀ ਚਾਹੁੰਦੀ। ਇਹ ਇੱਕ ਤਰਾਂ ਨਾਲ ਵਿਨੋਦ ਦੀ ਆਦੀ ਹੋ ਗਈ ਸੀ। ਸ਼ਿੱਦਤ ਨਾਲ ਵਿਨੋਦ ਨੂੰ ਚਾਹੁੰਦੀ ਸੀ। ਇਸ ਦੇ ਬਾਵਜੂਦ ਵਿਨੋਦ ਉਹਦੇ ਹੱਥਾਂ 'ਚੋਂ ਤਿਲਕਦਾ ਲੱਗਦਾ ਸੀ। ਉਹ ਡਾਹਢੀ ਉਦਾਸ ਸੀ।

ਵਿਨੋਦ ਪਿੱਛਲੇ ਦਿਨਾਂ ਤੋਂ ਜਦੋਂ ਦਾ ਉਹ ਪਿੰਡੋਂ ਛੁੱਟੀ ਕੱਟ ਕੇ ਆਇਆ, ਕੁਝ ਬਦਲਿਆ-ਬਦਲਿਆ ਲੱਗਦਾ ਸੀ। ਉਖੜਿਆ-ਉਖੜਿਆ ਤੇ ਉਦਾਸ ਜਿਹਾ ਰਹਿੰਦਾ ਸੀ। ਦਰਅਸਲ ਉਹਦੇ ਵਿਆਹ ਦੀ ਗੱਲ ਪੱਕੀ ਹੋ ਗਈ ਸੀ। ਅਗਲੇ ਮਹੀਨੇ ਦੀ ਕਿਸੇ ਤਾਰੀਕ ਨੂੰ ਉਹਦਾ ਵਿਆਹ ਨਿਸ਼ਚਿਤ ਸੀ। ਪੱਕਾ ਸੀ। ਉਹ ਇਸੇ ਵਿਸ਼ੇ 'ਤੇ ਨਸੀਬੋ ਨਾਲ ਗੱਲ ਕਰਨ ਲਈ ਕਿਸੇ ਚੰਗੇ ਮੌਕੇ ਦੀ ਤਲਾਸ਼ ਵਿੱਚ ਸੀ।

ਪਰ ਲੱਗਦੈ, ਨਸੀਬੋ ਨੂੰ ਬਿਨਾਂ ਦੱਸਿਆ ਹੀ ਇਹ ਗੱਲ ਖੁੜਕ ਗਈ ਸੀ। ਔਰਤ 'ਚ ਇਹ ਖਾਸ ਖੂਬੀ ਹੁੰਦੀ ਹੈ ਕਿ ਉਹ ਮਰਦ ਦੇ ਢਿੱਡ ਦੀਆਂ ਬੁੱਝ ਲੈਂਦੀ ਹੈ ਤੇ ਅਣਕਿਹਾ ਸੁਣ ਵੀ ਲੈਂਦੀ ਹੈ। ਪਰ ਉਹ ਚੁੱਪ ਰਹੀ। ਉਹਦਾ ਪੁੱਛਣ ਦਾ ਜੇਰਾ ਨਹੀਂ ਸੀ ਪੈਂਦਾ।ਔਰਤ ਹਮੇਸ਼ਾ ਆਉਣ ਵਾਲੇ ਖਤਰੇ ਨੂੰ ਟਾਲਣ ਦੀ ਕੋਸਿਸ ਕਰਦੀ ਹੈ।

"ਚੰਗਾ, ਮੈਂ ਚੱਲੀ।" ਨਸੀਬੋ ਫੜਕ ਦੇਣੇ ਉੱਠ ਕੇ ਕੱਪੜੇ ਸੰਵਾਰਦੀ ਹੈ। ਚੱਪਲਾਂ ਪਾਉਂਦੀ ਹੈ।

ਵਿਨੋਦ ਮੁਤਰ ਮੁਤਰ ਉਹਦੇ ਕੰਨੀਂ ਝਾਕੀ ਜਾਂਦਾ। ਖਾਮੋਸ਼।

ਉਹ ਵਿਹੜੇ 'ਚ ਆ ਜਾਂਦੀ ਹੈ। ਵਿਨੋਦ ਉਹਦੇ ਪਿੱਛੇ ਆਉਂਦੈ। ਕਹਿੰਦਾ।

"ਇੱਕ ਮਿੰਟ....।"

"ਹੁਣ ਕੀ ਆ...।"

ਉਹ ਥੋੜਾ ਜਿਹਾ ਮੱਥਾ ਸੰਕੋੜ ਕੇ, ਹੇਠਲਾ ਬੁੱਲ੍ਹ ਚੱਬਦੀ ਹੈ।

"ਤੇਰੇ ਨਾ ਇੱਕ ਗੱਲ ਕਰਨੀ ਸੀ।"

"ਮੈਨੂੰ ਪਤਾ, ਤੂੰ ਕੀ ਗੱਲ ਕਰਨੀ ਆਂ।"

"ਕੀ...?"

"ਤੇਰਾ ਵਿਆਹ ਪੱਕਾ ਹੋ ਗਿਆ, ਹੈ ਨਾ?"

ਮੁੰਡਾ ਜਮਾਂ ਦੰਗ ਰਹਿ ਗਿਆ। ਭੁਚੱਕਾ। ਉਹਦੇ ਬੁੱਲ੍ਹਾਂ ਨੂੰ ਸ਼ਬਦ ਨਹੀਂ ਅਹੁੜੇ। ਜਿਵੇਂ ਜੁਬਾਨ ਠਾਕੀ ਗਈ ਹੋਵੇ। ਜਿਵੇਂ ਸੱਪ ਸੁੰਘ ਗਿਆ ਹੋਵੇ।

"ਤੂੰ ਵਿਆਹ ਕਰਾ, ਮੈਂ ਸਲਾਮੀ ਪਾਉਣ ਆਉਂਗੀ।" ਨਸੀਬੋ ਦਾ ਜ਼ਬਤ ਟੁੱਟ ਗਿਆ ਸੀ। ਅੱਖਾਂ ਛਲਕ ਪਈਆਂ ਸੀ, ਤੇ ਇੱਕ ਖਾਮੋਸ਼ ਧਾਹ ਉਹਦੇ ਅੰਦਰ ਬੰਬ ਵਾਂਗੂੰ ਫਟ ਗਈ ਸੀ। ਦੋਵੇਂ, ਕਿੰਨ੍ਹਾ ਈ ਚਿਰ ਸਿਰ ਸੁੱਟ ਕੇ ਖੜੇ ਰਹੇ। ਖਾਮੋਸ਼। ਜਿਵੇਂ ਦੋਵੇਂ ਦੋਸ਼ੀ ਹੋਣ। ਵੱਡੇ ਗੁਨਾਹਗਾਰ।

ਕਿੰਨੇ ਈ ਚਿਰ ਪਿੱਛੋਂ ਵਿਨੋਦ ਬੇਵਸੀ ਦੇ ਆਲਮ 'ਚੋਂ ਆਜਜੀ ਨਾਲ ਬੋਲਿਆ।

"ਦੱਸ ਮੈਂ ਕੀ ਕਰਾਂ?" ਮੁੰਡਾ ਰੋਣਹਾਕਾ ਹੋਇਆ ਖੜਾ ਸੀ।

"ਨਸੀਬੋ ਚੁੱਪ ਸੀ।

"ਬੋਲ...।" ਮੁੰਡਾ ਜਵਾਬ ਮੰਗਦਾ?

ਨਸੀਬੋ ਭਰੀਆਂ ਅੱਖਾਂ ਨਾਲ ਮੁੰਡੇ ਵੱਲ ਝਾਕੀ । ਬੋਲੀ।

"ਤੂੰ ਦੋ ਸਾਲ ਰੁਕ ਨ੍ਹੀ ਸਕਦਾ?"

"ਫਿਰ ਕੀ ਹੋਜੂ...?"

"ਫਿਰ..... ਫਿਰ ਜੀਤੀ ਅਠਾਰਾਂ ਸਾਲਾਂ ਦੀ ਹੋਜੂ...।"

ਐਨਾ ਕਹਿ ਕੇ ਨਸੀਬੋ ਬੁੱਬ ਮਾਰ ਕੇ ਰੋ ਪਈ। ਤੇ ਰੋਂਦੀ ਰਹੀ। ਡੁਸਕਦੀ ਰਹੀ। ਮੁੰਡਾ ਕੇਰਾਂ ਤਾਂ ਥਾਏਂ ਪੱਥਰ ਹੋ ਗਿਆ, ਬੁੱਤ ।ਐਨ ਇਸੇ ਵੇਲੇ ਮੰਦਰ ਦੀ ਘੰਟੀ ਖੜਕਦੀ ਹੈ।

ਤੇ ਵਿਨੋਦ ਨੇ ਬਹੁਤ ਹੀ ਸਹਿਜ ਭਾਅ ਨਾਲ ਥੋੜਾ ਜਿਹਾ ਝੁਕ ਕੇ ਨਸੀਬੋ ਦੀ ਛਾਤੀ ਨਾਲ ਸਿਰ ਜੋੜ ਦਿੱਤਾ ਹੈ।

ਤੇ ਨਸੀਬੋ ਮੁੰਡੇ ਦੀ ਪਿੱਠ 'ਤੇ ਹੱਥ ਫੇਰਦੀ ਮੋਹ-ਮਮਤਾ ਦੇ ਹੰਝੂਆਂ 'ਚ ਭਿੱਜ ਜਾਂਦੀ ਹੈ।



## ਕਹਾਣੀ / ਕਲੰਦਰ / ਗੁਰਪ੍ਰੀਤ ਸਹਿਜੀ

ਜਦੋਂ ਗੱਖੀ ਨਾਥ ਦੇ ਪਿੰਡੇ ਵਿੱਚ ਕਿਸੇ ਤੀਵੀਂ ਦੀ ਭੁੱਖ ਖੌਰੂ ਪਾਉਣ ਲੱਗ ਪੈਂਦੀ ਤਾਂ ਉਹ ਭੱਜ ਕੇ ਸੰਦੂਕ ਦੀ ਕਿੱਲੀ 'ਤੇ ਟੰਗੇ ਘੁੰਗਰੂ ਚਾ ਕੇ ਆਪਣੇ ਪੈਰਾਂ ਵਿੱਚ ਬੰਨ੍ਹ ਲੈਂਦਾ ਏ। ਪੋਟਲੀ ਵਿੱਚ ਬੰਨ੍ਹ ਕੇ ਸਾਂਭੀਆਂ , ਬੇਬਰੀ ਦੀਆਂ ਚੂੜੀਆਂ ਕੱਢ ਕੇ ਹੱਥਾਂ ਵਿੱਚ ਪਾ ਲੈਂਦਾ ਤੇ ਖੁੰਜ ਵਿੱਚ ਪਏ ਝੋਲੇ 'ਚੋਂ ਬੀਨ ਕੱਢ  ਕੇ ਵਜਾਉਣ ਲੱਗ ਪੈਂਦਾ ਹੈ। ਕਿਸੇ ਮਹੰਤ ਦੇ ਨਾਚਾਰ ਵਾਂਗ, ਲੱਕ ਹਿਲਾ ਹਿਲਾ ਨੱਚਦਾ ਹੈ। ਤੇ ਫੇਰ ਨੱਚੀ ਜਾਂਦਾ .....। ਪੱਗ ਵੀ ਢਿਲਕ ਕੇ ਗਲ ਵਿੱਚ ਆ ਪੈਂਦੀ ਏ। ਅੱਧੀ ਕੁ ਪੱਗ ਉਹਦੇ ਮੋਢਿਆ ਉਤੋਂ ਦੀ ਪਿੱਛੇ ਦੀ ਸਰਾਲ ਵਾਂਗ ਲਮਕ ਕੇ ਭੁੰਜੇ ਧਰਤੀ ਨਾਲ ਖਹਿੰਦੀ, ਜੀਹਨੂੰ ਉਹ ਆਪਣੇ ਪੈਰਾਂ ਨਾਲ ਮਿੱਧੀ ਜਾਂਦਾ। ਬੀਨ ਵਜਾਂਉਂਦੇ ਦਾ ਕਿੰਨਾਂ ਥੁੱਕ ਲਾਰਾਂ ਬਣਕੇ ਠੋਡੀ ਤੋਂ ਵਹਿਣ ਲੱਗਦਾ....।

ਸਾਹ ਚੜਣ ਕਰਕੇ ਅੱਖਾਂ ਵੀ ਅੱਡੀਆਂ ਰਹਿ ਜਾਂਦੀਆਂ। ਘੱਟ ਈ ਝਮਕਦਾ। ਓਦਣ, ਮੰਜੇ ਤੇ ਪਈ ਪਾਛੋ ਦੇ ਚਿਹਰੇ ਵੱਲ ਝਾਕ ਕੇ ਗੱਖੀ ਆਫਰ ਈ ਗਿਆ।

'ਫਿੱਟ ਲਾਨ੍ਹਤ ਐਵ ਜੇ ਮੂੰ ਤੇ, ਨਈ ਮੈਂ ਐਨਾ ਕੁੱਤ-ਖੋਰਾ ਨ੍ਹੀ,ਉਹਨੇ ਵਲ ਈ ਉਂਗਲ ਦਾਗੀ ਤੇ ਬੀਨ ਨੂੰ ਹਵਾ ਵਿੱਚ ਉੱਛਾਲ ਕੇ, ਸੱਜੇ ਹੱਥ ਨਾਲ ਮੂੰਹ 'ਤੇ ਵੱਟ ਕੇ ਚਪੇੜ ਮਾਰੀ, ਬੀਨ ਭੁੰਜੇ ਡਿੱਗਦੀ ਫੇਰ ਬੋਚ ਲਈ।

ਜਿੰਨਾਂ ਚਿਰ ਬੀਨ ਨੂੰ ਹਵਾ ਵਿੱਚ ਸੁੱਟ ਕੇ ਨਹੀਂ ਸੀ ਬੁੱਚਦਾ, ਓਨਾ ਚਿਰ ਆਪਣਾ ਮੂੰਹ ਚਪੇੜਾਂ ਨਾਲ ਭੰਨੀ ਜਾਂਦਾ।

'ਆਵਦੀ ਧੀ ਲੀ ਐਵ ਜੇ ਚਾਅ ਰੱਖਣੇ, ਘੋਰ ਪਾਪ ਐ, ਮਰੇ ਤੋਂ ਬਾਦ ਰੱਬ ਨੇ ਕਿਹੇ ਜੂਨ'ਚ ਨ੍ਹੀ ਪੌਣਾ, ਹੇ , ਕਾਮ ਦੇਵ, ਅਕਲ ਤੇ ਪਰਦਾ ਨਾ ਪਾਈ ਕੰਜਰਾ' ਕੱਛ ਵਿੱਚ ਬੀਨ ਬੋਚ ਕੇ, ਦੋਵੇਂ ਹੱਥ ਜੋੜ ਕੇ,ਅੰਬਰ ਵੱਲ ਝਾਕ ਕੇ ਮਿੰਨਤ ਤਰਲਾ ਕਰਨ ਲੱਗ ਪਿਆ।

ਨੱਚ ਨੱਚ ਕੇ ਉਹ ਨਿਸਲ ਹੋ ਕੇ ਭੁੰਜੇ ਧਰਤੀ ਤੇ ਲਿਟ ਗਿਆ। ਲੱਤਾਂ ਨੇ ਭਾਰ ਨਾ ਝੱਲਿਆ।

ਪਾਛੋ, ਕਾਨਿਆਂ ਦੇ ਛੱਤੜੇ ਹੇਠ, ਰੱਸੀ ਨਾਲ ਬੰਨ੍ਹ ਕੇ ਲਟਕਾਈ ਲੋਟ ਵਿਚੋਂ ਪਾਣੀ ਦਾ ਛੰਨਾਂ ਭਰ ਕੇ , ਲਿਟੇ ਪਏ ਗੱਖੀ ਦੇ ਸਿਰਹਾਣੇ ਰੱਖ ਗਈ। ਸੁਰਤ ਆਉਣ ਤੇ ਆਪੇ ਈ ਛੰਨੇ 'ਚੋਂ ਪਾਣੀ ਕਿਸੇ ਕੁੱਤੇ ਵਾਂਗ ਲੱਭਦਾ। ਜੀਭ ਨਾਲ। ਜੀਭ ਦਾ ਕਾਂ ਅੰਬ ਜਾਂਦਾ। ਉੱਚੀ ਬੋਲ ਵਿੱਚ ਹੂੰਗਰ ਮਾਰੀ," ਮੈਂ ਕਰਾਂ ਵੀ ਕੀ।'

ਪਾਛੋ ਦੇ ਪੈਰਾਂ ਦੀ ਮਿੱਟੀ, ਮੁੱਠੀਆਂ ਭਰ ਕੇ ਹਵਾ ਵਿੱਚ ਉਡਾ ਦਿੱਤੀ। ਜਿੰਨਾਂ ਪਾਣੀ ਗੋਡਣੀ ਲਾ ਕੇ ਲੱਕਿਆ ਗਿਆ, ਲੱਕ ਲਿਆ, ਬਾਕੀ ਬਚਿਆ ਧਾਰ ਬੰਨ੍ਹ ਕੇ ਆਪਣੇ ਸਿਰ ਵਿੱਚ ਪਾ ਲਿਆ।

ਪਾਛੋ ਏਸ ਘਰ ਦੇ ਚੁੱਲ੍ਹੇ ਦੀ ਅੱਗ ਸੀ, ਜੀਹਦੇ ਨਾਲ ਘਰ ਦੀਆਂ ਵਿਰਲਾਂ ਵਿੱਚ ਚਾਨਣ ਹੁੰਦਾ ਸੀ। ਜੇ ਉਹ ਘਰ ਹੁੰਦੀ ਤਾਂ ਕਿਸੇ ਵੀ ਸ਼ੈਅ ਦੀ ਤੋਟ ਨਹੀਂ ਸੀ ਹੁੰਦੀ। ਜਿਸ ਨਾਲ ਉਹਦੀ ਮਰਜ਼ੀ ਜਿਹੋ ਜੀ ਸਾਂਝ ਹੁੰਦੀ, ਗੱਖੀ ਨੂੰ ਉਹ ਓਪਰੀ ਸ਼ੈਅ ਵੀ ਆਪਣੀ ਈ

ਲੱਗਦੀ।

ਬੇਬਰੀ ਮਰੀ ਨੂੰ ਕਿੰਨ੍ਹੇ ਹੀ ਵਰ੍ਹੇ ਬੀਤ ਗਏ.....।

ਕਬੀਲੇ ਦੇ ਲੋਕਾਂ ਨੇ ਤੇ ਪਿੰਡ ਦੇ ਭੜੱਪੇ ਦੇ ਉਹ ਮੋਹਤਵਾਰ ਬੰਦੇ, ਜਿਨ੍ਹਾਂ ਨਾਲ ਸੇਪੀ ਸੀ, ਸਾਰਿਆਂ ਨੇ ਫਰਜ਼ ਮੰਨ ਕੇ ਸਲਾਹ ਦਿੱਤੀ, "ਵਿਆਹ ਕਰਾ ਲੈ ਬਾਈ, ਨਵੇਂ ਸਿਰਿਓਂ ਵਸਾ ਆਵਦਾ ਘਰ, ਆਹ ਤੇਰੀ ਉਮਰ ਰੰਡੇਪਾ ਕੱਟਣ ਦੀ ਨਈਂ।"

ਗੱਖੀ ਅੰਬਰ ਵੱਲ ਭੌਂੜਕੇ ਹੱਸਿਆ। ਚੁੱਪ ਕਰਕੇ ਹੌਕਾ ਖਿੱਚ ਕੇ ਦੋਵੇਂ ਹੱਥ ਜੋੜ ਕੇ, ਤਲੀਆਂ ਦੀਆਂ ਲਕੀਰਾਂ ਵੱਲ ਝਾਕਿਆ, "ਭਰਾਵਾਂ ਜੀਦੋਂ ਰੱਬ ਈ ਨ੍ਹੀ ਆਪਾਂ ਨੂੰ ਵਸਾ ਕੇ ਖੁਸ਼, ਫੇ ਤੈਂ-ਮੈਂ ਕੌਣ ਹੁੰਨੇ ਆਂ, ਡਾਢੇ ਨਾਲ ਆਢਾ ਲਾ ਕੇ ਵਸਣ ਆਲੇ, ਰੱਬ ਦਾ ਭਾਣਾ ਮੈਨੂੰ ਨੀ ਭਾਇਆ, "ਅੱਖਾਂ ਵਿੱਚ ਨਿੱਤਰ ਕੇ ਆਈ, ਬੂੰਦ ਕਾਲਜੇ ਦੀ ਪੀੜ੍ਹ ਤਲੀ ਨਾਲ ਪੂੰਜ ਕੇ ਮੱਥੇ ਤੇ ਮਲ ਲਈ।

"ਕਈ ਵੇਰੀਂ ਦਾਤੇ ਦੇ ਕਰੇ ਪੁੱਠੇ ਕੰਮ ਬੰਦਾ ਆਪ ਵੀ ਸੂਤ ਕਰਦੈ, ਢਹੀ ਢੇਰੀ ਦਾ ਕੀ ਐ, ਰੇਤਾ, ਕੱਠਾ ਕਰਕੇ ਫੇਰ ਬਣਾ ਲੈ, ਮਾਣੀ ਨੇ ਕੋਲ ਪਾਵੇ ਤੇ ਬੈਠੇ ਗੱਖੀ ਦਾ ਹੱਥ ਚਾ ਕੇ ਪਰ੍ਹੇ ਕਰ ਦਿੱਤਾ। ਜੁੜੇ ਹੱਥ ਖੋਲ ਦਿੱਤੇ।

ਤੋਛੀ ਨੇ ਵੀ ਅੰਬਰ ਵੱਲ ਝਾਕ ਕੇ ਸਿਰੇ ਦੀ ਸੁਣਾ ਤੀ, "ਜੇ ਲੀਲੀ ਛੱਤਰੀ ਆਲਾ ਨਿਆਂ ਨਾ ਕਰੇ, ਬੰਦਾ ਫੇਰ ਆਵਦਾ ਨਿਆਂ ਕਰਕੇ ਬਈ ਨਬੇੜੇ, ਚਿੱਤ ਕਰੜਾ ਕਰਨ ਲਈ ਹੱਲਾ ਸ਼ੇਰੀ ਵੀ ਦਿੱਤੀ।

"ਜੇ ਰੱਬ ਨੇ ਐਤਕੀ ਫੇ ਕਾਈ ਘਤਿੱਤ ਕਰਤੀ, ਮੈਥੋਂ ਬੁਰਾ ਕਾਈ, ਘਾਣੀ ਘਲੋਚੀ ਹੋ ਜਾਣੀ ਐ, ਐਵੇਂ ਜਮੇਂ ਜੇ ਈ ਠੀਕ ਐ, ਉਹ ਆਪਣੀ ਝੁੱਗੀ ਦੇ ਉੱਤੇ ਝੂਲ ਰਹੇ ਹਰੇ ਝੰਡੇ ਵੱਲ ਨੀਝ ਨਾਲ ਵੇਖਣ ਲੱਗਿਆ। ਝੰਡਾ ਕਾਹਦ੍ਹਾ ਸੀ, ਇਹ ਬੇਬਰੀ ਦੀ ਕੋਈ ਪੁਰਾਣੀ ਚੁੰਨੀ ਹੀ ਸੀ।

"ਬਾਲ੍ਹੀ ਬਿਚ ਬਿਚ ਨਾ ਕਰ, ਉੱਠ ਬਾਂਹ ਤੋਂ ਫੜਕੇ ਮਾਣੀ ਨੇ ਖੜਾ ਕਰ ਲਿਆ। ਅਖੀਰ ਲੇਲੇ -ਪੇਪੇ ਕਰਕੇ ਗੱਖੀ ਉਹਨਾਂ ਦੀ ਜਿੱਦ ਅੱਗੇ ਢਹਿ ਗਿਆ। ਮੰਨ ਗਿਆ।

ਫੋਟੋ ਵੇਖ ਕੇ, ਏਹ ਤੀਵੀਂ ਉਹਦੇ ਚਿੱਤ ਨੂੰ ਜਚ ਗਈ ਸੀ। ਤੋਛੀ ਦੀ ਖੁੱਲ੍ਹੀ ਬਾਡੀ ਵਾਲੀ ਮੂੰਗਿਆ ਰੰਗੀ ਜੀਪ ਵਿੱਚ ਬਹਿ ਕੇ ਮੰਡੀ ਚਲਾ ਗਿਆ।

ਸਕੂਲ ਵਿੱਚ ਜਾ ਕੇ ਪਾਛੋ ਪੂਰੇ ਚਾਅ ਨਾਲ ਹੁੱਬ ਕੇ ਆਪਣੇ ਬੋਰੀ ਤੇ ਬੈਠੇ ਜਵਾਕਾ ਨਾਲ ਖੇਡਦੀ ਹੋਈ, ਬੋਲੀ ਗਈ,"ਪੈ-ਜੀ ਮੇਰ੍ਹੇ ਲ੍ਹੀ ਛੈਰੋਂ ਬੀਬੀ ਲੈਣ ਗਿਆ, ਮੇਰੀ ਪਹਿਲੀ ਆਲੀ ਬੀਬੀ ਨੂੰ ਕੋਕੋ ਲੈ ਗਈ ਸੀ ਚਾ ਕੇ , ਮੰਵੀਂ ਪੇ ਜੀ ਦੇ ਵਿਆ 'ਚ ਨਮਾਂ ਸੂਟ ਪਾਊ।"

ਨਿੱਕੇ-ਨਿੱਕੇ ਕਿੰਨ੍ਹੇ ਈ ਚਾਅ ਦਿਲ 'ਚ ਸਮੋਈ ਬੈਠੀ ਸੀ ਉਹ। ਪਰ ਗੱਖੀ ਏਹ ਹਾਸੀ ਵੀ ਜਰ ਨਹੀਂ ਸਕਿਆ। ਉਹ ਘਾਬਰ ਗਿਆ,"ਜੀਨ੍ਹੇ ਢਿੱਡੋਂ ਨ੍ਹੀ ਜੰਮਿਆਂ, ਔਹ ਕੀ ਜਾਣੇ ਕਿਸੇ ਦੀ ਚੀਸ", ਕਾਲਜੇ 'ਚੋਂ ਰੁੱਗ ਭਰਿਆ ਗਿਆ।

"ਨਈਂ ਮੈਂ ਨਈਂ ਕੱਤਰੋਂ ਜੀਪ ਪਿਛਾਂ, ਮੈਂ ਨ੍ਹੀ ਕਰੌਣਾ ਵਿਆਂ" ਗੱਖੀ ਪੂਰਾ ਰਿਆੜ ਪੈ ਗਿਆ।" ਬਸ ਹੁਰ ਨੀ ਚੱਕੀ ਜਾਣੀ ਕਬੀਲਦਾਰੀ, ਆਹ ਕੁੜੀ ਔਂ, ਚਹੁੰ ਵਰ੍ਹੇ ਨੂੰ ਵਿਆਂ ਕੇ, ਨਿਫਰ ਫੰਡ ਹੋ ਕੇ ਸੌਖ ਦੇ ਦਿਨ ਕੱਟੂ । ਖੰਗਰ ਇੱਟ ਜਿਹੀ ਨਾਂਹ ਕਰਕੇ



ਨੀਵੀਂ ਪਾ ਲਈ। ਕੰਨਾਂ ਤੇ ਜਚਾ ਕੇ ਹੱਥ ਧਰਲੇ, ਕਿਤੇ ਨੀਵੀਂ ਨਾ ਅਤਾਂਹ ਚੱਕੀ ਜਾਵੇ। ਜੀਪ ਸੜ੍ਹਕ ਦੇ ਇੱਕ ਬੰਨ੍ਹੇ ਖਤਾਨਾਂ 'ਚ ਟੇਡੀ ਕਰਕੇ ਲਾ ਲਈ।

ਮਾਣੀ ਨੇ ਠਰ੍ਹਮੇ ਨਾਲ ਵਲਾ ਬਣਾ ਕੇ ਮੱਤ ਦਿੱਤੀ, "ਉਏ ਊਦਿਆਂ ਤੇਰੇ ਲੀੜੇ ਕੌਣ ਧੋਵੂ, ਕੌਣ ਮਾਂਜੂ ਤੇਰੀ ਲੱਕ ਜੂਠ, ਆਹ ਨਿਆਣੀ ਦਾ ਈ ਝੋਰਾ ਕਰਲਾ, ਚਲ ਆਵਦਾਂ ਤੇ ਨ ਸਈ।"

"ਕੰਨਾਂ ਤੋਂ ਹੱਥ ਤਾਂਅ ਚੱਕ ਲਾਂ ਉੜਾ' ਤੋਠੀ ਨੇ ਸੱਜਾ ਹੱਥ ਮਸਾਂ ਈ ਪੱਟਿਆ", ਮਾਵਾਂ ਧੀਆਂ ਦੇ ਨੱਤੀ ਸੌ ਪੜਦੇ ਹੁੰਦੇ ਆ, ਬੰਦੇ ਦਾ ਸੌਰ ਜੂ ਤੀਵੀਂ ਬਿਨਾਂ ਹੁਰ ਬੰਨ੍ਹੇ ਮੂੰਹ ਮਾਰ ਕੇ ਪਰ ਧੀ ਕੀਹਦੇ ਨਾਲ ਕਰੇ ਦੁੱਖ-ਸੁੱਖ, ਬਾਂਹ ਝਟਕ ਤੇ ਛੱਡੀ ਤਾਂ ਗੱਖੀ ਨੇ ਫੇਰ ਕੰਨ ਤੇ ਹੱਥ ਧਰ ਲਿਆ।

"ਤੇਰਾ ਘਰ ਵਸੌਣਾ ਭਾਵੇ ਰੱਬ ਨਾਲ ਡਾਂਗੋ ਡਾਂਗੀ ਹੋਣੇ ਪੈ ਜੇ, ਤੋਛੀ ਸਾਕ ਕਰਾਂਉਣ ਦੀ ਬਾਲ੍ਹੀ ਜਿੱਦ ਕਰੀਂ ਜਾਂਦਾ ਸੀ। ਕੰਨ ਕੋਲ ਮੂੰਹ ਕਰਕੇ ਉੱਚਾ ਬੋਲਿਆ," ਅਹੀਂ ਕੇੜ੍ਹਾ ਵਿਚੋਂ ਢੋਕੇ ਲੈਣੇ ਆਂ, ਲਗਰ ਅਰਗੀ ਤੀਵੀਂ ਘਰੇ ਤੇਰੇ ਔਣੀ ਆਂ, ਅਹੀ ਪੁੰਨ ਈ ਖੱਟਣੈ।"

ਪਰ ਸੀ ਤੋਛੀ ਵੀ ਪੂਰਾ ਕੰਜਰ। ਜਿਹੜੀ ਤੀਵੀਂ ਦਾ ਸਾਕ ਕਰਾ ਦੇਣ ਦੀ ਉਹ ਵਿਧ ਬਣਾ ਰਿਹਾ ਸੀ ਨਾ , ਉਹ ਸੀ ਰਾਜਣੀ। ਉਹਦੇ ਸਾਲੇ ਦੇ ਸੀਰੀ ਦੀ ਕੁੜੀ।

ਗੱਖੀ ਨਾਥ ਤੋਂ ਕਿਸੇ ਪ੍ਰਕਾਰ ਦਾ ਲਕੋਅ ਨਹੀਂ ਸੀ। ਜੋ ਤੋਛੀ ਦੇ ਬੱਬਰ'ਚ ਸੀ, ਉਹੀ ਉਹਦੇ ਨੁਹੰਆਂ ਦੀ ਮੈਲ ਸੀ । ਇਨ੍ਹਾਂ ਨੁਹੰਆਂ ਨੂੰ ਉਹ ਟੁੱਕ ਰਿਹਾ ਸੀ।

ਰਾਜਣੀ ਦੇ ਨਾਲ ਤੋਛੀ ਦੀ ਬੜੇ ਚਿਰ ਤੋਂ ਗਾੜੀ ਆੜੀ ਸੀ। ਜਾਤ ਦੀ ਜ਼ਰੂਰ ਨੀਵੀਂ ਸੀ, ਪਰ ਰੰਗ ਰੋਗਨ ਵਿੱਚ ਪਰੂ ਤਿੜੀ ਜੱਟੀ ਦਾ ਤੜਿਆਟ ਭੰਨ ਕੇ ਪਿਛਾਂਹ ਸੁੱਟਦੀ। ਨਾਲੇ ਕਾਮ ਦੇਵ ਮੂਹਰੇ ਉਈਂ ਜਾਤਾਂ ਅੜਕ ਸਕੀਆਂ ਕਦੇ ਵੀ? ਤੋਛੀ ਨੂੰ ਸਾਹ ਵੀ ਉਹਦੇ 'ਚੋਂ ਪੁਣ ਕੇ ਈਂ ਆਉਦਾਂ ਸੀ।

ਉਹਦੇ ਕੋਲ ਨਿੱਤ ਈ ਪੱਜ ਬਣਾ ਕੇ ਜਾਣਾ ਬਾਲ੍ਹਾ ਔਖਾ ਸੀ। ਜਿੱਦਣ ਵੀ ਜਾਂਦਾ ਮਿਲਣ, ਕੋਈ ਨਾ ਕੋਈ ਟੂਮ ਉਹਦੇ ਪਿੰਡੇ ਤੇ ਨਾ ਹੁੰਦੀ। ਕਦੇ ਛਾਪ, ਕੜਾ ਤੇ ਕਦੇ ਕੰਨਾਂ ਦੀਆਂ ਖਰੇ ਸੋਨੇ ਦੀਆਂ ਨੱਤੀਆਂ। ਘਰ ਆ ਕੇ ਆਪਣੀ ਵਹੁਟੀ ਨੂੰ ਸੌ ਝੂਠ ਮਾਰੀ ਜਾਂਦਾ।

ਲੱਸੀ ਦਾ ਗਲਾਸ ਫੜਾਂਉਦੀ ਹੋਈ ਨੇ ਸੁੰਨੀ ਉਂਗਲ ਦੇਖ ਕੇ, ਸੱਚ ਨੂੰ ਜੁੰਡਿਆਂ ਤੋਂ ਫੜ ਕੇ ਹਲੂਣ ਦਿੱਤਾ, "ਆਹ ਛਾਪ ਜੇਹੀ ਨ੍ਹੀ ਦੀਹਦੀ, ਕਿਹੇ ਨੂੰ ਦੇ ਤਾਂ ਨ੍ਹੀ ਆਇਆ?"

ਡਰ ਨਾਲ ਬੁੱਲ੍ਹਾਂ ਤੇ ਆਈ ਸਿੱਕਰੀ ਤੇ ਜੀਭ ਫੇਰਦਾ, ਤੋਛੀ ਜੱਕ ਦਿਨੇ ਹੀ ਗੁੱਲੀ ਘੜ ਦਿੰਦਾ, "ਕੁੱਕੜ ਵੱਢਣ ਵੇਲੇ ਮੈਂ ਲਾਹ ਕੇ , ਟੋਕੇ ਦੇ ਪਾਛੜੇ 'ਚ ਰੱਕਤੀ, ਅਹੀਂ ਐਧਰ ਚੀਰਫਾੜ 'ਚ ਰੁੱਝ ਗਏ, ਸੀਰੀ ਨੇ ਆ ਕੇ ਪੱਠੇ ਕੁੱਤਰ ਦਿੱਤੇ, ਭੈਣ ਚਦਾਵੇ ਦੀ ਖੁਰਲੀ 'ਚ ਵੀ ਬਥੇਰੀ ਲੱਭੀ, ਕਿਤੋਂ ਟੱਕਰੀ ਨੀ।"

"ਖੁਰਲੀਆਂ 'ਚ ਛਾਪ ਲੱਭਦਾ ਆਪ ਨਾ ਮਜੱਦਿਆ ਜਾਈਂ", ਏਨਾ ਆਖ ਕੇ ਉਹ ਚੌਤਰੇਂ ਨੂੰ ਤੁਰ ਗਈ। ਬਾਹਲੇ ਅੰਤਰੇ ਉਹ ਵੀ ਨਹੀਂ ਸੀ ਲੈਂਦੀ। "ਜੇੜ੍ਹੀ ਚੀਜ਼ ਦੇ ਗਵਾਚਣ ਦਾ ਡਰ ਹੋਏ, ਘਰੇ ਫੜਾ ਜਾਈਦੀ ਐ।"

ਹੁਣ, ਕੰਨਾਂ ਤੇ ਦੋਵੇਂ ਹੱਥ ਧਰਕੇ ਗੱਖੀ ਆਪਣੇ ਚਿੱਤ 'ਚ ਤੋਛੀ ਦੇ ਮੋਛੇ ਪਾਈ ਗਿਆ, "ਚਵਲ ਲੋਕਾਂ ਦੀਆਂ ਨਾਰਾਂ ਦੀਆਂ ਚੁੰਨੀਆਂ ਚੱਬਣ ਦੀ ਚੱਸ ਪੂਰੀ ਜਾਂਦਾ", ਹੂੰ ਆਵਦੀ ਸੰਭਦੀ ਨੀ ਨਗੌਰੀ ਤੋਂ ਸੜਕ ਤੇ ਪੈਰਾਂ ਭਾਰ ਬੈਠਾ, ਉਹਦੇ ਮੂੰਹ ਤੇ ਨਿਗ੍ਹਾ ਟਿਕਾ ਕੇ, "ਉਏ ਦੂਹਰੇ ਤੀਹਰੇ ਕਰਕੇ ਹੋਰਾਂ ਦੇ ਨਿਆਣੇ ਘਰੇ ਜੰਮ ਜੰਮ, ਰੋਟ ਆਨੂੰ ਸੁੱਟੀ ਜਾਂਦੀ ਐ, ਲਹੂ ਤੇ ਖੀਰ ਲਊ ਈ ਹੁੰਦਾ ਨਾ, ਵਖਾਊ ਕਣ ਕੰਢਾ ਕਿਹੇ ਦਿਨ, ਨਿਆਣੇ ਟੁੱਕ ਦੀ ਬੁਰਕੀ ਨੀ ਦਿੰਦੇ ਐਨੂੰ।"

ਜੁੱਤੀ ਪੈਰਾਂ ਵਿਚੋਂ ਲਾਹ ਕੇ, ਦੋਵਾਂ ਹੱਥਾਂ ਵਿੱਚ ਫੜ ਕੇ ਖੜਾ ਹੋ ਗਿਆ। ਤੋਛੀ ਵੱਲ ਘੂਰੀ ਵੱਟ ਕੇ ਤੁਰ ਪਿਆ। ਤੋਛੀ ਦੇ ਕਦਮ ਪਿਛਾਂਹ ਹਟ ਗਏ। ਦੋਵਾਂ ਹੱਥਾਂ ਨਾਲ ਜੁੱਤੀਆਂ ਨਾਲ ਉਹਦਾ ਪਰਛਾਵਾਂ ਕੁੱਟਣ ਲੱਗ ਪਿਆ," ਔਨੂੰ ਆਹ ਕੀ ਕਮਲ ਕੁੱਟਿਆ, ਕਿਸੇ ਦੇ ਅਕਲ ਖਾਨੇ ਨਹੀਂ ਸੀ ਪੈ ਰਹੀ।

ਮੂੰਹੋਂ ਗਾਲ੍ਹਾਂ ਕੱਢਣ ਲੱਗ ਪਿਆ, ਪਰ ਸਮਝ ਕਿਸੇ ਨੂੰ ਵੀ ਨਹੀਂ ਸੀ ਆ ਰਹੀ। "ਵੈਗਣ ਦੁੱਕੀ ਫੈਗੁਣ ਖੋਸਾ, ਜੈਕੂ ਪੁਕੀ ਮੈਗੂ ਦਾਕਾ, ਰੇ ਕਾਲਜਾ ਦੋਗੜ ਤੁੱਕੀ" ਕਿੰਨਾ ਚਿਰ ਈ ਧੂੜਾ ਪੁੱਟੀ ਗਿਆ। ਏਹ ਧੂੜ ਤੋਛੀ ਦੇ ਮੂੰਹ ਤੇ ਪੈ ਰਹੀ ਸੀ।

ਊਂ ਗੱਖੀ ਨਾਥ ਦੀ ਗੱਲ ਸੀ ਵੀ ਸਹੀ।

ਰਾਤ ਨਹੀਂ ਸੁੱਕੀ ਲਿਫ਼ਣ ਦਿੰਦੇ, ਮੁੰਡੇ ਆਥਣੇ ਈ ਠਾਂਅ ਸਿੱਟ ਕੇ ਭੌਣੀ ਝਾੜਦੇ ਆ, ਕੰਨ ਦਾਗ ਦਿੰਦੇ ਨੇ। ਤੜਕੇ ਲੋਕੀ ਮੂੰਹਾਂ ਵਿੱਚ ਦਾਤਣਾਂ ਲਈ ਭਾਖਿਆ ਕਰਦੇ ਨੇ," ਆ ਤੇ ਨਿਰਾ ਈ ਕਲਯੁੱਗ ਐ ਬਈ, ਜਵਾਂ ਈ ਕੋਹੜ੍ਹ, ਪਰ ਗੱਖੀ ਕੋਲ ਖੜਾ ਚਿਤ 'ਚ ਬਾਤ ਕੁਛ ਹੋਰੂੰ ਜੇ ਕਰਕੇ ਪਾਉਂਦਾ ਏ, ਜੱਗ 'ਤੇ ਬਾਈ ਓਹੀ ਐ, ਧਰਤੀ ਤਾ ਨ੍ਹੀ ਮੂਧੀ ਵੱਜਗੀ, ਜਮਾਕ ਈ ਜੇ ਕਿਹੇ ਹੁਰ ਦੇ ਹੋਣ ਤੇ ਕਨੌੜ੍ਹ ਕਿਹੇ ਹੁਰ ਦੀ ਕਿਵੇਂ ਝੱਲੀ ਜਾਣ, ਆਹ ਅਸੂਲ 'ਤੇ ਨਈ ਪੁਗਦਾ।'

ਗੱਖੀ ਨੇ ਸਾਰੀ ਪੁਣ ਛਾਣ ਕਰਕੇ ਸਾਕ ਲੈਣ ਤੋਂ ਨਾਂਹ ਨੁੱਕਰ ਕਰ ਦਿੱਤੀ। ਪੁੰਨ ਖੱਟਣ ਦੇ ਪੱਜ ਨਾਲ ਤੋਛੀ ਤੇ ਮਾਣੀ , ਰਾਜਣੀ ਨੂੰ ਆਪਣੀ ਦਾਬ੍ਹ ਹੇਠ ਰੱਖਣ ਲਈ ਲਈ ਸਾਕ ਕਰਾਈ ਜਾਂਦੇ ਸੀ।

ਮਰੇ ਹਜੇ ਪੂਰੇ ਈ ਹੱਡ ਪੈਰ ਕੰਮ ਕਰਦੇ ਆ ਲੰਬੜਾ, ਰੋਟੀ ਟੁੱਕ ਮੈਂ ਪਕਾ ਲੈਨਾ, ਕੀ ਐ ਜੇ ਗੋਲ ਨ੍ਹੀ ਪੱਕਦੀ ਬੌਣੇ ਅਰਗੀ, ਢਿੱਡ 'ਚ ਜਾ ਕੇ ਉਹੀ ਕੜ੍ਹਾਹ ਬਣਨੇ ਹੁੰਦਾ, ਲੀੜੇ ਮੇਰੀ ਧੀ ਧੋਦਿਆ ਕਰੂ' ਗੱਖੀ ਨੇ ਸੜ੍ਹਕ ਦੇ ਬੰਨ੍ਹੇ ਲੱਗੇ ਮੀਲ ਪੱਥਰ ਤੇ ਬਹਿ ਕੇ ਪੋਟਾ ਪੋਟਾ ਸਾਰੇ ਕੰਮ ਕਾਰ ਗਿਣਾ ਦਿੱਤੇ।

"ਜੀਅ ਕਰਦਾ ਸੀ, ਆਪਣੀ ਟੋਟਣ ਵੀ ਛਿੱਤਰ ਮਾਰ ਮਾਰ ਕੇ ਭੰਨ ਸੁੱਟੇ। ਮੂੰਹ ਚੱਕ ਕੇ ਪਤਾ ਨਈਂ ਕਾਦ੍ਹੇ ਲੜ੍ਹਿਕ'ਚ ਏਨ੍ਹਾ ਨਾਲ ਆ ਗਿਆ।"

"ਮੇਰੇ ਕੀੜੇ ਪੈਣ, ਮਲੱਪ, ਉਹ ਆਪਣੇ ਆਪ ਨੂੰ ਈ ਗਾਲ੍ਹਾ ਕੱਢਣ ਡਹਿ ਪਿਆ।

"ਜਮਾਕ ਵੀ ਫੇਰ ਐਦ੍ਹੇ ਨਾਲ ਪੈ ਕੇ ਈ ਜੰਮ ਲ੍ਹੀ, ਮਾਣੀ ਨੇ ਕਚੀਚੀ ਭੰਨ ਕੇ ਮੁੱਕੀ ਵੱਟ ਕੇ ਆਪਣੇ ਸੱਜੇ ਪੱਟ ਤੇ ਧੇਹ ਦਿਨ੍ਹੇਮਾਰੀ,' ਤੀਮੀਂ ਦੀ ਭਲ ਬੰਦੇ ਨੂੰ ਮਰਨ ਤੀਕ ਰਹਿੰਦੀ ਐ, ਊਦਿਆਂ ਬੁੱਢੇ ਵਾਰੇ ਤੇਰਾ ਸੰਦ ਕੌਣ ਚੱਕੂ?"

ਗੱਖੀ ਇਹ ਸੁਣ ਦੰਦ ਕਚੀਚ  ਕੇ ਰਹਿ ਗਿਆ। ਸੱਜੀ ਜਾਬ੍ਹੜ ਦੁੱਖਣ ਲੱਗ



ਪਈ। ਉਂਗਲ ਨਾਲ ਧਰਤੀ ਤੇ ਲਕੀਰਾਂ ਮਾਰ ਕੇ ਬੇਢੱਬੀ ਤਸਵੀਰ ਬਣਾ ਲਈ। ਥੁੱਕ ਕੇ ਫੇਰ ਐਨੂੰ ਛਿੱਤਰ ਨਾਲ ਕੁਟਾਪਾ ਚਾੜ ਕੇ ਧੁਕੀ ਕੱਢਤੀ," ਦੇ ਕਨੌੜੀ ਫੱਗਣ ਫਾਂਗਾ, ਤੌੜੀ ਤੁੰਬਾ ਚੂੜ ਚੜਾਕੇ, ਵੈਗਣ ਬੱਤਾ ਧੁੱਕੇ ਧਾਰੀ।"

ਛਿੱਤਰ ਠਿੱਬਾ ਕਰ ਲਿਆ। ਉਡੀ ਧੂੜ ਉਹਦੇ ਸਿਰ ਤੇ ਈ ਪੈ ਗਈ।

"ਕੌਣ ਲਾਊ ਤੇਰੇ ਸਿਵੇ ਨੂੰ ਲਾਂਬੂ, ਔਤਰੀ ਅੱਗ ਨਾਲ ਤੰ ਰੋਟੀ ਨ੍ਹੀ ਪੱਕਦੀ", ਸੱਤੀ ਬਾਹਮਣ ਨੇ ਦੋਵਾਂ ਹੱਥਾਂ ਨਾਲ ਤਾੜੀਆਂ ਮਾਰ ਕੇ ਰੋਟੀਆਂ ਪਕਾਉਣ ਦੀ ਨਕਲ ਲਾਹੀ। ਬਗਾਨੀ ਸੀਖ ਨਾਲ ਗਤੀ ਨ੍ਹੀ ਹੁੰਦੀ, ਵੇਦ ਆਦੇਂ ਨੇ, ਹੱਡੀਆਂ ਵਿੱਚ ਨਵੀਂ ਧੂਣੀ ਦਾ ਝੋਕ ਦਿੱਤਾ।

ਪਰ ਗੱਖੀ ਨਾਥ ਕਿਸੇ ਵੀ ਹੀਲੇ ਚਾਲੇ ਘਾਬਰਨ ਵਾਲਾ ਬੰਦਾ ਨਹੀਂ ਸੀ। ਰੱਤੀ ਅੱਖ ਨਾਲ ਸੱਤੀ ਵੱਲ ਝਾਕਿਆ, "ਜੇ ਗਤੀ ਨਾ ਹੋਈ ਥੋਡੀ ਕੁੜੀ ਨਾਲ ਪਊ, ਪਰੇਤ ਬਣ ਕੇ, ਚਿੱਤ 'ਚ ਆਖ ਹੀ ਹੱਸਿਆ। ਹਾਸਾ ਵੇਖ ਕੇ ਉਹ ਤਿੰਨੋਂ ਡਰ ਗਏ। ਮੂੰਹ ਵਿਚੋਂ ਕੁਝ ਨਹੀਂ ਆਖਿਆ,ਉਹਦੇ ਕੋਲ ਇੱਕ ਹੀ ਤਾਂ  ਚੱਜਦਾ ਝੱਗਾ ਸੀ, ਜੇ ਕੁੱਟ ਕੇ ਪਾੜਤਾ , ਫੇਰ ਨੰਗਾ ਥੋੜ੍ਹਾ ਘੁੰਮਣਾ ਸੀ।

ਪਰ ਏਨਾ ਸੂਰ ਖਣਾਂ ਨੂੰ ਕੌਣ ਸਮਝਾਵੇ, ਬੇਬਰੀ ਲੋਕਾਂ ਲਈ ਮਰੀ ਏ, ਗੱਖੀ ਲਈ ਅਜੇ ਵੀ ਜਿਉਂਦੀ ਆ, ਪਾਛੋ ਵਿੱਚ ਦੀ ਕਲੋਲਾਂ ਕਰਦੀ। ਕੋਈ ਵੀ ਐਸਾ ਦਿਨ ਨਹੀਂ ਚੜਿਆ, ਖਣੀ ਚੜਨ ਦਿੱਤਾ, ਉਹਨੂੰ ਲੱਗੇ ਬੇਬਰੀ ਮਰੀ ਹੈ। ਏਹ ਜੁਅਰੱਤ ਸੀ। ਉਹਦੀ ਯਾਦ ਆਉਂਦੀ ਹੈ ਤਾਂ ਗੱਖੀ ਲਾਚੜ੍ਹ ਕੇ ਬੀਨ ਵਜਾਉਣ ਲੱਗ ਪੈਂਦਾ ਤੇ ਪਾਸ਼ੋ ਮੂਹਰੇ ਹੋ ਕੇ ਨੱਚਦੀ ਹੈ।

ਨਾਗਣ ਬਣ ਕੇ ਪੂਰੇ ਲੱਕ ਨੂੰ ਵਲ੍ਹਾਵੇਂ ਮਾਰੇ। ਮੇਲ੍ਹਦੀ ਹੋਈ ਜਦੋਂ ਦੋਵੇਂ ਹੱਥਾਂ ਦੇ ਸਿਰੇ ਜੋੜ ਕੇ ਫ਼ਨ ਬਣਾ ਕੇ ਉਹਦੀ ਹਿੱਕ 'ਚ ਅੱਖ ਮਿਲਾ ਕੇ ਡੰਗ ਮਾਰਿਆ ਤਾਂ ਸਹੁੰ ਲੱਗੇ ਬੀਨ ਹੱਥਾਂ ਵਿਚੋਂ ਬੁੜ੍ਹਕ ਕੇ ਭੁੰਜੇ ਡਿੱਗ ਪੈਂਦੀ ਹੈ।

-------------------

ਉਹ ਕਾਲੀ ਰਾਤ ਅੱਜ ਵੀ ਸੁਰਤ ਵਿੱਚ ਛਿੱਲਤ ਬਣ ਕੇ ਖੁੱਬੀ ਪਈ ਐ....। ਏਨੀ ਕਾਲੀ ਰਾਤ ਵਿੱਚ ਵੀ ਗੱਖੀ ਕੱਲਾ ਈ ਵਿਹੜੇ ਵਿੱਚ ਖੜਾ ਸੀ। ਪਾਛੋ ਕਿਤੇ ਵੀ ਨਹੀਂ ਦੀਹਦੀ। ਖਾਲੀ ਮੰਜਾ ਭਾਂਅ-ਭਾਂਅ ਕਰਦਾ, ਵੇਖ ਕੇ ਝੋਰਾ ਕਰਨ ਲੱਗ ਪਿਆ, "ਪਾਛੋ ਹਜੇ ਵੀ ਨ੍ਹੀ ਪਰਤੀ, ਪਤਾ ਨ੍ਹੀ ਕੇੜ੍ਹੇ ਸੁੰਨ੍ਹੇ ਖੋਲਿਆ 'ਚ ਹੱਥ ਮਾਰਨ ਗਈਐ, ਵੇਲੇ ਨਾਲ ਜੇ ਮੁੜ ਪੇ-ਤਾਂ ਚੰਗਾ, ਐਮੇ ਨਾ ਕੋਈ ਦਵੱਲ ਕੇ ਲੈ ਜੇ, ਉਹ ਪੂਰਾ ਈ ਭਮੰਤਰ ਗਿਆ, ਜੀਣ ਦਾ ਬਾਨ੍ਹਾ ਨ੍ਹੀ ਰਹਿਣਾ, ਖੈਰ ਲੋੜੀਂ, ਪੀਰਾ ਅੱਗੇ ਤੇ ਨ੍ਹੀ ਕਤੇ ਓਹ ਐਨਾ ਵੇਲਾ ਕਰਿਆ।"

ਉਹ ਛੱਤੜੇ ਵਿੱਚ ਟੰਬੇ ਨਾਲ ਮੇਖ ਗੱਡ ਕੇ ਲਟਕ ਰਹੀ ਸ਼ਿਵ ਜੀ ਦੀ ਮੂਰਤੀ ਕੋਲ ਚਲਾ ਗਿਆ। ਖੈਰ ਸੁੱਖ ਮੰਗਣ ਤੇ ਫੇਰ ਆਪਣਾ ਇਰਾਦਾ ਬਦਲ ਲਿਆ, ਐਨੇ ਅੱਗੇ ਤੇ ਕਦੇ ਸੁਣੀ ਨ੍ਹੀ, ਕੈ ਵਰ੍ਹੇ ਹੋ ਗੇ, ਹੂੰ, ਫੇਰ ਅੰਬਰ ਵੱਲ ਝੁਕਿਆ ਤੇ ਪਰੇ ਵਿਹੜੇ 'ਚ ਫਿਰਦੇ ਡੱਡੂ ਨੂੰ ਫੜਕੇ , ਕੱਚ ਦੇ ਗਲਾਸ ਵਿੱਚ ਪਾ ਲਿਆ। ਦੋ ਕੁ ਘੁੱਟਾਂ ਪਾਣੀ ਪਾ ਵਿੱਚ ਸੰਧੂਰ ਦੀ ਚੁਟਕੀ ਬਰੂਰ ਕੇ ਮੱਥਾ ਟੇਕਣ ਲੱਗ ਪਿਆ, "ਹੇ ਪੀਰ ਖਵਾਜਾ, ਖੈਰ.....ਖੈਰ, ਅਹ ਉਮਰ ਈ ਐਵਜੀ ਹੁੰਦੀ ਐ, ਕੋਈ ਕਰੇ ਵੀ ਕੀ....।"

ਫੇਰ ਛੇਤੀ ਨਾਲ ਆਪਣੀ ਜ਼ਬਾਨ ਸੰਭਾਲੀ,ਡਰ ਗਿਆ । ਅਪਣੀ ਪਾਛੋ ਦੀਆਂ ਗੱਲਾਂ ਕਾਹਤੋਂ ਕਿਸੇ ਓਪਰੇ ਕੋਲ ਕਰਨ ਲੱਗਿਆ ਗੱਲ ਤਾਂ ਆਵਦੇ ਨ੍ਹੀ ਪੱਚਦੀ , ਰੱਬ ਕਿਥੋਂ ਪਚਾਲੂ , ਜੀਹਦੇ ਨਾਲ ਹਰਿਕ ਈ ਲੰਡੀ ਬੁੱਚੀ ਨੇ ਆਵਦਾ ਦੁੱਖ-ਸੁੱਖ ਕਰਨਾ ਹੁੰਦੇ...।"

ਪਰੇ ਮੰਜੇ ਤੇ ਖੜਕੇ, ਵੀਹੀ ਵਿੱਚ ਤੁਰਦੀ ਨਿਗ੍ਹਾ ਮਾਰੀ,' ਹਾਹੋ ਬੀ ਕੀਹਦਾ ਜੀਅ ਕਰਦਾ ਉਂ ਕੰਧਾਂ ਨੰਘਣ ਨੂੰ , ਕੰਧਾਂ ਤਾਂ ਹੈ ਈ ਨ੍ਹੀ, ਮੀਹ 'ਚ ਡਿੱਗ ਪਈਆਂ ਸੀ ਮਾਘ 'ਚ, ਕਾਨ੍ਹੰ ਟਰੱਪਲ ਮਾਰਨਾ, ਬੈਸ ਆਹ ਕਿੱਰਾਂ ਦੇ ਝਾਫਿਆ ਦੀ ਹੀ ਵਾੜ੍ਹ ਕਰੀਐ, ਕੌਣ ਨ੍ਹੀ ਕਰਦਾ ਮੋਹ, ਕਿਸੇ ਵੱਸ ਥੋੜਾ ਹੁੰਦੈ, ਮੁਸ਼ਕ ਆਨੂੰ ਆ ਈ ਜਾਦੈ, ਮੇਰੇ ਤੋਂ ਸਵਾ ਗਿੱਠ ਲੰਮੀ ਐ..। " ਆਪਣੇ ਸਿਰ ਤੇ ਗਿੱਠ ਰੱਖ ਕੇ ਕੱਦ ਮਾਪਿਆ।

ਝੁੱਗੀ ਵਿੱਚ ਜਾ ਕੇ ਉਹ ਇਕ ਵੱਡਾ ਸਾਰਾ ਕਿੱਲਾ ਚੱਕ ਲੈ ਆਇਆ। ਖਾਲੀ ਮੰਜੇ ਤੇ ਪਈ ਪਾਛੋ ਦੀ ਚੁੰਨੀ ਚੱਕ ਕੇ ਲੱਕ ਨਾਲ ਬੰਨ੍ਹ ਲਈ। ਵਿਹੜੇ ਦੀ ਸੱਜੀ ਗੁੱਠ ਵਿੱਚ ਕਿੱਲਾ ਕੁਹਾੜੀ ਦੀ ਪੀਨ ਨਾਲ ਕੁੱਟ ਕੇ ਗੱਡਣ ਲੱਗ ਪਿਆ। ਕਿੱਲਾ ਗੱਡਿਆ ਗਿਆ ਤਾਂ ਕੁਹਾੜੀ ਨਾਲ ਹੇਠਾਂ ਤੋਂ ਘੜ ਕੇ ਤਿੱਖਾ ਕਰ ਲਿਆ...।

ਹੁਣ ਕਿੱਲਾ ਧਰਤੀ ਵਿੱਚ ਤੁਰਨ ਲੱਗਿਆ ਤੇ ਗੱਖੀ ਸੋਚਾਂ ਵਿੱਚ ਬਹਿ ਪਿਆ," ਐਂ ਲੱਗਦੇ ਜਵੇਂ ਕੋਈ ਬੇਬਰੀ ਨੂੰ ਦਵੱਲ ਕੇ ਲੈ ਗਿਆ ਹੁੰਦੇ, ਬੇਬਰੀ ਮਰੀ ਤਾਂ ਮੈਂ ਜਿਉਂਦਿਆਂ 'ਚ ਨਾ ਰਿਹਾ, ਜੇ ਹੁਣ ਪਾਛੋ ਨੇ ਕੋਈ ਲੋੜ੍ਹਾ ਮਾਰ ਘੱਤਿਆ, ਮੈਂ ਮਰ੍ਹੇ ਆਂ 'ਚ ਵੀ ਨ੍ਹੀ ਰਹਿਣੈ, ਤਲੀਆਂ ਤੇ ਥੁੱਕ ਕੇ ਦੱਸਤਾ ਘੁੱਟ ਕੇ ਫੜ੍ਹ ਲਿਆ, ਜੇ ਉਹ ਐ ਕਰਦੀ, ਲੱਤਾਂ ਫੋੜ੍ਹਕੇ ਨਾ ਮੰਜੇ ਤੇ ਬਹਾ ਦਿੰਦਾ, ਔਨੂੰ ਕੀ ਆਖਾ , ਓਪਰਾ ਧਨ ਆ।"

ਕੁਆਰੀ ਕੁੜੀ ਹੁੰਦੀ ਵੀ ਖਰੇ ਨੋਟ ਅਰਗੀ ਆ, ਜਿੰਨੇ ਬੰਦੇ ਮਰਜੀ ਖ਼ਰਚੀ ਜਾਣ, ਉਹਦੀ ਕੀਮਤ ਭੋਰਾ ਨ੍ਹੀ ਘੱਟਦੀ। ਕਦੇ ਕਿਸੇ ਦੇ ਚਿੱਤ 'ਚ, ਕਦੇ ਕਿਸੇ ਦੇ ਚਿੱਤ'ਚ। ਗੱਖੀ ਨੇ ਕਿੱਲਾ ਗੱਡ ਕੇ ਕੁਹਾੜੀ ਝਾਫਿਆਂ ਦੀ ਪਾੜ੍ਹ ਵਿੱਚ ਚਲਾਵੀਂ ਸੁੱਟ ਦਿੱਤੀ। ਲੱਕ ਨਾਲ ਬੱਧੀ ਚੁੰਨੀ ਖੋਲ ਕੇ ਕਿੱਲੇ ਨਾਲ ਜਚਾ ਕੇ ਬੰਨ੍ਹ ਦਿੱਤੀ। ਭੁੰਜੇ ਬਹਿ ਕੇ, ਕਿੱਲੇ ਨਾਲ ਢੋਅ ਲਾ ਕੇ ਦਮ ਮਾਰਨ ਲੱਗਿਆ ।

" ਹੁਣ ਨ੍ਹੀ ਕਿਤੇ ਵੀ ਜਾਂਦੀ, ਉਹਨੇ ਕੋਈ ਥੌਲ੍ਹਾ ਕਰ ਦਿੱਤਾ। ਪੱਗ ਦੇ ਤੁਰਲ੍ਹੇ ਨਾਲ ਮੂੰਹ ਤੇ ਆਏ ਮੁੜ੍ਹਕੇ ਨੂੰ ਪੂੰਝਣ ਲੱਗਿਆ, "ਚਲੋ ਜੋ ਵੀ ਆ, ਭੈਣ ਦਾ ਯਵ੍ਹੇ ਨੱਕਾ, ਲੋਟ ਈ ਐ ..। ਮਵੀਂ ਕੇੜ੍ਹਾ ਕਿਹੇ ਕੰਜਰ ਦੇ ਲੜ ਲੌਣ ਜੋਗਾ, ਤੰਤ ਹੈ ਨ੍ਹੀ, ਲੋਕ ਮੁੰਡੇ ਵੇਚਦੇ ਫਿਰਦੇ ਆ, ਉਂ ਆਪੇ ਈ ਵਰ ਲੱਭ ਲੈਂਦੀਆਂ ਧੀਆਂ, ਮਾਪੇ ਤੇ ਕੱਲਾ ਸਿਰ ਈ ਪਲੋਸ ਦੇ ਆ," ਚਿੰਤਾਂ ਵਿੱਚ ਗੱਲ੍ਹ 'ਤੇ ਉਗਰਿਆ ਵੱਡਾ ਸਾਰਾ ਮੋਕ੍ਹਾ ਖੁਰਚ ਗਿਆ, "ਜੇ ਮੇਰੇ ਲੱਭੇ ਪਤੰਦਰ ਨਾਲ ਐਦੀ ਮੱਤ ਈ ਨਾ ਰਲੀ, ਫੇਰ ਵੀ ਕੀ ਫੈਦਾ, ਝੋਕਾ ਲੌਣੇ ਜਾਨ ਦਾ...।"

"ਭੋਰਾ ਕੁ ਗੱਲ ਮੇਰੇ ਵੀ ਸੁਣਨ 'ਚ ਆਈਐ ਉਡਵੀਂ ਜੀ, ਅਖੇ ਲੰਬੜ੍ਹਾਂ ਦੇ ਨਿੱਕੇ ਛੋਹਰ ਨਾਲ ਸੂਤ ਐ ਢਿੰਮ -ਦੈਣਾ' ਵਿਹੜੇ 'ਚ ਥੁੱਕਿਆ,' ਹੈ ! ਓ ਪੂਰੀਆ ਸੋਲ੍ਹਾਂ ਜਮਾਤਾਂ ਪਸ, ਨਥਾਰੇ ਥਾਣੀਂ ਹਿੱਕ ਠੋਕ ਕੇ ਨੰਘਿਆ, ਨਮੇਂ ਜ਼ਮਾਨੇ ਦਾ ਬੰਦਾ, ਹਈਂ ਰਲੀਐ ਫੇਰ ਈ ਗੱਲ ਗਲੋਂਤ ਵਧੀਐ, ਉਂ ਕੋਈ ਕਲਾਮ ਨ੍ਹੀ ਕਰਦਾ, ਜੇ ਘਾਣੀ ਸਿੱਧੀ ਪੈਂਦੀ ਦਿਸੇ ਤਾਂ ਹੋਸ ਸਾਬ੍ਹ ਨਾਲ ਮੁੰਡਾ ਹੋ ਵੀ ਲੋਟ ਐ, ਰਹੂ ਵੀ ਓਦ੍ਹੇ ਨਾਲ ਪੂਰੀ ਬਾਗੋ



ਬਾਗ।"

ਏਨ੍ਹਾਂ ਸੋਚਾਂ ਵਿੱਚ ਤਾਰੀ ਲਾ ਕੇ , ਗੱਖੀ ਦੀ ਕਾਟੋ ਫੁੱਲਾਂ 'ਤੇ ਖੇਡਣ ਲੱਗ ਪਈ। ਲੰਬੜਾਂ ਦੇ ਘਰ ਕਿਸੇ ਵੀ ਸ਼ੈਅ ਦਾ ਭੋਰਾ ਵੀ ਤੋੜ੍ਹਾ ਨਹੀਂ ਸੀ। ਓਹਨਾਂ ਦੇ ਘਰ ਗੱਖੀ ਵੀ ਗਿਆ ਸੀ, ਮਣਕਾ ਲਾਉਣ। ਜਗਸੀਰ ਨੂੰ ਕੀੜਾ ਛੋਹ ਗਿਆ ਸੀ। ਘੇਰ ਚੜਨ ਲੱਗੀ ਤੇ ਘੰਟੇ ਵਿੱਚ ਈ ਗਿੱਟੇ ਕੋਲ ਢਾਲ੍ਹੇ ਜਿੱਡਾ ਪਿਲੱਕਰਾ ਬਣ ਗਿਆ। ਡੱਡੂ ਬੰਦੇ ਨੂੰ ਮੂੰਹ ਲਾਜੇ ਤੇ ਸੱਪ ਪੂਛ ਵਿਖਾ ਜੇ, ਬੰਦਾ ਤਾਂ ਏਨੇ ਨਾਲ ਈ ਫੁੜਕ ਜਾਦਾਂ। ਮਿੱਟੀ ਦੀ ਢੇਰੀ ਆ ਬੰਦਾ, ਮਿੱਟੀ ਹੋਣ 'ਚ ਕਿੰਨਾ ਕੁ ਵੇਲਾ ਲੱਗਦਾ।"

ਗਿੱਟਾ ਫੜਕੇ ਪੱਟ 'ਤੇ ਧਰ ਲਿਆ। ਪੂਰੀ ਨਿਰਖ ਪਰਖ ਕੀਤੀ। ਡਰ ਨਾਲ ਜਗਸੀਰ ਕੰਬੀ ਜਾ ਰਿਹਾ ਸੀ। ਸਭ ਦੀਆਂ ਅੱਖਾਂ ਵਿੱਤ ਮੌਤ ਜਿਹਾ ਡਰ ਸੀ ," ਭਾਵੇਂ ਅੱਧੀ ਪੈਲਾ ਵੰਡਾ ਲੈ ਨਾਥ ਜੀ, ਮੇਰੀਆਂ ਟੂੰਮਾਂ ਲੁਹਾ ਲੈ, ਪਰ ਮੇਰਾ ਪੁੱਤ ਨੌ ਬਰ ਨੌ ਕਰਦੇ, ਉਹਦੀ ਬੇਬੇ ਨੇ ਉਂਗਲ ਵਿਚੋਂ ਛਾਪ ਲਾ ਕੇ ਉਹਦੀ ਝੋਲੀ 'ਚ ਰਖਿਤੀ। ਤਰਲਾ ਵੀ ਕੀਤਾ।

"ਕੁਛ ਨ੍ਹੀ ਹੁੰਦਾ, ਡੱਕਾ ਵੱਜਿਆ, ਕੀੜਾ ਨ੍ਹੀ ਛੋਹਿਆ ਜੱਗ ਸਿਆਂ' ਗੱਖੀ ਨਾਥ ਮੂੰਹ ਵਿਚੋਂ ਥੋਲ੍ਹੇ ਮੰਤਰ ਪੜ੍ਹਨ ਲੱਗ ਪਿਆ। ਨਾਲ ਈ ਜਗਸੀਰ ਨੂੰ ਇੱਕ ਮੰਤਰ ਪੜ੍ਹਨ ਲਈ ਆਖਿਆ.....

"ਰੈਂਗਣ ਦੁਕੀ ਚੀਕਣ ਚਾਕਾ, ਹੌਕਣ ਮਾਂ ਕੀ ਪਾਕਣ ਪਾਂਕਾ।

ਵੈਂਚੜ ਮੋਚੀ ਚਿੰਦਣ ਤਾਵੇ, ਹੜੋਚੀ ਤੈਂਬੜ ਪੱਪੀ ਪਾਂ।

ਏਹ ਸਤਰਾਂ ਨਾ ਕਿਸੇ ਮੰਤਰ ਵਿੱਚ ਹੁੰਦੀਆ ਸੀ ਨਾ ਹੀ ਬਾਦ 'ਚ ਉਹਨੂੰ ਆਪ ਹੀ ਯਾਦ ਰਹਿੰਦੀਆਂ । ਮਰੀਜ਼ ਧਿਆਨ ਨਾਲ ਪੜ੍ਹਦਾ, ਅੱਖਾਂ ਬੰਦ ਕਰਕੇ , ਯਾਦ ਰੱਖਦਾ, ਜੀਹਦੇ ਨਾਲ ਉਹਦਾ ਧਿਆਨ ਮੌਤ ਪਾਸੇ ਤੋਂ ਟਲ ਜਾਂਦਾ। ਡਰ ਨਾਲ ਜਿੰਨੇ ਬੰਦੇ ਮਰ ਜਾਂਦੇ ਨੇ, ਸੱਪ ਦੇ ਜ਼ਹਿਰ ਨਾ ਓਨ੍ਹੇ ਨਹੀਂ ਮਰਦੇ।

ਫਿਰ ਥੋਲ੍ਹਾ ਪਾਉਂਦਾ ਹੋਇਆ, ਮਣਕਾ ਲਾ ਦਿੰਦਾ ਤੇ ਆਖਦਾ,' ਸਬ ਜ਼ਹਿਰ ਨਾੜਾਂ 'ਚੋਂ ਚੂਸ ਲੂ' ਮਣਕਾ ਲੱਗ ਜਾਣ ਕਰਕੇ ਸਭ ਦੇ ਚਿਹਰੇ ਆਸ ਨਾਲ ਖੀਵੇ ਹੋ ਜਾਂਦੇ।

ਹੱਥ ਧੋ ਕੇ ਪਰੇ ਇੱਟ 'ਤੇ ਰੱਖੀ ਆਪਣੀ ਛਾਪ, ਜੋ ਬੇਬੇ ਨੇ ਦਿੱਤੀ ਸੀ, ਚੱਕਣ ਲੱਗਿਆ ਤਾਂ ਉਥੇ ਕੁਛ ਵੀ ਨ੍ਹੀ ਸੀ। ਗੱਖੀ ਨੇ ਜੇਬਾਂ ਫਰੋਲੀਆਂ ਕੁਛ ਵੀ ਨਹੀਂ ਸੀ ਹੱਥ ਲੱਗਿਆ ।

ਲੰਬੜ ਨੇ ਪੰਜਾਹ ਦਾ ਨੋਟ ਮੁੰਡੇ ਦੇ ਉਤੋਂ ਦੀ ਵਾਰ ਕੇ ਗੱਖੀ ਨੂੰ ਫੜਾ ਕੇ ਕਿਹਾ, "ਲੈ ਨਾਥਾ ਸਦਕੇ ਬੀ ਤੇਰੇ ਜੋਗ ਦੇ।' ਉਹਨੇ ਨੋਟ ਵੱਲ ਵੇਖ ਕੇ ਘੂਰੀ ਵੱਟੀ, "ਭਾਂਗ ਜੁੱੜਕੀ ਤੂੰਗੀ ਔਵਲ ਜੈਦਣ' ਗਾਲ੍ਹ ਕੱਢ ਕੇ ਚਿੱਤ 'ਚ ਸੋਚਿਆ, "ਜੇੜ੍ਹੇ ਸਾਲੇ ਮੇਰੇ ਪੈਰਾਂ'ਚ ਪੱਗ ਰੱਖਦੇ ਸੀ, ਅੱਧਾ ਰਾਜ ਭਾਗ ਛੱਡਦੇ ਸੀ, ਹੁਣ ਦੇਣ ਆਰੀ ਮੋਕ ਨਾਲ ਈ ਮੂੰ-ਮੱਥਾ ਲਵੇੜਤਾ ਚੱਵਲਾਂ ਨੇ"

ਓਸ ਦਿਨ, ਮੁੰਡਾ ਵੀ ਗੱਖੀ ਨੇ ਵੇਖ ਲਿਆ ਸੀ। ਸ਼ਤੀਰ ਵਾਂਗ ਕੱਦ ਕਾਠ। ਕਣਕ-ਵੰਨਾਂ ਰੰਗ, ਪਾਸ਼ੋ ਲਈ ਕਿਸੇ ਵੀ ਹੀਲੇ ਮਾੜਾ ਨਹੀਂ ਸੀ ਢੁੱਕਦਾ।

ਕਿੱਲੇ ਨਾਲ ਢੋਅ ਲਾ ਕੇ ਹੱਫ਼ਿਆ ਬੈਠਾ ਗੱਖੀ ਆਪਣੀ ਝੁੱਗੀ ਵੱਲ ਝਾਕਿਆ।

ਜੇਬ ਵਿੱਚੋਂ ਡੱਬੀ ਕੱਢੀ, ਇੱਕ ਸੀਖ ਬਾਲ ਕੇ ਮੂੰਹ ਵਿੱਚ ਪਾ ਕੇ ਬੁਝਾ ਦਿੱਤੀ। ਧੂੰਆਂ ਨੱਕ ਵਿੱਚ ਦੀ ਕੱਢ ਦਿੱਤਾ।

"ਲੱਗਦੇ ਪਾਸ਼ੋ ਆ ਗੀ" ਸਾਹ ਠੱਲ੍ਹ ਕੇ ਵੀਹੀ ਵਿੱਚ ਕਿਸੇ ਦੀ ਪੈੜਚਾਲ ਸੁਣੀ। ਭੱਜ ਕੇ ਛੱਤੜੇ ਹੇਠ ਡਹੇ ਮੰਜੇ 'ਤੇ ਖੇਸ ਦੀ ਕੰਨੀਂ ਦੱਬ ਕੇ ਪੈ ਗਿਆ। ਦੋ ਕੁ ਮਿੰਟ ਉਵੇਂ ਹੀ ਛਾਪਲ ਕੇ ਪਿਆ ਰਿਹਾ।

ਖੇਸ ਦੀ ਝੀਥ ਵਿਚੋਂ ਦੀ ਬੀਹੀ ਵੱਲ ਝਾਕਿਆ, ਕੋਈ ਵੀ ਨਹੀਂ।

"ਹੂੰ, ਆਪਣੇ 'ਤੇ ਖਿਝ ਖਾਧੀ ਤੇ ਉੱਠ ਕੇ ਝੁੱਗੀ 'ਚ ਵੜ ਗਿਆ।" ਕੱਚੀਆ ਕੰਧਾਂ ਤੇ ਕੱਖਾਂ ਕਾਨਿਆ ਦਾ ਛਤਾ ਕਰਕੇ, ਕੋਰ ਮਿੱਟੀ ਦੀ ਘਾਣੀ ਰਲਾ ਕੇ ਲਿੱਪੀ ਸੀ ਝੁੱਗੀ। ਪਤੀਲਾ ਚਾ ਕੇ ਬਾਹਰ ਚੁੱਲ੍ਹੇ 'ਤੇ ਧਰ ਲਿਆ। ਕਿੱਕਰ ਦੇ ਛਿਲਕੇ ਹੋਏ ਸੱਕਾਂ ਦਾ ਝੋਕਾ ਲਾ ਕੇ ਅੱਗ ਬਾਲ ਲਈ। ਚਾਹ ਦਾ ਆਹਰ ਕਰਨ ਲੱਗਿਆ।

ਗੜ੍ਹਵੀ ਚੱਕ ਤਲੈਂਬੜ ਨਾਲ ਬੱਧੀ ਬੱਕਰੀ ਨੂੰ ਚੋਣ ਲਈ ਉਠਿਆ ਤੇ ਆਪਣੇ ਚਾਦਰੇ ਦਾ ਲਾਂਗੜ ਕੱਢ ਲਿਆ ਤਾਂ ਇੰਨੇ ਨੂੰ ਪਾਸ਼ੋ ਆ ਗਈ। ਅੱਗੇ ਵਧ ਕੇ ਗੱਖੀ ਦੇ ਹੱਥੋਂ ਗੜਵੀ ਫੜ ਲਈ ।" ਹਿੱਸ, ਹਿੱਸ ਛਿਛਕਰ ਕੇ ਬੱਕਰੀ ਉਠਾ ਲਈ। ਪੱਬਾਂ ਭਾਰ ਆਂਦੀ ਬਹਿ ਕੇ ਥਣ ਪਲੋਸ ਕੇ ਧੋਣ ਲੱਗੀ, ਬੱਕਰੀ ਪਸਮ ਗਈ।

ਇੱਕ ਧਾਰ ਬੱਕਰੀ ਦੀਆਂ ਨਾਸਾਂ ਤੇ ਮਾਰੀ।

ਪਾਸ਼ੋ ਦੇ ਪੈਰ ਦਾ ਉਖੜਿਆ ਨਹੁੰ ਵੇਖ ਕੇ ਉਹਨੇ ਰੋਸਾ ਕਰਿਆ, "ਐਨੀ ਕੇੜ੍ਹੀ ਅੱਗ ਲੱਗੀ ਹੁੰਦੀ ਐ, ਜਾਣ ਲੱਗੀ ਜੋੜੇ ਤਾਂ ਪੈਰਾਂ 'ਚ ਸੌਰ ਲਿਆ ਕਰ।

ਉਹ ਕੌੜ ਕੇ ਝਾਕੀ ਤੇ ਫੇਰ ਧਾਰ ਕੱਢਣ ਲੱਗ ਪਈ। ਧਾਰ ਕੱਢ ਕੇ ਥਣਾਂ 'ਤੇ ਘੁਥਲੀ ਚਾੜ ਕੇ ਚੁੱਲ੍ਹੇ ਮੂਹਰੇ ਆ ਬੈਠੀ। ਚਾਹ ਮਿੱਠੇ ਵਾਲਾ ਪਾਣੀ ਉੱਬਲ ਕੇ ਬਾਹਰ ਆਉਂਦਾ ਲੱਗਦਾ ਤਾਂ ਘੁੱਟ ਕੁ ਦੁੱਧ ਦੀ ਧਾਰ ਬੰਨ੍ਹ ਕੇ ਪਾਉਂਦੀ।

ਗੱਖੀ ਸੋਚਾਂ ਦੀ ਮੌਜ ਵਿੱਚ ਗਤਕਾ ਖੇਡੀ ਗਿਆ।

ਹਰਖ ਤੇ ਰੈਲ੍ਹਾ ਈ ਆਈ ਜਾਂਦਾ। ਪੁਛ ਕੇ ਤਾਂ ਵੇਖਾਂ , ਪੁੱਛਣਾ ਕੀ ਐ ਵੈਂਗਣ, ਅੱਖਾਂ ਮੂਹਰੇ ਸਬ ਚਾਨਣ ਐ, ਦੂਜੀ ਦਲੀਲ ਨਾਲ ਕਾਂਟੀ ਮਾਰ ਦਿੱਤੀ, "ਜੋ ਦਿਖੇ ਹੋ ਵੀ ਸਹੀ ਨ੍ਹੀ ਹੁੰਦਾ ਗਾ, ਲੋਕ ਜੋ ਵੇਖਣ ਓ ਹੀ ਆਂਦੇ ਆ।"

ਚਿੱਬੇ ਛੰਨੇ ਵਿੱਚ ਓਕੜੂ ਚਾਹ ਪਾ ਕੇ ਉਹਦੇ ਅੱਗੇ ਧਰ ਕੇ ਆਪ ਦੌਣ ਤੇ ਬਹਿ ਗਈ।

"ਖੌਰੇ ਕੇੜ੍ਹੀ ਮੈਲ ਆ ਚਿੱਤ 'ਚ ਆਪਣੇ ਕੰਬਦੇ ਹੱਥਾਂ ਵੱਲ ਝਾਕਿਆ, ਅਕੜਾ ਕੇ ਕੰਬਣੋਂ ਹਟਾਏ, ਮਨਾਂ ਭਰੀ ਰਾਤ ਕਾਤੋਂ ਜਾਨਾਂ, ਡਰੋਕਲ, ਡਰਾਂ ਨਾ ਤਾਂ ਹੁਰ ਕੀ ਕਰਾਂ, ਏਹ ਅੱਗੇ ਨਾਲੋਂ ਮੋਟੀ ਜੀ ਕਾਤ੍ਹੋ ਹੋਈ ਜਾਂਦੀ ਐ, ਐਨੀ ਘਰੇ ਖੁਰਾਕ ਵੀ ਹੈ ਨੀ, ਟੁੱਕ ਦੀ ਬੁਰਕੀ ਸੇਪੀ ਕਰਕੇ ਮਸਾਂ ਪੁੱਗਦੀ ਆ, ਫੇ ਵੀ।"

ਛੰਨਾਂ ਚਾਕੇ ਦੋ ਘੁੱਟਾਂ ਭਰੀਆਂ, ਕਾਹਲ ਨਾਲ ਝੁੱਗੀ 'ਚ ਵੜ ਗਿਆ। ਤਖ਼ਤੇ ਨਾਲ ਬਣੇ ਕੰਧ ਵਿਚਲੇ ਆਲੇ 'ਚ ਗਹੁ ਨਾਲ ਵੇਖਿਆ, "ਘਾਣੀ ਤਾਂ ਜਣੀ ਫੇ ਮਨਾਂ ਕੁਛ ਹੋਰ ਈ ਨਿੱਤਰੀ ਪਈ ਐਸ਼ ਵੜਿਕੇ ਗਏ ਜੋਗੀਆ", ਜੀਅ ਕਰਿਆ ਬੀਨ ਚਾਕੇ ਪਾਸ਼ੋ ਦੇ ਸਿਰ 'ਚ ਮਾਰਕੇ ਮਧਾਣੀ ਪਾੜ ਪਾ ਕੇ ਧਰਦੇ। ਬਾਹਰ ਆ ਕੇ, ਖਰਵ੍ਹੇਂ ਬੋਲਾਂ ਵਿੱਚ ਉਹਦੇ ਨਾਲ ਸ਼ਿਕਵਾ ਕਰਿਆ, "ਜੇ ਖੁੱਲ ਦੇਤੀ, ਰੱਸਾ ਢਿੱਲਾ ਕਰਕੇ", ਐਦਾ ਭਾਅ ਹੈ



ਨੀ, ਬੀ ਮੇਰੇ ਜੋਗ ਨੂੰ ਦਾਗ ਲਾਏਗੀ, ਆਹ ਬੁਲਬੁਲੇ ਜੇ ਨੀ ਵਰਤੇ, ਮੁਖਤੀ ਮਿਲੀ ਜਾਂਦੇ ਆ, ਮੈਂ ਹੱਥੀ ਫੂਕੇ ਸੀਆਲੇ 'ਚ।

ਏਹ ਬਲਬਲੇ ਇੱਕ ਕੰਧ ਹੁੰਦੀ ਸੀ, ਜੋ ਹਮੇਸ਼ਾ ਈ ਪਾਸ਼ੋ ਨੂੰ ਉਰਲੇ ਪਾਰ ਰੱਖਦੀ। "ਮੁੱਕੇ ਵੇ ਆ ਕੱਤੇ ਦੇ, ਛੱਪਰ 'ਚ ਚਲੀ ਗਈ", ਮੰਜੀ ਝਾੜੀ, ਪੈਂਦਾਂ ਤੇ ਦਰੀ ਤਹਿ ਕਰਕੇ ਵਿਛਾ ਲਈ ਤੇ ਫੇਰ ਸ਼ਤੀਰ ਵਾਂਗੂੰ ਸੌਣ ਲਈ ਅੱਖਾਂ ਮੀਚ ਲਈਆਂ।

ਗੱਖੀ ਏਹ ਚਤੀੜਪੁਣਾ ਵੇਖਕੇ ਦੰਦੀਆਂ ਪੀਹ ਗਿਆ,"ਵੇਨ੍ਹਾਂ ਕਿੰਨੀ ਬਸ਼ਰਮ ਐ", ਮੰਵੀਂ ਕਰ ਦਿੰਨਾਂ ਕੰਨ ਤੱਤੇ, ਸਿਰਹਾਣੇ ਕੋਲ ਖੜ੍ਹ ਕੇ ਹੋਕਰ ਮਾਰੀ, "ਹੋ ਮੰਨਗੇ ਤਾਂ ਕਾਣ੍ਹੀ ਲੋਟ ਐ, ਨ੍ਹੀ ਤੇ ਫੇਰ ਕਰੂੰ ਭੰਨ-ਘੜ੍ਹ।"

ਪਾਸ਼ੋ ਨੇ ਅੱਗੇ ਕੋਈ ਸੁਰ ਜਵਾਬ ਨਾ ਦਿੱਤਾ। ਤੈਸ਼ ਵਿੱਚ ਆ ਕੇ ਕੁਹਾੜੀ ਚੁੱਕ ਲਈ, ਝਾਫਿਆ 'ਚੋਂ ਤੇ ਪੀਰ ਪਰਨੇ ਨਾਲ ਰਹਿੰਦਾ ਕਿੱਲਾ ਠੋਕਣ ਲੱਹ ਪਿਆ, "ਤੜਕੇ ਜਾਊ ਸੇਪੀ ਲੈਣ, ਉਦੇ ਕਰੂੰ ਲੰਬੜ ਦੇ ਮੂੰ 'ਤੇ ਗੱਲ, ਫੇ ਵੀ ਧੀ ਬਾਵਤ ਜਾਣੇ, ਐਨੇ ਨਾਲ ਰੋਅਬ ਜਾ ਪੈ ਜਾਂਦਾ, ਰੋਅਬ ਤਾਂ ਬਾਪੂ ਦੇ ਆਖਣ ਵਾਗੂੰ, ਜਿੱਦਣ ਪਾਇਆ ਰੱਬ 'ਤੇ ਪਾਵੂੰ, ਬੰਦਾ 'ਤੇ ਕੀ ਪੌਣਾ," ਕਿੱਲਾ ਸਾਰਾ ਈ ਧਰਤੀ 'ਚ ਠੋਕਿਆ ਗਿਆ।

ਪੱਗ ਨੂੰ ਮਾਵਾ ਲਾ ਕੇ ਤੁਰਲਾ ਛੱਡਕੇ ਸਿਰ 'ਤੇ ਬੰਨਿਆ, ਜਿਹੜਾ ਲੋਕਾਂ ਦੀਆਂ ਕੰਧਾਂ ਉਤੋਂ ਦੀ ਚੌਤਰੇਂ 'ਤੇ ਬੈਠੀਆਂ ਤੀਵੀਂਆਂ ਵੱਲ ਝਾਕਦਾ ਸੀ। ਬਦਾਮੀ ਕੁੜਤਾ ਪਾਇਆ। ਮੋਢੇ ਦੇ ਗਾਤਰੇ ਰੇਡਿਓ ਪਾ ਕੇ, ਟੇਸ਼ਣ ਲਾ ਕੇ ਉੱਚਾ ਵਾਜੂ ਕਰਕੇ ਧੁੱਪ ਦੇ ਤਿੱਖਾ ਹੋਣ ਤੋਂ ਪਹਿਲਾਂ ਈ, ਲੰਬੜਾਂ ਦੇ ਬੂਹੇ ਜਾ ਢੁੱਕਿਆ। ਭਾਵੇਂ ਕਿ ਉਹਨੂੰ ਏਸ ਟੇਸ਼ਣ ਦੀ ਰਤੀ ਭਰ ਵੀ ਸਮਝ ਨਾ ਆਉਂਦੀ, ਅੰਗਰੇਜ਼ੀ ਹੋਣ ਕਰਕੇ ਪਰ ਜੋ ਤੀਵੀਂ ਬੋਲਦੀ, ਉਹਦੀ ਆਵਾਜ਼ ਉਹਦੀ ਰੂਹ ਨੂੰ ਕੀਲਦੀ।

ਐਵੇਂ ਹੀ ਹੁੰਗਾਰੇ ਭਰੀ ਜਾਂਦਾ, ਸਿਰ ਹਿਲਾ ਹਿਲਾ ਕੇ, 'ਹੂੰ....ਹੂੰ..ਠੀਕ ਐ ਲੋਕਾਂ ਨੂੰ ਲੱਗਦਾ, ਉਹ ਵੀ ਬਹੁਤ ਗੁਣੀ ਹੈ। ਗੱਖੀ ਦਾ ਬਾਪ ਵੀ ਏਹੀ ਟੇਸ਼ਣ ਸੁਣਦਾ ਸੀ। ਸਮਝ ਉਹਨੂੰ ਵੀ ਨਹੀਂ ਸੀ ਆਉਂਦੀ।

ਜੇ ਕੋਈ ਬੋਲਦਾ ਤਾਂ ਚਪੇੜ ਚਾਕੇ ਦਬਕਾ ਮਾਰਦਾ, "ਚੁੱਪ ਉਏ, ਭਕਾਈ ਮਾਰੀ ਜਾਨੇ ਓ, ਗੱਲ ਸੁਣਨ ਦਿਓ, ਫਿਰ ਨਾਲ ਈ ਥੋੜੀ ਜਿਹੀ ਆਵਾਜ਼ ਹੋਰ ਉੱਚੀ ਕਰਕੇ, ਆਪਣਾ ਕੰਨ ਸਪੀਕਰ ਨਾਲ ਲਾ ਲੈਂਦਾ। ਪ੍ਰੋਗਰਾਮ ਮੁੱਕ ਜਾਂਦਾ ਤਾਂ ਕੋਲ ਕਿੰਨੇ ਚਿਰ ਦਾ ਬੰਦਾ ਬੈਠਾ ਪੁੱਛਦਾ, "ਕੀ ਆਂਦੀ ਸੀਗੀ ਨਾਥ ਜੀ, ਕੁਛ ਔਦੀ ਆ ਸਮਝ।"

"ਨਾ ਹੁਰ ਮੈਂ ਲਾਈ ਲੱਗ ਈ ਐ, ਐਵੇਂ ਨ੍ਹੀ ਥੋਡੇ ਆਗੂੰ ਤੀਵੀਂ ਪਿੱਛੇ ਛਿੱਤਰ ਠਿੱਬੇ ਕਰਦਾ", ਗੱਖੀ ਪੂਰੀ ਹੀ ਖੁੰਦਕ ਨਾਲ ਬੋਲਦਾ ਸੀ।

"ਦੱਸ ਫੇਰ ਆਂਦੀ ਕੀ ਸੀ....?"

"ਥੋਨੂੰ ਨ੍ਹੀ ਸਮਝ ਔਣਾ, ਮੈਨੂੰ ਆਪ ਮਸਾਂ ਈ ਸਮਝ ਔਦ੍ਹੀ, ਕੰਮ ਦੱਸ ਕੀ ਐ, ਫੇਰ ਕੰਮ ਦੇ ਆਹਰ ਲੱਗ ਜਾਂਦਾ। ਬੇਬਰੀ ਦਾ ਦੁੱਖ ਵਿਸਰ ਜਾਂਦਾ। ਏਹ ਸਟੇਸ਼ਣ ਸੁਣਕੇ," ਏਹ ਕਿਹੋ ਜੇ ਹੋਏਗੀ..? ਵੇਖਣ ਝਾਕਣ 'ਚ..? ਉਹ ਇਨ੍ਹਾਂ ਸੋਚਾਂ ਵਿੱਚ ਉਲਝ ਜਾਂਦਾ। ਲੰਬੜਾਂ ਦੇ ਦਿਊ ਕੱਦ ਦਰਵਾਜ਼ੇ ਵਿੱਚ ਖੜ ਕੇ, ਸੁੱਚ ਘੁੰਮਾਂ ਕੇ ਰੇਡਿਓ ਦੀ ਆਵਾਜ਼ ਮੱਠੀ ਕਰ ਲਈ। ਆਪਣੇ ਚਿੱਤ ਦੀ ਪਰਾਤ ਉਹਦੇ ਮੂਹਰੇ ਮੂਧੀ ਮਾਰੀ," ਸਾਂਭੋਂ ਆਵਦਾ ਜਹੂ ਬੀ...।"

ਲੰਬੜ ਨੇ ਆਪਣੀ ਠਾਠੀ ਖੋਲ੍ਹ ਕੇ ਤਹਿ ਕਰਕੇ ਗੀਝੇ ਵਿੱਚ ਪਾ ਲਈ,“ ਨਾਥ ਜੀ ਜਵਾਕਾਂ ਦੀ ਛੋਹਰ ਮੱਤ ਨੇ ਗਲਤੀ ਕਰ ਲੀ ਹਊ, ਹਾਸਾ ਠੱਠਾ ਕਰਕੇ ਚਿੱਤ ਪਰਚਾ ਲਿਆ ਜੇ, ਨਾ ਥਾਡੀ ਲਡਕੀ ਨੂੰ ਮੁੰਡਿਆ ਦਾ ਤੋੜਾ ਸੂ, ਨਾ ਸਾਡੇ ਸਲੱਗ ਨੂੰ।”

“ਖਾਨੇ ਜਹੀ ਪਈ ਨੀ, ਰੇਡਿਓ ’ਤੇ ਅੰਗਰੇਜ਼ੀ ਖ਼ਬਰਾਂ ਚੱਲੀ ਜਾਂਦੀਆ ਸੀ। ਲੰਬੜ ਨੇ ਇਧਰ ਵੇਖਿਆ ਤਾਂ ਗੱਖੀ ਜਕ ਦਿਨ ਬੋਲਿਆ, “ਐਦ੍ਹੇ ਤੋਂ ਨਾ ਡਰ, ਚੁਗਲੀ ਕਰਨ ਦੀ ਆਤ ਨੀ ਰੱਬ ਆਗੂੰ।”

“ਐਂ ਸ਼ੁਗਲ ਤੈ ਵੀ ਕਰਿਆ, ਮੈਂ ਵੀ, ਗੜ੍ਹੀ ਪੈਣਾ ਕਰਦੇ ਕੌਣ ਨੀ, ਰੇਡਿਓ ਦਾ ਸੁੱਚ ਘੁੰਮਾ ਕੇ ਪੰਜਾਬੀ ਗਾਣੇ ਲਾ ਦਿੱਤੇ। ਹੁਣ ਅੱਖਰ-ਅੱਖਰ, ਬਿੰਦੀ ਬਿੰਦੀ ਸਮਝ ਆਉਣ ਲੱਗ ਪਈ।

“ਹਾਅ ਤੇ ਛੋਹਰ ਨੇ ਚਿਤਵ ਕੇ ਚੱਲਣਾ ਸੀਗਾ”, ਗੱਖੀ ਜ਼ਿੱਦ ਤੇ ਡੱਟ ਕੇ ਖਲੋ ਗਿਆ।

“ਸਾਕ ਸਕੀਰੀ ਆਵਦੀ ਬਰਾਦਰੀ ’ਚ ਸੋਹਦੀਂ ਜੇ, ਜਵਲਾ ਨਾ ਹੋ ਭਾਊ” _ਮਾਲ ਦੀ ਗੰਢ ਖੋਲਣ ਲੱਗ ਪਿਆ, “ਆਹ ਲੈ ਚਾਰ ਛਿੱਲੜ, ਪੋਚਾ ਈ ਫਿਰਵਾ ਦੇ।”

“ਮੈਂ ਥੋਡੇ ਅਰਗਾ ਕਸਾਈ ਨ੍ਹੀ, ਏਹ ਜੰਮੂ ਈ ਜੰਮੂ, ਜੀਵ ਦੀ ਹੱਤਿਆ ਕਰਕੇ ਗਤੀ ਨ੍ਹੀ ਹੁੰਦੀ, ਨਾਲੇ ਘਰ ਦੀ ਰੌਣਕ ਐ, ਅਰਥੀ ਨੂੰ ਮੋਢਾ ਦੇਵੂ, ਹੁਰ ਨ੍ਹੀ ਤਾਂ ਲੋਥ ਈ ਟਕਾਣੇ ਲਾਦੂ”, ਗੱਖੀ ਦੇ ਸੀਨੇ ਵਿੱਚ ਕੋਈ ਚਾਅ ਬੜੱਚੀ ਪਾਉਣ ਲੱਗ ਪਿਆ।

“ਐਦੇ ਨਾਲ ਕੌਣ ਪੜਾਲੂ ਨੰਦ, ਐਥੇ ਕਾਈ ਕਿਸੇ ਦੀ ਜੂਠੀ ਚਾਹ ਨ੍ਹੀ ਪੀਂਦਾ ਜੇ ਤੈ ਐਨੂੰ, ਫੇਰ ਚੋਰ ਬੋਲੀ ਵਿੱਚ ਬੋਲਿਆ, “ਹਲੇ ਵੀ ਕੁਸ਼ ਨੀ ਗਿਆ ਜੇ ਡੁੱਲ੍ਹੇ ਬੇਰਾਂ ਦਾ, ਪਾ ਲੈ ਚਾਕੇ ਝੋਲੀ”, ਲੰਬੜ ਨੇ ਨੋਟਾਂ ਦੀ ਥਹੀ ’ਚੋਂ ਚੂੰਡੀ ਭਰ ਕੇ ਉਹਦੇ ਵੱਲ ਫੜਾਈ,ਵ ਪਰ ਗੱਖੀ ਨੇ ਨਹੀਂ ਫੜੀ।

ਹਰਖ਼ ਵਿੱਚ ਗੱਖੀ ਨੇ ਆਪਣੀ ਆਦਤ ਮੂਜਬ ਜੇਬ ਵਿੱਚ ਬੰਡਲ ਕੱਢ ਕੇ ਬੀੜੀ ਧੁਖਾ ਲਈ। ਮੁੜਦਾ ਹੋਇਆ ਬੀਹੀ ’ਚ ਖੜੋ ਗਿਆ, ਪਿੱਛੇ ਝਾਕ ਨ੍ਹੀ ਵੇਖਿਆ, “ਪੋਤਾ ਤੇਰਾ ਈ ਠੁੱਕਣਾ, ਬੇਰ ਡੁੱਲੇ ਵੀ ਥੋਡੇ ਆ, ਚਾਕੇ ਝੋਲੀ ’ਚ ਤੈਂ ਪਾਉਣੈ, ਸੁਣਕੇ ਮੋਢੇ ਲਿਫ਼ ਗਏ ਲੰਬੜ ਦੇ, “ਬਗਲੀ ਪਾ ਕੇ ਐਸ ਬਾਰ ਖੜੋ ਕੇ, ਤੁਰਲਾ ਛੱਡ ਕੇ ਤੁਰੇਗਾ।”

ਗੱਖੀ ਦੀ ਕਾਟੋ ਫੁੱਲਾਂ ਤੇ ਖੇਡਦੀ ਸੀ, ਉਹ ਫ਼ਲ ਖਾਣ ਲੱਗ ਪਈ, “ਵਿਆ ਤੋਂ ਬਾਦ ਵੀ ਤਾਂ ਏਨੇ ਨਿਆਣੇ ਈ ਜੰਮਣੇਸੀ, ਪੈਲਾਂ ਜੰਮ ਲਿਆ, ਫੇ ਕੀ ਲੋੜਾ ਆ ਗਿਆ,ਹੋਨਾਂ ਨੂੰ ਪੁੱਛੇ ਕਾਈ ਜਿਨ੍ਹਾਂ ਦੇ ਹੁੰਦੇ ਨ੍ਹੀ, ਪੱਬਾਂ ਨਾਲ ਰੇਤਾ ਪਿੱਛੇ ਨੂੰ ਸੁੱਟ ਕੇ ਤੁਰਦੀ ਐ, ਮਨਾਂ ਵੇਖ ਲੀ ਹੋਵੂ ਵੀ ਕਾਕਾ ਈ।”

ਇਹ ਗਿਣਤੀ ਮਿਣਤੀ ਕਰਕੇ ਗੱਖੀ ਦੀ ਕਾਟੋ ਫੇਰ ਫੁੱਲਾਂ ਤੇ ਖੇਡਣ ਲੱਗੀ। ਫੁੰਮਣੀ ਪਾਉਣ ਲੱਗੀ। ਉਹਨੇ ਰੇਡਿਓ ਦੀ ਆਵਾਜ਼ ਫੇਰ ਉੱਚੀ ਕਰ ਦਿਤੀ, ਅੰਗਰੇਜ਼ੀ ਟੇਸ਼ਣ ਲਾ ਕੇ ਹੁੰਗਾਰੇ ਭਰਦਾ ਝੁੱਗੀ ਨੂੰ ਮੁੜ ਆਇਆ।

ਨਿਆਣਾ ਹੋ ਗਿਆ.....।

ਗੱਖੀ ਦੀ ਗੱਲ ਵੀ ਪੂਰੀ ਬਹੱਤਰ ਆਨੇ ਸਹੀ ਨਿਕਲੀ। ਪਾਛੋ ਦੇ ਕਾਕਾ ਹੋ ਗਿਆ। ਜੀਹਦੇ ਮੂੰਹ ਤੇ ਨਿੱਕੇ ਨਿੱਕੇ ਤਿਲ ਸੀ, ਜਿਵੇਂ ਜਗਸੀਰ ਦੇ ਮੂੰਹ ਤੇ। ਸਾਰੇ ਪਿੰਡ ਵਿੱਚ ਇਹ ਗੱਲ ਅੱਗ ਦੀ ਤਰ੍ਹਾਂ ਫੈਲ ਗਈ।



ਗੱਖੀ ਸੂਏ ਤੇ ਉਗਰੇ ਸ਼ਰੀਂਹ ਦੇ ਪੱਤ ਵੱਢ ਕੇ ਲੈ ਆਇਆ। ਨਾਲ ਈ ਦੋ ਚਾਰ ਛਣਕਣੇ, ਦਸ ਕੁ ਗੁਬਾਰੇ, ਰੱਸੀ ਵਿੱਚ ਪਰੋ ਕੇ ਵੱਡੀਆ ਸਾਰੀਆ ਦੋ ਲੜੀਆਂ ਬਣਾ ਲਈਆਂ। ਇੱਕ ਲੜੀ ਝੁੱਗੀ ਦੇ ਬੂਹੇ ਅੱਗੇ ਲਾ ਦਿੱਤੀ।

ਅੱਧੀ ਰਾਤ ਨੂੰ ਉੱਠ ਕੇ ਬੀੜੀ ਪੀਤੀ, ਨੇਸ਼ਤੀ ਭੰਨ ਕੇ ਦੋ ਕੁ ਟੰਬਿਆ ਦੀ ਪੋੜੀ ਮੋਢੇ ਵਿੱਚ ਪਾ ਕੇ ਤੁਰ ਪਿਆ। ਦਰਵਾਜ਼ੇ ਦੀ ਥਮਲੀ ਨਾਲ ਆਢੀ ਜੀ ਲਗਾ ਕੇ, ਲੰਮੇ ਹੱਥ ਨਾਲ ਟੋਪੀ ਵਾਲੇ ਕਿੱਲ ਦੋ ਸੇਰ ਵੱਟੀ ਨਾਲ ਗੱਡ ਕੇ ਉੱਤੇ ਸ਼ਰੀਂਹ ਬੰਨ੍ਹ ਦਿੱਤਾ। ਤੇ ਘਰ ਨੂੰ ਆ ਗਿਆ।

ਜਿਹੜਾ ਵੀ ਝੁੱਗੀ ਦੇ ਬਾਹਰ ਅੱਗੋਂ ਦੀ ਲੰਘਦਾ, “ਗੱਖੀ ਉਹਨੂੰ ਬੋਲ ਮਾਰ ਕੇ ਲੱਡੂ ਖੁਵਾ ਕੇ ਤੋਰਦਾ।

ਤੜਕੇ ਜਦੋਂ ਲੰਬੜ ਨੇ ਸ਼ਰੀਂਹ ਬਾਰ ’ਚ ਬੱਧਿਆ ਵੇਖਿਆ, ਸੱਤੀ ਕੱਪੜੀਂ ਅੱਗ ਲੱਗ ਗਈ। ਬੇਰ ਤੋੜਨ ਵਾਲੀ ਢਾਂਗੀ ਚੁੱਕ ਉਹਨੇ ਸ਼ਰੀਂਹ ਲਾਹ ਭੁੰਜੇ ਸੁੱਟ ਲਿਆ। ਉੱਤੇ ਪੈਰਾਂ ਦੀਆਂ ਅੱਡੀਆਂ ਮਾਰ ਕੇ ਗੁਬਾਰੇ ਭੰਨ ਤੇ।

ਵੀਹੀ ’ਚ ਫਿਰਦੀ ਫੰਡਰ ਗਾਂ ਸ਼ਰੀਂਹ ਦੇ ਪੱਤ ਮੁੱਛ ਕੇ ਚਲੀ ਗਈ।

ਗੱਖੀ ਪਾਸ਼ੋ ਦਾ ਪੂਰਾ ਖਿਆਲ ਰੱਖਦਾ, ਕਿਤੇ ਪੁੱਠਾ ਸਿੱਧਾ ਕੰਮ ਈ ਨਾ ਕਰ ਕੇ ਬਹਿ ਜਾਵੇ। ਉਹ ਅੰਦਰ ਈ ਝੁੱਗੀ ’ਚ ਪਈ ਰਹਿੰਦੀ। ਉਹ ਕਾਕੇ ਨੂੰ ਬਗਲ ਵਿੱਚ ਆਪ ਦੁੱਧ ਨਾਲ ਨਹਾਂਉਦਾ। ਘਰ ਦੀ ਜਿਵੇਂ ਜੜ੍ਹ ਹੋ ਗਈ ਸੀ। “ ਪਾਛੋ ਧੀਏ ਦੇਖੀ ਕੋਈ ਅਵਲ ਚਵਲ ਕੰਮ ਨਾ ਕਰ ਲੀ, ਐਮੇਂ ਚਿੱਤ ਨਾ ਡੁਲਾ ਜੇ, ਮੰਵੀਂ ਭੁਗਤੂ, ਭੀੜ ਪੈਂਦੀ ਹੁੰਦੀ ਏ, ਰੱਬ ਤੇ ਮਰੇ ਈ ਭਾਲਦਾ, ਪਰ ਆਪਾਂ ਹੋਦ੍ਹੀ ਨੀ ਪੁੱਗਣ ਦੇਣੀ ਧੀਏ....।” ਉਹ ਕਾਕੇ ਦੇ ਸਿਰ ਤੇ ਹੱਥ ਫੇਰੀ ਗਿਆ।

ਕੁਝ ਦਿਨਾਂ ਬਾਦ ਚੌਕੀਦਾਰ ਵੀ ਆਪਣੀ ਖਾਤਾ ਵਹੀ ਚੱਕ ਝੁੱਗੀ ਦੇ ਬਾਹਰ ਆ ਖੜਿਆ। ਉਹ ਪੂਰਾ ਜੰਮਣ ਮਰਨ ਦਾ ਰਿਕਾਰਡ ਰੱਖਦਾ। ਜੇ ਮੁੰਡਾ ਹੁੰਦਾ, ਸੌ ਦੋ ਸੌ ਤੇ, ਵਧਾਈ ਨਾਲ ਘੁੱਟ ਵੀ ਲਾ ਜਾਂਦਾ। ਨਾਲੇ ਲੱਡੂਆਂ ਦਾ ਡੱਬਾ ਤੇ ਸੂਟ ਪੱਕਾ।

“ਨਿਆਣੇ ਦਾ ਕੀ ਨਾਉ ਆ, ਥਾਲੀ ਵਿੱਚੋਂ ਲੱਡੂ ਚੱਕ ਮੂੰਹ ’ਚ ਭੋਰ ਕੇ ਪਾ ਲਿਆ। ਨਾਲ ਈ ਪੰਜਾਹ ਦਾ ਨੋਟ, ਵਧਾਈ ਵਾਲਾ ਤਹਿ ਕਰਕੇ ਖੀਸੇ ਵਿੱਚ ਤੁੰਨ ਲਿਆ।

ਰੇਡਿਓ ਤੇ ਅੰਗਰੇਜ਼ੀ ਟੇਸ਼ਣ ਚੱਲੀ ਜਾਂਦਾ ਸੀ,“ ਜਲੌਰ ਗਿੱਲ, ਸੀਨਾ ਤਾਣ ਕੇ ਪਾਛੋ ਨੇ ਲਾਡ ਨਾਲ ਨਿੱਠ ਕੇ ਆਖਿਆ। ਵਹੀ ਵੱਲ ਕਾਲੀ ਸਿਆਹੀ ਨਾਲ ਲਿਖੇ ਜਾ ਰਹੇ ਲੰਡੇ ਅੱਖਰਾਂ ਦੀ ਪੜ੍ਹਤ ਵੱਲ ਝਾਕੀ ਗਈ।

ਚੌਕੀਦਾਰ ਦੀਆਂ ਉਂਗਲਾਂ ’ਚ ਫੜੀ ਕਲਮ ਥੜਕੀ, “ਜੋਗੀਆਂ ਦਾ ਗੋਤਰ ਵੀ ਗਿੱਲ ਹੁੰਦਾ, ਉਹਨੇ ਕੋਈ ਅੰਤਰੇ ਨਹੀਂ ਲਏ, ਆਪਣੇ ਕੰਮ ਨਾਲ ਈ ਭਿਆਲੀ ਪਾਈ ਰੱਖੀ, “ਤੇ ਪਿਓ ਦਾ ਨਾਉ?”

ਪਾਛੋ ਡੁੰਨ ਵੱਟਾ ਹੋ ਗਈ। ਗੱਖੀ ਦਾੜੀ ਨੂੰ ਖੁਰਕ ਕਰਦਾ ਸੋਚਾਂ ਵਿੱਚ ਲੱਥ ਗਿਆ। ਕੋਈ ਗੱਲ ਬਾਤ ਨਾ ਔੜੀ। ਕਾਹਲੀ ਨਾਲ ਆਖਿਆ, “ਲਿਖ ਲੰਬੜਾਂ ਦੇ ਛੋਹਰ ਦਾ ਕੀ ਨਾਂ, ਸਾਲਾ ਡਮਾਕ ’ਚੋਂ ਖੁੰਜ ਗਿਆ, ਔਹ ਪਾੜਵਾ ਜਾ, ਗਲੋਂ ਗਲਾਵਾ ਲਾ ਮਾਰਿਆ, “ਜਾ ਆਪੇ ਪੁੱਛ ਲੀ ਹੋ ਨਾਂ, ਓਨਾ ਦੇ ਘਰੋਂ, ਜਾਣਾ ਈ ਹੋਣੈ ਹੋਦਰ।”

"ਆਹ ਕੀ ਕਮਲ ਘੋਟੀ ਜਾਨੈ", ਲੁੜਕ ਕੇ ਧਰਤੀ ਤੇ ਡਿੱਗੀ ਕਲਮ ਚੁੱਕ ਉਂਗਲਾਂ ਵਿੱਚ ਫੇਰ ਫੜ ਲਈ।

"ਕਮਲ ਲਗਦੈ, ਜਾ ਭੱਜੇ ਫੇਰ ਹੈਥੋ....ਏਹ ਨਾਥਾਂ ਦੀ ਧੀ ਐ, ਗੱਖੀ ਨੇ ਜ਼ੋਰ ਨਾਲ ਹਿੱਕ ਥਾਪੜੀ, "ਜਣੈ ਖਣੈ ਨਾਲ ਨ੍ਹੀ ਵੈਂਡਲ ਫਿਰਦੀ, ਬੀ ਜੀਹਨੂੰ ਪਿਊ ਦਾ ਨਾਂ ਨ੍ਹੀ ਪਤਾ", ਚੌਕੀਦਾਰ ਨੂੰ ਬਾਹੋਂ ਫੜ ਕੇ ਬਾਹਰ ਕੱਢ ਦਿੱਤਾ। ਗੀਜੇ ਵਿੱਚ ਹੱਥ ਪਾ ਕੇ ਆਪਣਾ ਦਿੱਤਾ ਵਧਾਈ 'ਚ ਪੰਜਾਹ ਦਾ ਨੋਟ ਵੀ ਕੱਢ ਲਿਆ, "ਟਿੱਡੀ ਟਾਪ ਹੋ ਜਾ।" ਅਗਲੇ ਦਿਨਾਂ 'ਚ ਆਪਣਾ ਵੇਚ ਵੱਟ ਕੇ, ਸਾਰਾ ਨਿੱਕ ਸੁੱਕ ਗਡੀਰੇ 'ਚ ਧਰ ਕੇ, ਉਹ ਪਿੰਡ ਛੱਡ ਕੇ 'ਸੰਘਰੀਏ' ਆ ਵਸਣ ਲੱਗਾ।

ਗੱਖੀ ਨਾਥ ਦੀ ਸੁਰਤ ਵਿੱਚ ਏਹ ਦਿਨ ਅੱਜ ਵੀ ਸਰਾਲ੍ਹ ਬਣਕੇ ਊਂਘ ਜਾਂਦੇ ਨੇ।

"ਅਈ ਭੈਣ ਦੀ...." ਉਹ ਆਪਣਾ ਪੀੜ ਨਾਲ ਦੁੱਖਦਾ ਗਿੱਟਾ ਮਲਣ ਲੱਗ ਪਿਆ।

ਫੂਕਾਂ ਮਾਰ ਕੇ, ਮਾੜਾ ਬੰਦਾ ਗਾਲ੍ਹ ਵੀ ਕੱਢੂ, ਹੋ ਵੀ ਮੁੜ ਘੁੜ ਕੇ ਆਪ ਨੂੰ ਔਂਦੀਂ ਐ....ਹਈ।

"ਕੀ ਐ? ਪਾਛੋ ਨੇ ਫੁਰਤੀ ਨਾਲ ਮੰਜੇ ਤੋਂ ਸਿਰ ਤਾਂਅ ਚੱਕ ਮਗਰ ਨੂੰ ਵੇਖਿਆ।" ਗੱਖੀ ਬਾਹੀ 'ਚ ਖੇਡਦੇ ਜਵਾਕਾਂ ਲਈ ਗੁੱਲੀ ਘੜ ਰਿਹਾ ਸੀ।

"ਕੁਛ ਨਾ ਪੈਜਾ ਰਮਾਣ ਨਾਲ, ਚਾਰੇ ਬੰਨੇ ਝਾਕਿਆ, ਠਿੱਬੇ ਨੱਕ ਤੇ ਨਹੁੰ ਮਾਰਦਾ ਸੋਚਣ ਲੱਗਿਆ, "ਐਸ ਵਸਾਖ ਨੂੰ ਕਾਕਾ ਸੁੱਖ ਨਾਲ ਚਹੁੰ ਵਰ੍ਹੇ ਦਾ ਹੋ ਜੂ ..।" ਪਾਛੋ ਕੱਚੇ ਕੋਠੇ ਦੀ ਛਾਵੇਂ ਮੰਜੇ ਤੇ ਪਈ ਕਾਕੇ ਨੂੰ ਮੁੰਮਾ ਚੁੰਘਾਈ ਜਾਂਦੀ ਸੀ।

ਗੁੱਲੀ ਜੇਬ ਵਿੱਚ ਘੜ ਕੇ ਪਾ ਲਈ। ਗੋਡਿਆ ਤੇ ਹੱਥ ਧਰ ਕੇ ਖੜਾ ਹੋਇਆ ਤੇ ਫੇਰ ਚਿੱਤ ਸ਼ਰਮ ਜੀ, ਕਾਣ ਜੀ ਮੰਨੀ। ਵੈਂਗਣ ਚਾਕੀ ਫੋਕਣ ਫਾਕਾ' ਤੇ ਮੁੜ ਫੇਰ ਭੁੰਜੇ ਬਹਿ ਗਿਆ।

ਭੁੰਜੇ ਬਹਿ ਕੇ ਫਿਰ ਉੱਠਿਆ, ਐਸ ਵਾਰ ਗੋਡਿਆ ਤੇ ਹੱਥ ਧਰੇ ਬਗੈਰ ਈ। ਚਿੱਤ ਵਿੱਚ ਚਾਅ ਜਾ ਚੜ੍ਹਿਆ ਤੇ ਆਪਣੇ ਡੌਲਿਆਂ ਨੂੰ ਦੋਵਾਂ ਹੱਥਾਂ ਨਾਲ ਥਾਪੀ ਦਿੱਤੀ।

ਮੰਜੇ ਤੇ ਪਾਛੋ ਨਾਲ ਪਏ ਕਾਕੇ ਦੀ ਗੱਲ੍ਹ ਤੇ ਚੂੰਢੀ ਭਰ ਕੇ ਮੂੰਹ ਤੇ ਲਾਹ ਕੇ "ਮੂੰਅ....ਬੁੱਗੀ ਲਈ।" ਹੱਟੀ ਤੋਂ ਜਲੌਰ ਲਈ ਕੁਛ ਚੀਜ਼ੀ ਖਾਣ ਲਈ ਲੈ ਕੇ ਆਉਣ ਲਈ ਬਾਹਰ ਹੱਟੀ ਵੱਲ ਨੂੰ ਤੁਰ ਗਿਆ।

ਸੱਥ ਵਿੱਚ ਬੈਠੇ ਲੋਕ ਉਹਨੂੰ ਵੇਖ ਕੇ ਵਹਿਵਤਾਂ ਕਰਨੋਂ ਵੀ ਨਹੀਂ ਟਲਦੇ, "ਆ ਖੁੰਗਲ ਜਾ ਵੇਖਲਾ, ਕਵੇਂ ਤੂੰਬੇ ਅਰਗੀ ਧੂਹੀ ਫਿਰਦੈ।"

ਇਹ ਸੁਣ ਕੇ ਗੱਖੀ ਦੀ ਜੀਭ ਚਿੱਥੀ ਗਈ। ਚਿੱਤ 'ਚ ਆਈ, "ਧੀ ਐ, ਮੇਰੀ ਧੀ", ਪਰ ਏਹ ਵੀ ਨਹੀਂ ਸੀ ਆਖ ਸਕਦਾ।

ਲੋਕ ਚੰਦਰੇ ਪੁੱਛਣਗੇ,"ਆਹ ਜਵਾਕ ਕੀਹਦਾ", ਵਾਧੂ ਗੱਲਾਂ ਦੱੜੀ ਜਾਣਗੇ। "ਢੱਕੀ ਈ ਰਿੱਝੀ ਜਾਏ, ਲੋਟ ਆ", ਜਰੀ ਜਾਨੈ, ਰੱਬ ਬੀ ਐਡੇ ਕਲਮੋੜੇ ਜਨੂਰਾਂ ਨੂੰ ਜਰੀ ਜਾਂਦੈ, ਮੰਵੀਂ ਜਰਲੂ ਹਰਜ ਕੀ ਐ। ਇੱਕ ਝੋਰਾ ਪਾਕ ਦੇ ਫੋੜੇ ਵਾਂਗ ਹੋਰ ਵੀ ਰਿੱਝਦਾ,



"ਐਸ ਜਵਾਕ ਨੇ ਕਦੋਂ ਚੋਪੜ ਕੇ ਦਿੱਤੀ, ਜੱਗ ਨਾਲ ਕਾਦਾ ਮੱਥਾ ਲੌਣੇ, ਜੀਹਦੇ 'ਚ ਆਵਦਾ ਸੀਰ ਈ ਨਹੀਂ, ਪਰ ਕਜੀਆ ਮੇਰੀ ਗਤੀ ਦਾ, ਜੋ ਜਸ ਖੱਟਦੇ ਆ ਹੋ ਵੀ ਗਤੀ ਹੁੰਦੀ ਏ, ਫੇਰ ਥੋੜਾ ਜਿਹਾ ਮੁਸਕਾ ਕੇ ਅੰਬਰ ਵੱਲ ਝਾਕਿਆ, "ਗਤੀ ਹੈਸ ਸਾਬ ਨਾਲ ਦਾਤੇ ਦੀ ਵੀ ਨ੍ਹੀ ਹੋਣੀ, ਮੁਲਖ ਗਾਲ੍ਹਾਂ ਕੱਢਦੈ।"

ਹੱਟੀ ਤੋਂ ਪੰਜਾਂ ਦੀਆਂ ਟੋਫ਼ੀਆਂ ਲੈ ਕੇ ਗੀਝੇ ਵਿੱਚ ਪਾ ਲਈਆਂ। ਗੁੱਲੀ ਸਾਈ ਦੇ ਥੜੇ 'ਤੇ ਧਰ ਕੇ ਘਰ ਨੂੰ ਆ ਗਿਆ। ਵੀਹੀ 'ਚ ਆ ਕੇ ਕਾਕੇ ਦੇ ਅਡਾਟ ਸੁਣ ਕੇ ਛੋਹਲਾ ਹੋ ਗਿਆ।

ਪਾਛੋ ਛਾਤੀ ਨਾਲ ਲਾ ਕੇ ਝੂਟੇ ਦਿੰਦੀ, ਥਾਪੜ ਕੇ ਵਰਾਈ ਜਾਂਦੀ ਸੀ," ਆਹ..ਆਂ ..ਆਂ..ਮੁੰਅ...ਅ।" ਗੱਖੀ ਨੇ ਜਾ ਕੇ ਗੋਦੀ ਚੁੱਕ ਲਿਆ," ਲਿਆ ਫੜਾ ਮੈਨੂੰ, ਸਵਾਹ ਲਾਦੈ ਚਲੂਣੇ ਲੜਦੇ ਹੋਣੈ।" ਗੀਜੇ 'ਚੋਂ ਟੋਫ਼ੀਆਂ ਕੱਢ ਕੇ ਉਹਦੇ ਮੂਹਰੇ ਕਰ ਦਿੱਤੀਆਂ। ਹਵਾ ਵਿੱਚ ਉਛਾਲ ਕੇ ਬੋਚਿਆ।

ਕਾਕਾ ਹੱਸ ਪਿਆ ਸੀ।

"ਲਾਡੀ ਆਖੀ....ਨਾ ਨਾ..." ਬੁੱਲਾਂ ਨਾਲ ਪੋਟਾ ਛੁਹਾ ਕੇ ਲਾਡ ਲਡਾ ਲਿਆ। ਪਾਛੋ ਚੁੱਲ੍ਹੇ ਵਿਚੋਂ ਸੁਆਹ ਦੀ ਚੂੰਢੀ ਭਰ ਕੇ ਲੈਣ ਚਲੀ ਗਈ।

"ਪਾਅ...ਪਾ...ਪਾਅ..ਪਾ..." ਤੋਤਲੀ ਜਿਹੀ ਜੁਬਾਨ ਨਾਲ ਆਖ ਕੇ ਟਾਫ਼ੀ ਦਾ ਪੰਨਾਂ ਖੋਲਣ ਲੱਗ ਪਿਆ। "ਮੈਂ ਨ੍ਹੀ ਗਾ..ਊਂ...ਊਂ ਤੋਫੀ ਦੇਣੀ" ਦੂਜੀ ਦਾ ਲੜ ਉੜਕੇ ਤੋਤਲੀ ਜਿਹੀ ਜੁਬਾਨ ਨਾਲ ਮਨਾ ਕਰਿਆ, "ਓਹ ਕੰਜਰ ਪਤਾ ਨਹੀਂ ਕਿਥੇ ਖੱਪ ਪਾਉਂਦਾ ਹੋਣੈ..." ਕੰਧ ਉਤੋਂ ਦੀ ਲੰਮੀ ਨਿਗ੍ਹਾ ਮਾਰੀ।

"ਪੱਅ..ਪਾ...।"

"ਮਾਰੂੰ ਕੰਨ ਦੀ ਜੜ੍ਹ 'ਤੇ ਧਰਕੇ", ਘੂਰੀ ਵੱਟ ਕੇ ਹਰਖ਼ ਵਿਖਾ ਦਿੱਤਾ। ਕਾਕਾ ਡਰ ਕੇ ਹੌਕਣ ਲੱਗ ਪਿਆ। ਮੰਜੇ ਤੇ ਬਹਾ ਕੇ ਤੌੜੇ ਵਿਚੋਂ ਗੜਵੀ ਭਰਕੇ ਓਕ ਨਾਲ ਪਾਣੀ ਪੀਣ ਲੱਗ ਪਿਆ।

ਪਾਛੋ ਚੁਗਾਠ ਨਾਲ ਢੋਅ ਲਗਾ ਕੇ ਖੜੀ ਸਭ ਕੁਛ ਵੇਖੀ ਜਾਂਦੀ ਸੀ। "ਆਪਾਂ ਨੂੰ ਕੀ ਐ..." ਪਾਪਾ ਆਹਦਾਂ ਤਾਂ ਪਾਪਾ ਸਈ, ਮੰਜੇ ਤੇ ਵਿਲਕੀ ਜਾਂਦੇ ਜਲੌਰ ਨੂੰ ਪੰਨੇ ਚੋਂ ਟਾਫ਼ੀ ਕੱਢ ਕੇ ਫੜਾਈ, "ਹੈ ਨੂੰ ਕੁਛ ਹੋਰ ਨੀ ਦੇਣ ਜੋਗੇ ਤਾਂ ਆਹ ਈ ਸਹੀ।"

"ਪਾਛੋ" ਗੜਵੀ ਨੂੰ ਜ਼ੋਰ ਨਾਲ ਪੂਰਾ ਤਾਣ ਲਾ ਕੇ ਤੌੜੇ ਵਿੱਚ ਮਾਰਿਆ। ਤੌੜਾ ਠੀਕਰੇ ਹੋ ਗਿਆ। ਪਾਣੀ ਦੀ ਧਾਰ ਗੱਖੀ ਨਾਲ ਖਹਿੰਦੀ ਹੋਈ, ਮੰਜੇ ਕੋਲ ਗੋਦੀ ਚੁੱਕ ਕੇ ਖੜੀ ਪਾਛੋ ਦੇ ਪੈਰਾਂ ਨਾਲ ਜਾ ਲੱਗੀ। ਡੱਡੂ ਏਸ ਪਾਣੀ ਵਿੱਚ ਆ ਕੇ ਟੱਪਣ ਲੱਗਾ।

ਨਾਥ ਦੇ ਅੰਦਰ ਬੀਨ ਵੱਜਣ ਲੱਗੀ....ਰੈਂਗੜ ਦੁੱਕੀ ਚੀਕਣ ਚਾਕਾ...ਊਂ ਮਤੂਚੀ ਜੋਤਕੀ ਹਾਕਾ।"

ਪਾਛੋ ਹੁਣ ਫੇਰ ਮੋਟੀ ਹੋਣ ਲੱਗ ਪਈ ਸੀ।

## ਕਹਾਣੀ / ਸੁਖ ਦਾ ਸਾਹ / ਚਰਨਜੀਤ ਸਿੰਘ ਪੰਨੂ

ਅੰਮ੍ਰਿਤਸਰ-ਦਿੱਲੀ ਸ਼ਾਨੇ-ਪੰਜਾਬ ਯਾਤਰੀ ਟਰੇਨ ਸਵੇਰੇ ਅੱਠ ਵਜੇ ਫਿਲੌਰ ਤੋਂ ਥੋੜ੍ਹੀ ਰੁਕ ਕੇ ਚੱਲ ਪਈ। ਫਿਲੌਰ ਇਸ ਗੱਡੀ ਦਾ ਠਹਿਰਾਓ ਨਹੀਂ ਹੁੰਦਾ। ਕਿਸੇ ਸ਼ਰਾਰਤੀ ਨੇ ਜਾਂ ਆਪਣੇ ਸਾਥੀ ਸਵਾਰੀਆਂ ਚੜ੍ਹਾਉਣ ਵਾਲੇ ਕਿਸੇ ਯਾਤਰੀ ਨੇ ਜ਼ੰਜੀਰ ਖਿੱਚ ਕੇ ਗੱਡੀ ਨੂੰ ਸਟੇਸ਼ਨ ਦੇ ਬਾਹਰ ਹੀ ਰੁਕਵਾ ਲਿਆ। ਇਹ ਰੇਲ ਗੱਡੀ ਅੱਜ ਅੰਦਰ ਤੱਕ ਸਾਰੀ ਤੂੜੀ ਪਈ ਸੀ। ਤਿਲ ਸੁੱਟਣ ਨੂੰ ਵੀ ਜਗ੍ਹਾ ਨਹੀਂ ਸੀ। ਇੰਜਨ ਦੇ ਤਕਨੀਕੀ ਸਟਾਫ਼ ਨੇ ਉੱਤਰ ਕੇ ਸ਼ਰਾਰਤੀਆਂ ਨੂੰ ਬੁਰਾ ਭਲਾ ਬੁੜਬੁੜਾਉਂਦਿਆਂ ਸੂੰ ਸੂੰ ਕਰਦੇ ਬਰੇਕਾਂ ਦੇ ਸਪਰਿੰਗ ਲੀਵਰ ਹਥੌੜਿਆਂ ਨਾਲ ਸਿੱਧੇ ਕਰ ਕੇ ਲੀਕ ਹੁੰਦਾ ਪ੍ਰੈਸ਼ਰ ਬੰਦ ਕਰ ਦਿੱਤਾ। ਪਹਿਲਾਂ ਹੀ ਦਫ਼ਤਰਾਂ ਤੋਂ ਲੇਟ ਹੋਏ ਯਾਤਰੀ ਰੇਲਵੇ ਅਧਿਕਾਰੀਆਂ ਤੇ ਨਜ਼ਲਾ ਕੇਰਨ ਲੱਗੇ। ਗੱਡੀ ਚੱਲ ਪਈ। ਥੋੜ੍ਹੀ ਦੇਰ ਵਿਚ ਡੱਬੇ ਅੰਦਰ 'ਟੂੰ ਟੂੰ ਟੂੰ. ਟੀਂ ਟੀਂ ਦੀ ਆਵਾਜ਼ ਨਾਲ ਯਾਤਰੀਆਂ ਦੇ ਸਾਹ ਸੂਤੇ ਗਏ।

ਰੇਲਵੇ ਸਟੇਸ਼ਨਾਂ, ਬੱਸ ਅੱਡਿਆਂ, ਧਾਰਮਿਕ ਸਥਾਨਾਂ, ਪਬਲਿਕ ਚੌਰਾਹਿਆਂ ਅਤੇ ਆਵਾਜਾਈ ਦੇ ਵੱਡੇ ਕੇਂਦਰਾਂ ਤੇ ਹਦਾਇਤਾਂ, ਚੇਤਾਵਨੀਆਂ ਤੇ ਸਾਵਧਾਨੀਆਂ ਦੇ ਫਲਸਰੂਪ ਖਚਾਖਚ ਭਰੀ ਟਰੇਨ ਵਿਚ ਅਜੇਹੀ ਆਵਾਜ਼ ਜ਼ਰੂਰ ਹੀ ਖ਼ਤਰਨਾਕ ਮਨਸੂਬੇ ਜਾਂ ਅੰਜਾਮ ਦੀ ਪ੍ਰਤੀਕ ਸੀ। ਦੇਸ਼ ਦੇ ਦੁਸ਼ਮਣ ਗਵਾਂਢੀ ਵੱਲੋਂ ਹਮਸਾਇਆਂ ਦੇ ਘਰ ਹਫੜਾ-ਦਫੜੀ ਫੈਲਾਉਣ ਹਿਤ ਨਵੇਂ ਤੋਂ ਨਵੇਂ ਹੱਥਕੰਡੇ ਵਰਤੇ ਜਾ ਰਹੇ ਸਨ। ਅਜੇਹੀਆਂ ਲਾਵਾਰਸ ਵਸਤਾਂ ਦੇ ਛੂਹਣ ਨਾਲ ਬੰਬ ਫਟਣ ਦੀਆਂ ਕਈ ਦੁਰਘਟਨਾਵਾਂ ਵਾਪਰ ਚੁੱਕੀਆਂ ਸਨ। ਇਨ੍ਹਾਂ ਹਦਾਇਤਾਂ ਕਾਰਨ ਲੋਕ ਬੜੇ ਚੁਸਤ ਚੁਕੰਨੇ ਹੋ ਕੇ ਰੱਸੀ ਨੂੰ ਵੀ ਸੱਪ ਸਮਝ ਕੇ ਡਰਨ ਲੱਗੇ।

ਟੂੰ ਟੂੰ ਦੀ ਆਵਾਜ਼ ਫਿਰ ਚੀਕੀ।

ਓਏ ਇਹ ਬੰਬ ਜੇ.. ਬਚ ਜਾਓ ...ਜ਼ੰਜੀਰ ਖਿੱਚ ਦਿਓ। ਰੋਜ਼ ਦੀਆਂ ਖ਼ਬਰਾਂ ਅਫ਼ਵਾਹਾਂ ਤੋਂ ਡਰੇ ਯਾਤਰੀ ਹਾਲ ਪਾਹਰਿਆ ਕਰਨ ਲੱਗੇ।

ਹੁਣੇ ਇੱਕ ਸ਼ੱਕੀ ਅੱਤਵਾਦੀ ਇਹ ਬੰਬ ਇੱਥੇ ਰੱਖ ਕੇ ਚੇਨ ਖਿੱਚ ਕੇ ਫਿਲੌਰ ਉੱਤਰ ਗਿਆ ਹੈ।

ਇੱਕ ਬਾਬੂ ਦੀ ਗਵਾਹੀ ਨੇ ਸ਼ੱਕ ਨੂੰ ਹਕੀਕਤ ਵਿਚ ਬਦਲ ਦਿੱਤਾ।

ਸਰੀਰਾਂ ਨਾਲ ਖਹਿ ਰਹੇ ਸਰੀਰਾਂ ਵਾਲੀ ਭੀੜ ਦੇ ਘਬਰਾਏ ਯਾਤਰੀਆਂ ਵਿਚੋਂ ਕਿਸੇ ਨੇ ਚੇਨ ਖਿੱਚਣ ਦੀ ਕੋਸ਼ਿਸ਼ ਕੀਤੀ। ਗੱਡੀ ਹੌਲੀ ਹੋਈ ਪਰ ਰੁਕੀ ਨਹੀਂ। ਅੰਦਰ ਖੜ੍ਹਾ ਇੱਕ ਛੀਟਕਾ ਜਿਹਾ ਨੌਜੁਆਨ ਦੌੜਨ ਦੀ ਕੋਸ਼ਿਸ਼ ਵਿਚ, ਫ਼ੌਰੀ ਤੌਰ ਤੇ ਇੱਕ ਝਟਕੇ ਨਾਲ ਪਾਸੇ ਮਾਰਦਾ ਤਾਕੀ ਵੱਲ ਖਿਸਕਿਆ ਤੇ ਛਾਲ ਮਾਰ ਕੇ ਉੱਤਰ ਗਿਆ।

ਓਏ ਵੇਖੋ ਆਹ ਵੀ ਗਿਆ.. ਇਹ ਵੀ ਉਸੇ ਦਾ ਹੀ ਸਾਥੀ ਸੀ। ਫੜੋ! ਇਹ ਵੀ ਜਾਨ ਬਚਾਉਂਦਾ ਪੱਤਰਾ ਵਾਚ ਗਿਆ।

ਵੰਨ-ਸੁਵੰਨੀਆਂ ਆਵਾਜ਼ਾਂ ਤੇ ਲਲਕਾਰੇ ਨੇ ਗੱਡੀ ਦੇ ਸਹਿਮੇ ਵਾਤਾਵਰਨ ਵਿਚ ਹੋਰ ਜ਼ਹਿਰ ਬੀਜ ਦਿੱਤੀ।



'ਅਜੇਹੇ ਵਰਤਾਰੇ ਤਾਂ ਅੱਜ ਕੱਲ੍ਹ ਆਮ ਜਿਹੀ ਗੱਲ ਬਣ ਗਈ ਹੈ। ਰੇਲ ਡਰਾਈਵਰ ਵੀ ਚੇਨ ਖਿੱਚਣ ਤੋਂ ਕਈ ਹੋਰ ਉਲਟੇ ਮਾਅਨੇ ਲੈਣ ਲੱਗੇ ਹਨ। ਅਣਭੋਲ ਸਵਾਰੀਆਂ ਇਸ ਨਿਵੇਕਲੀ ਆਵਾਜ਼ ਤੋਂ ਦੂਰ ਹੋਣ ਲਈ ਧੱਕਮ-ਧੱਕਾ ਕਰਦੀਆਂ, ਆਸੇ ਪਾਸੇ ਰਸਤਾ ਨਾਪ ਰਹੀਆਂ ਸਨ।

'ਬੰਬ ਚੱਲਣ ਤੋਂ ਪਹਿਲਾਂ ਅਜੇਹੀ ਗੁੰਗੀ ਆਵਾਜ਼ ਦਿੰਦਾ ਹੈ।

'ਕਿਸੇ ਹੋਰ ਦੇ ਹੱਥ ਇਸ ਦਾ ਪਲੀਤਾ ਹੋਵੇਗਾ।

'ਇਹ ਰਿਮੋਟ ਕੰਟਰੋਲ ਨਾਲ ਫਟਣ ਲੱਗਾ ਜੇ।

ਕੁਰਲਾਹਟਾਂ, ਆਵਾਜ਼ਾਂ ਤੇ ਹਾਲ ਪਾਹਰਿਆ ਨਾਲ ਡੱਬੇ ਵਿਚ ਭਗਦੜ ਮੱਚਣ ਕਾਰਨ ਕਈ ਕਮਜ਼ੋਰ ਸਵਾਰੀਆਂ ਮਿੱਧੀਆਂ ਗਈਆਂ। ਕਈ ਮੁਸਾਫਿਰ ਇਸ ਆਫ਼ਤ ਤੋਂ ਬਚਣ ਲਈ ਚੱਲਦੀ ਗੱਡੀ ਵਿਚੋਂ ਛਾਲਾਂ ਮਾਰਨ ਦੀਆਂ ਸਲਾਹਾਂ ਦੇ ਰਹੇ ਸਨ। ਤਾਕੀਆਂ ਦੇ ਨੇੜੇ ਵਾਲੇ ਕਈ ਬਾਹਰ ਛਾਲਾਂ ਮਾਰ ਗਏ। ਜੋ ਬਚੇ ਰਹੇ ਆਪਣੀ ਮੌਤ ਦੀ ਇੰਤਜ਼ਾਰ ਵਿਚ ਝੂਰਦੇ ਰੱਬ ਨੂੰ ਯਾਦ ਕਰਨ ਲੱਗੇ।

ਇੱਕ ਸਾਧਾਰਨ ਜਿਹੇ ਮੁੰਡੇ ਨੇ ਹੌਸਲਾ ਕਰ ਕੇ ਸੰਗੀਤਕ ਚੇਤਾਵਨੀ ਦਿੰਦਾ ਇਹ ਯੰਤਰ ਥੱਲਿਉਂ ਫੜ ਲਿਆ।

'ਭਰਾਓ ਭੈਣੋ! ਖ਼ਤਰੇ ਵਾਲੀ ਕੋਈ ਗੱਲ ਨਹੀਂ, ਇਹ ਬੰਬ ਨਹੀਂ, ਜੇ ਬੰਬ ਹੁੰਦਾ ਤਾਂ ਹੁਣ ਤੱਕ ਚੱਲ ਜਾਂਦਾ। ਲਓ ਵੇਖੋ ਮੈਂ ਇਹ ਫੜ ਲਿਆ ਹੈ। ਵੇਖੋ! ਮੈਂ ਆਪਣੀ ਜੇਬ ਵਿਚ ਪਾ ਲੈਂਦਾ ਹਾਂ, ਮੈਨੂੰ ਇਹ ਮਾਰ ਦੇਵੇਗਾ, ਮੈਨੂੰ ਕੋਈ ਡਰ ਨਹੀਂ।

'.... ! ਥਰਥਰਾਹਟ ਹੋਈ... ਤੇ ਉਸ ਦੇ ਹੱਥੋਂ ਉਹ ਪੁਰਜਾ ਥੱਲੇ ਡਿਗ ਪਿਆ। ਇਸ ਵਿਚੋਂ ਤਰੰਗਾਂ ਦੀ ਸਰਸਰਾਹਟ ਹੋ ਰਹੀ ਸੀ। ਜੀ-ਭਿਆਣੇ ਯਾਤਰੀ ਇੱਕ ਦੂਸਰੇ ਨੂੰ ਧੱਕਦੇ ਉਸ ਪੁਰਜ਼ੇ ਤੋਂ ਪਰੇ ਤਾਕੀਆਂ ਵੱਲ ਨੂੰ ਘੁਸ ਰਹੇ ਸਨ। ਉਸ ਨੇ ਫੇਰ ਚੁੱਕਣ ਦੀ ਕੋਸ਼ਿਸ਼ ਕੀਤੀ ਪਰ ਇੱਕ ਮਾਈ ਨੇ ਝਪਟਾ ਮਾਰ ਕੇ ਨਿਸਫਲ ਕਰ ਦਿੱਤੀ। ਉਹ ਉਸ ਨੂੰ ਡਰ ਤੇ ਗੁੱਸੇ ਦੀ ਭੜਾਸ ਗਾਲ੍ਹਾਂ ਰਾਹੀਂ ਕੱਢਣ ਲੱਗੀ।

'ਹਰਾਮ ਦਿਆ ਵੱਡਿਆ ਬਦਮਾਸ਼ਾ! ਤੂੰ ਕੱਲਾ ਮਰੇਂਗਾ? ਨਾਲ ਹੋਰਾਂ ਨੂੰ ਵੀ ਤੇ ਲੈ ਕੇ ਮਰੇਂਗਾ।

ਆਪਣੀ ਮੌਤ ਦੀ ਇੰਤਜ਼ਾਰ ਕਰਦੀਆਂ ਸਵਾਰੀਆਂ ਵਿਚ ਸੰਨਾਟਾ ਛਾ ਗਿਆ। 'ਮਾਤਾ ਜੀ ਮੁਆਫ਼ ਕਰਨਾ, ਵੇਖੋ! ਕਿਸੇ ਦਾ ਫ਼ੋਨ ਜਾਪਦਾ ਹੈ ਜੋ ਡਿਗ ਗਿਆ ਹੈ.. ਇਸ ਦਾ ਕੋਈ ਸਵਾਮੀ ਘੰਟੀ ਮਾਰ ਰਿਹਾ ਹੈ, ਮੈਨੂੰ ਉਸ ਵਿਚਾਰੇ ਨੂੰ ਜੁਆਬ ਦੇ ਕੇ ਦੱਸ ਲੈਣ ਦਿਓ ਕਿ ਤੇਰਾ ਫ਼ੋਨ ਸਾਡੇ ਕੋਲ ਸੁਰੱਖਿਅਤ ਹੈ।

'ਤੈਨੂੰ ਛਿੱਤਰਾਂ ਦੀ ਲੋੜ ਐ.. ਕੁੱਤਾ ਬਣ-ਮਾਨਸ! ਆਪਣੀ ਟੈਂ ਟੈਂ ਲਾਈ ਜਾਂਦਾ। ਇਹੋ ਤਾਂ ਫੋਨ-ਬੰਬ ਹੈ ਜੋ ਰੇਡੀਓ ਵਾਲੇ ਹਰ ਰੋਜ ਰੌਲਾ ਪਾਉਂਦੇ ਤੇਰੀ ਜਾਨ ਨੂੰ ਰੋਂਦੇ ਨੇ ਪਈ ਲਾਵਾਰਸ ਵਸਤੂ ਨੂੰ ਕੋਈ ਹੱਥ ਨਾ ਲਾਵੇ। ਮਾਤਾ ਦਾ ਅੰਦੇਸ਼ਾ ਉਸ ਦੀ ਜ਼ਬਾਨ ਤੇ ਸਿਰ ਚੜ੍ਹੇ ਜਾਦੂ ਵਾਂਗ ਬੋਲ ਪਿਆ।

'ਤੂੰ ਆਪ ਤਾਂ ਮਰਨਾ ਹੀ ਹੈਂ... ਤੇਰੇ ਨਾਲ ਇਹ ਸਾਰੀ ਗੱਡੀ ਉਡਾਊ? ਮਨੁੱਖੀ ਬੰਬ ਆਪ ਵੀ ਤਾਂ ਮਰਦੇ ਹੀ ਨੇ। ਤੂੰ ਹੀ ਹੈਂ ਉਹ ਗੁੰਡਾ ਹਰਾਮਜ਼ਾਦਾ ਬਦਮਾਸ਼ ਜਿਸ ਨੇ ਗੱਡੀ ਨੂੰ ਉਡਾਉਣ ਲਈ ਇਹ ਟਾਈਮ-ਯੰਤਰ ਛੁਪਾ ਰੱਖਿਆ। ਜੂੜ ਲਓ ਇਸ ਨੂੰ.. ਇਹ

ਦੌੜ ਨਾ ਜਾਏ! ਇਹ ਵੀ ਉਨ੍ਹਾਂ ਦਾ ਸਾਥੀ ਹੈ। ਇਹੋ ਜੇ ਜ਼ਾਲਮ ਅੱਗ ਲਗਾਉਣ ਵਾਲਾ। ਹੋਊ ਗਾ ਜ਼ਰੂਰ ਇਹ ਪਾਕਿਸਤਾਨੀ ਜਾਸੂਸ ਗਰੋਹ ਦਾ ਬੰਦਾ।

ਜਿਨ੍ਹਾਂ ਦੀਆਂ ਖੁੱਚਾਂ ਪਿੰਜਣੀਆਂ ਵਿਚ ਜ਼ੋਰ ਸੀ ਉਹ ਦਗੜ ਦਗੜ ਕਰਦੇ ਛਾਲਾਂ ਮਾਰ ਕੇ ਇਸ ਬਿਪਤਾ ਤੋਂ ਛੁਟਕਾਰਾ ਪਾ ਗਏ। ਗੱਡੀ ਦੀ ਜ਼ੰਜੀਰ ਖਿੱਚ ਕੇ ਕਿਸੇ ਰੋਜ਼ਾਨਾ ਘਰਾਟੀਏ ਨੇ ਬਰੇਕਾਂ ਜਾਮ ਕਰਨ ਦੀ ਕੋਸ਼ਿਸ਼ ਕੀਤੀ ਪਰ ਗੱਡੀ ਰੁਕੀ ਨਹੀਂ।

ਮਾਤਾ ਹੋਰ ਕਈ ਵਿਸ਼ਲੇਸ਼ਣ ਠੋਸਦੀ ਉਸ ਵਿਅਕਤੀ ਦੇ ਪਿੱਛੇ ਪੈ ਗਈ। ਉਸ ਦੀ ਉਤੇਜਨਾ ਭਰੀ ਵੰਗਾਰ ਨਾਲ ਕਈ ਯਾਤਰੀਆਂ ਨੇ ਉਸ ਨੂੰ ਗਲੇ ਤੋਂ ਫੜ ਕੇ ਘਸੀਟ ਲਿਆ। ਗੱਡੀ ਦੀ ਖਟ ਖਟ ਆਵਾਜ਼ ਖੜਚੱ ਖੜਚੱ ਵਿਚ ਬਦਲ ਗਈ। ਹੁਣ ਟਰੇਨ ਸਤਲੁਜ ਦੇ ਪੁਲ਼ ਉੱਪਰੋਂ ਲੰਘ ਰਹੀ ਸੀ। ਦਸੰਬਰ ਮਹੀਨੇ ਦੀਆਂ ਬਾਰਸ਼ਾਂ ਕਾਰਨ ਕਾਂਗਾਂ ਮਾਰਦਾ ਦਰਿਆ ਕੰਢਿਆਂ ਨਾਲ ਖਹਿ ਰਿਹਾ ਸੀ।

'ਫੜ ਕੇ ਰੱਖਿਓ ਇਹਨੂੰ! ਝਕਾਨੀ ਦੇ ਕੇ ਦੌੜ ਨਾ ਜਾਵੇ ਕਿਧਰੇ। ਇਹ ਦੁਸ਼ਮਣ ਦਾ ਏਲਚੀ ਜੇ। ਇਸ ਦਾ ਨਿਸ਼ਾਨਾ ਪੁਲ ਉਡਾਉਣ ਦਾ ਹੈ.. ਸਤਲੁਜ ਵਾਲਾ, ਗੱਡੀ ਉਡਾਊ ਗਾ ਇਹ।

ਮਾਈ ਨੇ ਫੇਰ ਭਬਕ ਮਾਰੀ। ਭੜਕੇ ਹਜੂਮ ਵਿਚੋਂ ਕੁੱਝ ਹੱਥ ਫੇਰ ਉਸ ਦੀ ਧੌਣ ਵੱਲ ਔਹੜੇ।

'ਮੈਨੂੰ ਛੱਡੋ.. ਲਓ! ... ਮੇਰਾ ਖਹਿੜਾ ਛੱਡੋ.. ਆਹ ਲਓ। ਉਸ ਨੇ ਤਾਕੀ ਨੇੜੇ ਹੋ ਕੇ ਉਹ ਪੁਰਜ਼ਾ ਬਾਹਰ ਸੁੱਟ ਸਤਲੁਜ ਦੀਆਂ ਲਹਿਰਾਂ ਦੇ ਹਵਾਲੇ ਕਰ ਦਿੱਤਾ।

'ਹਾਏ ਮਾਰੇ ਗਏ...। ਇੱਕ ਅੱਧ ਮਿੰਟ ਕੰਨਾਂ ਨੂੰ ਹੱਥ ਲਾਈ ਸਵਾਰੀਆਂ ਇਸ ਦੇ ਫਟਣ ਤੇ ਧਮਾਕੇ ਦੀ ਇੰਤਜ਼ਾਰ ਕਰਨ ਲੱਗੀਆਂ ਪਰ ਕੁੱਝ ਨਹੀਂ ਹੋਇਆ। ਪੁਲ਼ ਟੱਪਦੇ ਹੀ ਉਹ ਵਿਚਾਰਾ ਦੁੜਕੀ ਮਾਰਦਾ ਬਾਹਰ ਨਿਕਲ ਗਿਆ।

ਡਰਾਈਵਰ ਆਪਣੀ ਹੁਸ਼ਿਆਰੀ ਵਰਤ ਰਿਹਾ ਸੀ ਤੇ ਚੇਨ ਖਿੱਚਣ ਵਾਲੇ ਨੂੰ ਇਹ ਅਹਿਸਾਸ ਕਰਾ ਰਿਹਾ ਸੀ ਕਿ ਉਹ ਗੱਡੀ ਖੜ੍ਹੀ ਕਰਨ ਜਾ ਰਿਹਾ ਹੈ। ਇਸ ਚੋਰ-ਸਿਪਾਹੀ ਵਾਲੀ ਝਕਾਨੀ ਵਿਚ ਉਹ ਗੱਡੀ ਨੂੰ ਧੂੰਹਦਾ ਹੋਇਆ ਸਤਲੁਜ ਪੁਲ ਪਾਰ ਕਰ ਗਿਆ। ਅੱਗੇ ਆਸੇ ਪਾਸੇ ਗਲ ਗਲ ਤੱਕ ਝੱਲ, ਝਾੜੀਆਂ, ਕਾਹੀ ਕਾਨੇ, ਟਿੰਬਰ ਭੰਡਾਰ, ਛਾਂ ਛਾਂ ਕਰਦਾ ਭਿਆਨਕ ਜੰਗਲ ਸ਼ੂਕ ਰਿਹਾ ਸੀ। ਉੱਥੇ ਗੱਡੀ ਰੋਕਣੀ ਵੀ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਲੌਢੂਵਾਲ ਸਟੇਸ਼ਨ ਤੇ ਇਸ ਦਾ ਠਹਿਰਾਓ ਨਹੀਂ ਸੀ।

ਚੱਲਦੀਆਂ ਗੱਡੀਆਂ ਵਿਚ ਚੋਰੀ, ਡਾਕੇ, ਲੁਟ-ਮਾਰ ਦੀਆਂ ਵੀ ਕਈ ਅਣਹੋਣੀਆਂ ਘਟਨਾਵਾਂ ਵਾਪਰ ਚੁੱਕੀਆਂ ਸਨ। ਇਸ ਲਈ ਗਾਰਡਾਂ ਤੇ ਡਰਾਈਵਰਾਂ ਨੂੰ ਖ਼ਾਸ ਹਦਾਇਤਾਂ ਸਨ ਕਿ ਕਿਸੇ ਕੀਮਤ ਤੇ ਵੀ ਅਧਿਕਾਰਤ ਠਹਿਰਾਓ ਵਾਲੇ ਸਟੇਸ਼ਨ ਤੋਂ ਬਗੈਰ ਰਸਤੇ ਵਿਚ ਗੱਡੀ ਖੜ੍ਹੀ ਨਹੀਂ ਕਰਨੀ। ਕਈ ਦਿਨਾਂ ਤੋਂ ਹੜਤਾਲਾਂ, ਬੰਦ, ਕਰਫ਼ਿਊ ਨੇ ਜ਼ਿੰਦਗੀ ਵਿਚ ਖੜੋਤ ਭਰ ਦਿੱਤੀ ਸੀ। ਡਰਾਈਵਰ ਜ਼ੰਜੀਰ ਖਿੱਚਣ ਵਾਲੇ ਦੀਆਂ ਅੱਖਾਂ ਵਿਚ ਮਿਰਚਾਂ ਪਾਉਣ ਵਾਂਗ ਖਿੱਚਦਾ ਧੂੰਹਦਾ ਗੱਡੀ ਲੌਢੂਵਾਲ ਸਟੇਸ਼ਨ ਤੇ ਲੈ ਗਿਆ। ਅੱਗੇ ਪਹਿਲਾਂ ਖ਼ਬਰ ਪਹੁੰਚਣ ਕਾਰਨ ਅਧਿਕਾਰੀਆਂ ਨੇ ਇਸ ਨੂੰ ਪਾਸੇ ਖਲ੍ਹਾਰ ਕੇ ਚੈੱਕ ਕਰਨ ਦਾ ਨਿਰਨਾ ਲੈ ਲਿਆ। ਗੱਡੀ ਪੂਰਨ ਵਿਰਾਮ ਵਿਚ ਖੜੋ ਗਈ। ਰੁਕਦੇ ਹੀ ਇਸ ਉਦਾਲੇ ਰੇਲਵੇ ਪੁਲਸ ਤੇ ਸੀ. ਆਰ. ਪੀ. ਐੱਫ. ਦੇ ਹਥਿਆਰਬੰਦ ਸਿਪਾਹੀ ਤੇ



ਕਮਾਂਡੋ ਘੇਰਾ ਪਾ ਕੇ ਖੜ੍ਹੋ ਗਏ। ਉੱਪਰ ਤੱਕ ਟੈਲੀਫ਼ੋਨ ਵਾਇਰਲੈੱਸ ਸੰਦੇਸ਼ ਦੇ ਦਿੱਤੇ ਗਏ। ਅੱਗ-ਬੁਝਾਊ ਇੰਜਨ ਤੇ ਬੰਬ-ਨਿਰੋਧਕ ਦਸਤਿਆਂ ਨੂੰ ਹੰਗਾਮੀ ਚੇਤਾਵਨੀ ਪਹੁੰਚ ਗਈ। ਟਰੇਨ ਸਟੇਸ਼ਨ-ਬਿਲਡਿੰਗ ਤੋਂ ਹਟਵੀਂ ਪਾਸੇ ਵਾਲੀ ਵਾਧੂ 'ਖੁੱਡੇ ਲਾਈਨ ਤੇ ਲਗਾ ਦਿੱਤੀ ਗਈ। ਸਟੇਸ਼ਨ ਦਾ ਸਾਰਾ ਅਮਲਾ-ਫੈਲਾ ਹਰਕਤ ਵਿਚ ਆ ਗਿਆ। ਤਾਇਨਾਤ ਪੁਲਸੀਆਂ ਵਿਚ ਭਾਜੜ ਪੈ ਗਈ। ਉਨ੍ਹਾਂ ਇਕਦਮ ਐਮਰਜੈਂਸੀ ਵਿਸਲ ਮਾਰੀ ਤੇ ਇੱਲਾਂ ਵਾਂਗ ਝੁਰਮਟ ਪਾ ਕੇ ਗੱਡੀ ਆਪਣੇ ਅਖ਼ਤਿਆਰ ਵਿਚ ਕਰ ਲਈ।

'ਇੱਥੇ ਸੰਭਾਵਿਤ 'ਬੰਬ ਵਾਲੀ ਬੋਗੀ ਨੂੰ ਲਾਹ ਕੇ ਬਾਕੀ ਗੱਡੀ ਦਿੱਲੀ ਵੱਲ ਤੋਰ ਦਿੱਤੀ ਜਾਵੇਗੀ।

ਰੇਲਵੇ ਅਧਿਕਾਰੀ ਘੋਸ਼ਣਾ ਕਰ ਕੇ ਲੰਬੀ ਦੂਰੀ ਵਾਲੀਆਂ ਵਾਲੀਆਂ ਸਵਾਰੀਆਂ ਨੂੰ ਤਸੱਲੀ ਦੇ ਰਹੇ ਸਨ।

ਮੈਂ ਵੀ ਕਾਹਲੇ ਮੁਸਾਫ਼ਰਾਂ ਨਾਲ ਬਾਹਰ ਨਿਕਲ ਕੇ ਥੋੜ੍ਹੀ ਦੂਰ ਸੱਜੇ ਜਾ ਕੇ ਬੱਸ ਅੱਡੇ ਤੇ ਖੜ੍ਹਾ ਹੋ ਗਿਆ।

ਫਿਲੌਰ ਵੱਲੋਂ ਆਈ ਇੱਕ ਕਾਰ ਵਿਚੋਂ ਉੱਤਰਦਾ ਕਾਹਲੇ ਕਦਮੀਂ ਇੱਕ ਸ਼ਰੀਫ਼ਜ਼ਾਦਾ ਬਹੁਤ ਚਿੰਤਾਤੁਰ ਮੂਡ ਵਿਚ ਸਟੇਸ਼ਨ ਵੱਲੋਂ ਆਉਂਦੇ ਯਾਤਰੀਆਂ ਤੋਂ ਤਹਿਕੀਕਾਤ ਕਰ ਰਿਹਾ ਸੀ।

'ਇਹ ਸ਼ਾਨੇ-ਪੰਜਾਬ ਐਜੀ ਦਿੱਲੀ ਵਾਲੀ?

'ਹਾਂ ਜੀ! ਪਰ ਦੌੜਨ ਦੀ ਲੋੜ ਨਹੀਂ, ਅਜੇ ਇਹ ਰੁਕੇਗੀ ਕੁੱਝ ਦੇਰ।

ਇੱਕ ਮੁਸਾਫ਼ਰ ਦੇ ਹੌਂਸਲੇ ਨਾਲ ਉਸ ਦੇ ਤੇਜ਼ ਕਦਮ ਹੌਲੇ ਹੋਏ।

'ਅਸਲ ਵਿਚ ਮੇਰਾ ਇੱਕ ਯੰਤਰ ਇਸ ਗੱਡੀ ਵਿਚ ਰਹਿ ਗਿਆ ਸੀ। ਮੈਂ ਵੀ ਅੰਮ੍ਰਿਤਸਰ ਤੋਂ ਏਸੇ ਗੱਡੀ ਰਾਹੀਂ ਫਿਲੌਰ ਉੱਤਰਿਆ ਸੀ।.. ਮੇਰੀ ਜਾਨ ਤੋਂ ਪਿਆਰੀ ਮੇਰੀ ਉਹ ਅਮਾਨਤ ਵਿਚ ਮੇਰੀ ਜਾਨ ਸੀ। ਉਹ ਮੇਰਾ ਪਰਸਨਲ ਆਰਗੇਨਾਈਜ਼ਰ ਸੀ, ਮੇਰੀ ਡਾਇਰੀ ਸੀ, ਮੇਰਾ ਅਡਵਾਈਜ਼ਰ ਵੀ ਸੀ। ਉਸ ਵਿਚ ਵਿਚ ਮੇਰਾ ਨਿੱਜੀ ਤੇ ਮੇਰੀ ਕੰਪਨੀ ਦਾ ਬਹੁਤ ਹੀ ਸੰਵੇਦਨਸ਼ੀਲ ਡਾਟਾ ਭਰਿਆ ਹੋਇਆ ਸੀ। ਉਸ ਨੇ ਇੱਕੋ ਸਾਹੇ ਆਪਣੇ ਯੰਤਰ ਦਾ ਹੁਲੀਆਂ ਦੱਸ ਦਿੱਤਾ।

ਲੋਕ ਉਸ ਨਾਲ ਹਮਦਰਦੀ ਪ੍ਰਗਟਾਉਂਦੇ ਉਸ ਨੂੰ ਟਾਂਚ ਕਰਦੇ ਉਸ ਦੇ ਫ਼ੋਨ ਦੀ ਕਰਾਮਾਤ ਦੱਸ ਰਹੇ ਸਨ ਜਿਸ ਨੇ ਇਹ ਗੱਡੀ ਇੱਥੇ ਰੁਕਵਾ ਦਿੱਤੀ।

ਉਹ ਇਹ ਜਾਣ ਕੇ ਬਹੁਤ ਖ਼ੁਸ਼ ਹੋਇਆ ਕਿ ਉਸ ਦੀ ਇਨਫਰਮੇਸ਼ਨ ਜਾਂ ਡਾਟਾ ਗ਼ਲਤ ਇਸਤੇਮਾਲ ਹੋਣ ਦੀ ਸੰਭਾਵਨਾ ਨਹੀਂ ਕਿਉਂਕਿ ਇਹ ਤੇਜ਼ ਪਾਣੀ ਦੇ ਵਹਾਅ ਵਿਚ ਡੂੰਘਾ ਜਲਪ੍ਰਵਾਹ ਹੋ ਚੁੱਕਾ ਹੈ।

'ਜੇ ਮੈਨੂੰ ਕੋਈ ਉਹ ਥਾਂ ਟਿਕਾਣਾ ਦੱਸ ਦੇਵੇ ਜਿੱਥੇ ਇਹ ਸੁੱਟਿਆ ਗਿਆ ਸੀ, ਤਾਂ ਮੈਂ ਉਸ ਨੂੰ ਮੂੰਹ ਮੰਗਿਆ ਇਨਾਮ ਦਿਆਂਗਾ ਤੇ ਟੋਭਿਆਂ ਕੋਲੋਂ ਇਸ ਦੀ ਤਲਾਸ਼ ਕਰਵਾ ਲਵਾਂਗਾ। ਉਸ ਜੀ-ਭਿਆਣੇ ਨੇ ਤਰਲਾ ਕੀਤਾ।

'ਲਹਿਰਾਂ ਨਾ ਹੰਘਾਲ਼ ਮੁੰਡਿਆ, ਨਹੀਂ ਲੱਭਣਾ ਤੇਰਾ ਫ਼ੋਨ ਗਵਾਚਾ। ਹਾਸੇ ਦੀ ਛਣਕਾਰ ਵਿਚ ਇੱਕ ਹੋਰ ਮੁਸਾਫ਼ਰ ਉਸ ਦਾ ਮੋਢਾ ਥਪਥਪਾ ਰਿਹਾ ਸੀ।

'ਤੇਰੇ ਭਲੇ ਦੀ ਚੰਗੀ ਗੱਲ ਤਾਂ ਇਹ ਹੈ ਕਿ ਹੁਣ ਤੂੰ ਇਸ ਬਾਰੇ ਗੱਲ ਨਾ ਕਰ ਤੇ

ਅੰਦਰ ਹੀ ਪੀ ਜਾਹ। ਤੂੰ ਫਿਲੌਰ ਉੱਤਰਨ ਵਾਸਤੇ ਚੇਨ ਖਿੱਚ ਕੇ ਗੱਡੀ ਰੋਕੀ ਤੇ ਉੱਤਰ ਗਿਆ। ਕਾਹਲੀ ਵਿਚ ਉਹ ਯੰਤਰ ਪਿੱਛੇ ਭੁੱਲ ਗਿਆ। ਤੇਰੇ ਪਾਏ ਪੰਗੇ ਕਾਰਨ ਹੀ ਗੱਡੀ ਲੌਢੂਵਾਲ ਖਲ੍ਹਾਰਨੀ ਪਈ ਕਿਤੇ ਇਹ ਨਾ ਹੋਵੇ ਕਿ ਤੈਨੂੰ ਫੜ ਕੇ ਅੰਦਰ ਕਰ ਦੇਣ ਤੇ ਲੈਣੇ ਦੇ ਦੇਣੇ ਪੈ ਜਾਣ।

ਉਹ ਅੱਖਾਂ  ਚ ਘਸੁੰਨ ਦਿੰਦਾ ਉਸੇ ਪੈਰੀਂ ਪਿੱਛੇ ਮੁੜ ਗਿਆ।

'ਉਂਜ ਹੋਰ ਚੰਗੀ ਗੱਲ ਇਹ ਵੀ ਹੈ ਕਿ ਤੂੰ ਸਟੇਸ਼ਨ ਅੰਦਰ ਜਾ ਕੇ ਅਧਿਕਾਰੀਆਂ ਨੂੰ ਆਪਣੇ 'ਫ਼ੋਨ ਬੰਬ  ਬਾਰੇ ਦੱਸ ਦੇਹ ਤਾਂ ਜੋ ਉਹ ਟਰੇਨ ਨੂੰ ਹੋਰ ਲੇਟ ਕਰ ਕੇ ਮੁਸਾਫ਼ਰਾਂ ਦੀ ਖ਼ੱਜਲ-ਖ਼ੁਆਰੀ ਨਾ ਕਰਨ।

ਇੱਕ ਹੋਰ ਆਵਾਜ਼ ਨੇ ਉਸ ਦੇ ਪੈਰ ਜਕੜ ਲਏ ਪਰ, 'ਹੁਣ ਤੂੰ ਇਸ ਬਾਰੇ ਗੱਲ ਨਾ ਕਰ ਤੇ ਅੰਦਰ ਹੀ ਪੀ ਜਾਹ, ਤੂੰ ਉੱਥੇ ਉੱਤਰਨ ਵਾਸਤੇ ਚੇਨ ਖਿੱਚ ਕੇ ਗੱਡੀ ਰੋਕ ਲਈ ਤੇ ਉੱਤਰ ਗਿਆ। ਕਾਹਲੀ ਵਿਚ ਉੱਤਰਨ ਲੱਗੇ ਆਪਣਾ ਉਹ ਯੰਤਰ ਭੁੱਲ ਗਿਆ। ਕਿਤੇ ਇਹ ਨਾ ਹੋਵੇ ਕਿ ਤੈਨੂੰ ਫੜ ਕੇ ਅੰਦਰ ਕਰ ਦੇਣ ਤੇ ਲੈਣੇ ਦੇ ਦੇਣੇ ਪੈ ਜਾਣ।  ਚੇਤਾਵਨੀ ਯਾਦ ਕਰ ਕੇ ਉਹ ਮੁੜ ਉਸੇ ਕਾਰ ਵਿਚ ਜਾ ਬੈਠਾ। ਮਹਾਂ ਭਾਰਤ ਦੀ ਕਥਾ ਵਾਂਗ ਮੇਰੀ ਆਪਣੀ ਕਹਾਣੀ ਮੇਰੇ ਮਨ ਅੰਦਰ ਘੁੰਮਣ-ਘੇਰੀਆਂ ਮਚਾਉਣ ਲੱਗੀ। ਗੱਡੀਆਂ ਦੀ ਬੇਯਕੀਨੀ ਵਧ ਗਈ। ਮੈਂ ਦਫ਼ਤਰ ਪਹੁੰਚ ਕੇ ਹਾਜ਼ਰੀ ਲਗਾਈ, ਥੋੜ੍ਹਾ ਬਹੁਤ ਜ਼ਰੂਰੀ ਕੰਮ ਨਿਪਟਾਇਆ ਤੇ ਬਾਕੀ ਅੱਧੇ ਦਿਨ ਦੀ ਛੁੱਟੀ ਰੱਖ ਕੇ ਮੁੜਦੇ ਪੈਰੀਂ ਬੱਸਾਂ ਗੱਡੀਆਂ ਦੀ ਸ਼ਰਨ ਆ ਗਿਆ। ਹਰ ਰੋਜ਼ ਦੇ ਕਰਾਰੇ ਹੱਥ ਲੱਗਣ ਕਾਰਨ ਮੈਂ ਬੱਸ ਲੈਣੀ ਬਿਹਤਰ ਸਮਝੀ। ਬਾਈ ਪਾਸ ਤੋਂ ਬਟਾਲਾ ਵਾਲੀ ਬੱਸ ਤੇ ਬਿਆਸ ਪਹੁੰਚ ਕੇ ਕੁੱਝ ਆਰਮ ਮਹਿਸੂਸ ਕੀਤਾ ਕਿ ਮੁਕਾਮ ਦੇ ਨੇੜੇ ਪਹੁੰਚ ਗਏ ਹਾਂ। ਕਾਫੀ ਦੇਰ ਇੰਤਜ਼ਾਰ ਕਰਨ ਤੇ ਇੱਥੋਂ ਅੱਗੇ ਵਾਸਤੇ ਬੱਸ ਦਾ ਕੋਈ ਸਾਧਨ ਨਹੀਂ ਬਣਿਆ। ਰੰਗਾਂ ਭਰਪੂਰ ਇਹ ਅੱਡਾ ਅੱਜ ਖ਼ਾਲਮ-ਖ਼ਾਲੀ ਭਾਂ ਭਾਂ ਕਰ ਰਿਹਾ ਸੀ। ਸਹਿਮੀਆਂ ਤੇ ਸੁੰਨਸਾਨ ਸੜਕਾਂ ਵੇਖ ਕੇ ਮੈਨੂੰ ਸੁੱਝ ਗਈ ਕਿ ਕੋਈ ਨਵੀਂ ਅਣਹੋਣੀ ਘਟਨਾ ਵਾਪਰ ਗਈ ਹੈ। ਅੰਮ੍ਰਿਤਸਰ ਵਾਸਤੇ ਕੋਈ ਬੱਸ ਨਹੀਂ ਸੀ, ਕੋਈ ਟਰੱਕ ਨਹੀਂ, ਕੋਈ ਆਵਾ-ਜਾਈ ਦਾ ਸਾਧਨ ਨਹੀਂ ਬਚਿਆ। ਇੱਕੋ ਇੱਕ ਸੁਰੱਖਿਅਕ ਜ਼ਰੀਆਂ ਰੇਲ ਗੱਡੀ ਹੀ ਸੀ, ਉਹ ਵੀ ਖਾੜਕੂਆਂ ਦੇ ਮਜਾਜ਼ ਵੇਖ ਸੁਣ ਕੇ ਹੀ ਚੱਲਦੀ ਸੀ, ਜੋ ਕੈਂਸਲ ਹੋ ਗਈ।

ਬਿਆਸ ਰੇਲਵੇ ਸਟੇਸ਼ਨ ਤੇ ਅੱਜ ਸਾਧਾਰਨ ਦਿਨਾਂ ਨਾਲੋਂ ਜ਼ਿਆਦਾ ਘੁੱਟਣ ਸੀ। ਮੇਰੇ ਵਰਗੇ ਕਈ ਹੋਰ ਰੋਜ਼ਾਨਾ ਯਾਤਰੀ ਗੱਡੀ ਦੀ ਇੰਤਜ਼ਾਰ ਵਿਚ ਧਰੁਬੜੀ ਲਗਾਈ ਖੜ੍ਹੇ ਸਨ। ਸਹਿਮੇ ਤੇ ਉਦਾਸ ਪਰਛਾਵੇਂ ਹਰ ਚਿਹਰੇ ਤੇ ਜੰਮੇ ਪਏ ਸਨ।

ਲੁਧਿਆਣੇ ਵੱਲੋਂ ਦਾਦਰ ਦਾ ਟਾਈਮ ਹੋ ਗਿਆ ਸੀ ਪਰ ਉਹ ਕੈਂਸਲ ਘੋਸ਼ਿਤ ਕਰ ਦਿੱਤੀ ਗਈ। ਸਟੇਸ਼ਨ ਦੇ ਬਾਹਰ ਕੰਧਾਰੀ ਦੀ ਝੁੱਗੀ ਤੇ ਡੇਰਾ ਡੰਡਾ ਗ਼ਾਇਬ ਸੀ। ਉਹ ਬੜੀ ਬੇਰਹਿਮੀ ਨਾਲ ਪੁੱਟਿਆ ਲੁੱਟਿਆ ਗਿਆ ਜਾਪਦਾ ਸੀ। ਪਿਛਲੇ ਕਈ ਮਹੀਨਿਆਂ ਤੋਂ ਪ੍ਰਵਾਸੀ ਪੰਛੀਆਂ ਦੀ ਤਰ੍ਹਾਂ ਆਪਣਾ ਆਲ੍ਹਣਾ ਬਣਾ ਕੇ ਬੈਠਾ ਉਹ ਅਜਨਬੀ ਰੇਲਵੇ ਮੁਲਾਜ਼ਮਾਂ ਤੇ ਰੋਜ਼ਾਨਾ ਮੁਸਾਫ਼ਰਾਂ ਵਿਚ ਏਨਾ ਘੁਲ ਮਿਲ ਗਿਆ ਕਿ ਉਹ ਸਟੇਸ਼ਨ ਦੀ ਜਿੰਦ ਜਾਨ ਬਣ ਗਿਆ ਸੀ। ਆਪਣੀ ਪੇਟ ਪੂਜਾ ਵਾਸਤੇ ਉਸ ਨੇ ਕੇਂਦਰੀ ਸਟੇਸ਼ਨ ਬਿਆਸ ਤੇ ਢੁਕਵੀਂ ਜਗ੍ਹਾ ਤਲਾਸ਼ ਕੀਤੀ ਸੀ। ਮੈਂ ਉਸ ਮੰਗਤੇ ਨੂੰ ਕਈ ਵੇਰਾਂ ਵੇਖਿਆ।



ਉਹ ਕਈ ਵੇਰਾਂ ਚਟਪਟੀਆਂ ਕਰਾਰੀਆਂ ਗੱਲਾਂ ਕਰਦਾ ਉਗਰਵਾਦੀਆਂ ਨੂੰ ਵੀ ਚੋਭਾਂ ਲਾ ਜਾਂਦਾ। ਉਹ ਅਲੋਕਾਰ ਕਿਸਮ ਦਾ ਅਦਨਾ ਜਿਹਾ ਭਿਖਾਰੀ ਹਮੇਸ਼ਾ ਸਵੇਰੇ ਸ਼ਾਮ ਬਿਆਸ ਸਟੇਸ਼ਨ ਤੇ ਦਿਸ ਪੈਂਦਾ। ਉਸ ਦੀ ਸ਼ਕਲ ਸੂਰਤ ਤੋਂ ਇਹ ਵੀ ਪਤਾ ਨਾ ਲੱਗਦਾ ਕਿ ਬੰਦਾ ਹੈ, ਬੁੱਢੀ ਹੈ, ਜਾਂ ਉਹ ਖੁਸਰਾ ਹੈ। ਪਹਿਲਾਂ ਪਹਿਲ ਉਹ ਸਟੇਸ਼ਨ ਤੇ ਡੇਰੇ ਵਾਲਿਆਂ ਦੀ ਕਾਰ ਸੇਵਾ ਸਮੇਂ ਛੁਹਲ਼ਾ ਫੁਰਤੀਲਾ ਸੇਵਾਦਾਰ ਬਣ ਕੇ ਉੱਭਰਿਆ। ਉਸ ਵੇਲੇ ਉਹ ਮੋਨਾ ਸੀ। ਫੇਰ ਭਗਵੇਂ ਕੱਪੜਿਆਂ ਵਿਚ ਗਲ ਵਿਚ ਮਾਲ਼ਾ ਪਾ ਕੇ ਟਹਿਲਣ ਲੱਗਾ। ਹੁਣ ਉਸ ਦਾ ਭਗਵਾਂ ਵੇਸ, ਖੁੱਲ੍ਹੀ ਦਾੜ੍ਹੀ ਕੇਸ ਤੇ ਗਲ ਵਿਚ ਮਾਲਾ ਸੀ। ਸਿਰ ਦੇ ਵਾਲ ਉਸ ਨੇ ਖੁੱਲ੍ਹੇ ਛੱਡ ਦਿੱਤੇ ਤੇ ਕਦੇ-ਕਦਾਈਂ ਸਾਫ਼ਾ ਵੱਲ ਲੈਂਦਾ। ਬਿਜੜੇ ਦੇ ਆਲ੍ਹਣੇ ਵਾਂਗ ਗੁੰਦੀ ਹੋਈ ਮੈਲ਼ੀ-ਕੁਚੈਲ਼ੀ ਦਾੜ੍ਹੀ ਉਸ ਨੇ ਕਦੇ ਸਾਫ਼ ਨਹੀਂ ਕੀਤੀ। ਉਸ ਦੇ ਮੰਗਣ ਦੇ ਵੀ ਤੌਰ ਤਰੀਕੇ ਡਾਂਗ ਨਾਲ ਖੈਰ ਮੰਗਣ ਵਾਂਗ ਰੋਹਬਦਾਰ ਸਨ। ਉਹ ਮੰਗਤਿਆਂ ਵਾਂਗ ਨਹੀਂ, ਦਾਤਿਆਂ ਵਾਂਗ ਮੰਗਦਾ ਸੀ। ਚੰਗੀ ਸਵਾਰੀ ਦੇਖ ਕੇ ਉਹ ਅੱਗੇ ਜਾ ਖੜ੍ਹਾ ਹੁੰਦਾ। ਅਗਲਾ ਘੂਰੀ ਵੱਟ ਕੇ ਪਾਸੇ ਹੋ ਜਾਣ ਦਾ ਇਸ਼ਾਰਾ ਕਰਦਾ ਤਾਂ ਉਹ ਉਸ ਦੇ ਸਿਰ ਹੋ ਜਾਂਦਾ:

'ਦੇਣਾ ਤਾਂ ਦੇਹ, ਔਖਾ ਕਿਉਂ ਹੁੰਦੈ.. ਮੈਂ ਤੇਰੇ ਕਿਹੜੇ ਛੋਲੇ ਪੁੱਟ ਲਏ ਨੇ।

ਇਕ ਦਿਨ ਨਵ-ਵਿਆਹੀ ਜੋੜੀ ਕੋਲ ਜਾ ਖੜਿਆ। ਉਨ੍ਹਾਂ ਦੀ ਮਾਂ ਨੇ ਦਸ ਰੁਪਏ ਕੱਢ ਕੇ ਉਸ ਦੇ ਹੱਥ ਫੜਾਏ।

'ਜਾਹ ਨੀਂ ਜਾਹ ਸ਼ੁਹਦੀਏ ਜਿਹੀਏ.. ਇਹ ਦਸਾਂ ਵਾਲੀ ਜੋੜੀ ਏ? ਹਰਾਮ ਦੀ ਜੰਮੀ ਊ? ਜੇ ਤੂੰ ਅਸਲੀ ਮਾਂ ਹੈ ਜਾਂ ਇਹ ਅਸਲੀ ਪਿਉ ਦਾ ਹੈ ਤਾਂ ਹਜ਼ਾਰ ਦੇ ਦੇਹ। ਮੈਂ ਹਜ਼ਾਰ ਤੋਂ ਘੱਟ ਨਹੀਂ ਲੈਣੇ।  ਉਸ ਨੇ ਉਨ੍ਹਾਂ ਦੇ ਪੈਰ ਉਖਾੜ ਦਿੱਤੇ।

ਡੇਰੇਦਾਰਾਂ ਦੀ ਉਸ ਵੱਲ ਸਵੱਲੀ ਨਜ਼ਰ ਹੋਣ ਕਾਰਨ ਉਸ ਨਾਲ ਹੋਰ ਵੀ ਕਈ ਅਲੋਕਾਰ ਕਹਾਣੀਆਂ ਜੁੜਦੀਆਂ ਰਹੀਆਂ। ਕਹਿੰਦੇ ਉਹ ਪਿਛਲੇ ਜਨਮ ਦਾ ਕੋਈ ਬੜਾ ਜਾਹਰਾ ਪੀਰ ਪੈਗ਼ੰਬਰ ਸੀ ਤੇ ਕਦੇ ਕਦੇ ਵਲੀ ਕੰਧਾਰੀ ਦੀ ਰੂਹ ਸ਼ਕਤੀ ਉਸ ਅੰਦਰ ਪ੍ਰਵੇਸ਼ ਕਰ ਜਾਂਦੀ ਸੀ। ਗਾਹੇ-ਬਗਾਹੇ ਉਸ ਦੀ ਕਹੀ ਗੱਲ ਵੀ ਸਾਬਤ ਹੋ ਜਾਂਦੀ ਸੀ। ਲੋਕ ਲਾਟਰੀ ਸੱਟਾ ਲਾਉਣ ਸਮੇਂ ਉਸ ਕੋਲੋਂ ਨੰਬਰ ਪੁੱਛ ਕੇ ਲਾਉਂਦੇ। ਇੱਕ ਦੋ ਵੇਰਾਂ ਉਸ ਦੇ ਦਿੱਤੇ ਨੰਬਰਾਂ ਨੇ ਲੱਖਾਂ ਦੀ ਲਾਟਰੀ ਜਿੱਤ ਲਈ। ਜੇਤੂ ਖ਼ੁਸ਼ਕਿਸਮਤ ਬੈਂਡ ਵਾਜੇ ਨਾਲ ਉਸ ਵਾਸਤੇ ਸ਼ੁਕਰਾਨਾ ਚੜ੍ਹਾਵਾ ਲੈ ਕੇ ਆਏ ਤੇ ਉਸ ਨੂੰ ਮੱਥਾ ਟੇਕ ਕੇ ਸੋਨੇ ਦਾ ਹਾਰ ਪਾ ਗਏ। ਉਸ ਦਾ ਆਦਰ ਸਤਿਕਾਰ ਹੋਰ ਵਧ ਗਿਆ।

'ਬਿਆਸ ਦੀ ਬੜੀ ਬਦਨਾਮੀ ਹੋਈ ਹੈ, ਕੰਧਾਰੀ ਅੱਜ ਮਿਲਟਰੀ ਨੇ ਫੜ ਲਿਆ ਹੈ।  ਸਟੇਸ਼ਨ ਰਖਵਾਲਿਆਂ ਦੀ ਸਖ਼ਤ ਬੇਰੁਖ਼ੀ ਬਾਰੇ ਪੁੱਛਣ ਤੇ ਜੁਆਬ ਮਿਲਿਆ।

'ਉਹਨੂੰ ਫੜ ਨਹੀਂ ਸਕਦਾ ਕੋਈ... ਅੰਨ੍ਹਾ ਹੋਜੂ।  ਕਿਸੇ ਹੋਰ ਨੇ ਦਾਅਵਾ ਕੀਤਾ।

'ਉਹ ਹਵਾ ਵਿਚ ਗ਼ਾਇਬ ਹੋ ਜਾਊ ਪਰ ਫੜਿਆ ਨਹੀਂ ਜਾ ਸਕਦਾ।  ਜਿੰਨੇ ਮੂੰਹ ਓਨੀਆਂ ਗੱਲਾਂ ਹੋ ਰਹੀਆ ਸਨ।

ਬਿਆਸ ਮਿਲਟਰੀ ਹੈੱਡਕੁਆਟਰ ਹੋਣ ਕਰ ਕੇ ਸੁਰੱਖਿਆ ਵੱਲੋਂ ਬੜਾ ਸੰਵੇਦਨਸ਼ੀਲ ਕੇਂਦਰ ਸਮਝਿਆ ਜਾਂਦਾ ਹੈ ਤੇ ਉਹ ਅੱਜ ਪਾਕਿਸਤਾਨ ਨੂੰ ਵਾਇਰਲੈੱਸ ਟਰਾਂਸਮੀਟਰ ਤੇ

ਖ਼ੁਫ਼ੀਆ ਜਾਣਕਾਰੀ ਦੇ ਰਿਹਾ ਸੀ। ਉਸ ਦੀਆਂ ਹਵਾਈ-ਤਰੰਗਾਂ ਮਿਲਟਰੀ ਐਕਸਚੇਂਜ ਨੇ ਪਕੜ ਲਈਆਂ ਤੇ ਉਨ੍ਹਾਂ ਰਾਤ ਇਕ ਵਜੇ ਰੰਗੇ-ਹੱਥੀਂ ਆਨਿ ਦਬੋਚਿਆ। ਉਸ ਦੇ ਅੰਗ ਸੰਗ ਸੇਵਾ ਕਰਨ ਵਾਲੇ ਰੇਲਵੇ ਮੁਲਾਜ਼ਮ ਵੀ ਕੜਿੱਕੀ ਵਿਚ ਫਸਣ ਵਾਲੇ ਹਨ। ਸਾਰੇ ਹਮਸਫ਼ਰ ਇਕ ਦੂਸਰੇ ਦੀਆਂ ਨਜ਼ਰਾਂ ਵਿਚ ਝਾਕਦੇ ਅਸਲੀ ਨਕਲੀ ਦੀ ਪਹਿਚਾਣ ਕਰ ਰਹੇ ਸਨ।

ਪਲੇਟਫ਼ਾਰਮ ਨੰਬਰ ਇੱਕ ਤੇ ਗੱਡੀਆਂ ਦੇ ਸੂਚਨਾ-ਬੋਰਡ ਤੇ ਕੋਈ ਸਪਸ਼ਟ ਜਾਣਕਾਰੀ ਨਹੀਂ ਸੀ।

'ਕੋਈ ਥੈਲਾ, ਬੈਗ, ਸੰਦੂਕ, ਫ਼ੋਨ, ਰੇਡੀਉ, ਪੈੱਨ ਜਾਂ ਅਜੇਹੀ ਹੋਰ ਇਲੈਕਟ੍ਰੋਨਿਕ ਵਸਤੂ ਜੇ ਲਾਵਾਰਸ ਪਈ ਮਿਲੇ, ਉਸ ਨੂੰ ਹੱਥ ਨਹੀਂ ਲਗਾਉਣਾ...ਕੋਈ ਸ਼ੱਕੀ ਵਿਅਕਤੀ ਵੇਖੋ ਤਾਂ ਤੁਰੰਤ ਤੁਰੰਤ ਪੁਲਸ ਨੂੰ ਸੂਚਿਤ ਕਰੋ। ਮੋਟਾ ਕਰ ਕੇ ਤਾਜ਼ਾ ਲਿਖਿਆ ਹੋਇਆ ਸੀ।

ਸਟੇਸ਼ਨ ਮਾਸਟਰ ਆਪ ਘਬਰਾਏ ਡਹਿਲੇ ਪਏ ਕਿਸੇ ਸੰਦੇਸ਼ ਦੀ ਇੰਤਜ਼ਾਰ ਵਿਚ ਤਾਰ-ਫਿਰਕੀ ਤੇ ਹੱਥ ਟਿਕਾਈ ਬੈਠੇ ਸਨ। ਉਹ ਵੇਲੇ ਕੁਵੇਲੇ ਕੰਧਾਰੀ ਨੂੰ ਅੰਦਰ ਬਿਠਾ ਕੇ ਚਾਹ ਪਿਲਾਉਂਦੇ ਤੇ ਸਰਕਾਰੀ ਹੀਟਰ ਸੇਕਾਉਂਦੇ ਸਨ। ਖਾੜਕੂਆਂ ਦਾ ਵੀ ਦੂਵੱਲਾ ਡਰ ਸੀ, ਪਤਾ ਨਹੀਂ ਕਿਹੜਾ ਕਿਹੜੇ ਪਾਸਿਉਂ ਬੁੱਕਲ ਵਿਚੋਂ ਕੋਈ ਹੱਥ ਖੋਲ੍ਹ ਕੇ ਛਾਣਾ ਮਾਰ ਜਾਏ।

ਮੈਂ ਸਮਝ ਗਿਆ, ਅੱਜ ਇਸ ਦੇ ਪਕੜੇ ਜਾਣ ਅਤੇ ਸਵੇਰ ਦੀ ਸ਼ਾਨੇ ਪੰਜਾਬ ਵਿਚ ਬੰਬ ਹੋਣ ਦੀ ਅਫ਼ਵਾਹ ਇਹ ਸਾਰੀ ਬੇਤਰਤੀਬੀ ਦਾ ਕਾਰਨ ਹੈ।

'ਸਵੇਰੇ ਫਿਲੌਰ ਲੌਂਦੂਵਾਲ ਵਿਖੇ ਰੇਲ ਗੱਡੀ ਵਿਚ ਬੰਬ ਦੀ ਅਫ਼ਵਾਹ, ਕੱਲ੍ਹ ਅੰਬਾਲਾ ਨੇੜੇ ਰੇਲ ਦੇ ਡੱਬੇ ਪਟੜੀ ਤੋਂ ਉੱਤਰ ਗਏ, ਨਿਹੰਗ ਦੇ ਭੇਸ ਵਿਚ ਬਰਛਾ ਲਈ ਫਿਰਦਾ ਇਕ ਸ਼ੱਕੀ ਕਾਬੂ ਤੇ ਢਿੱਲਵਾਂ ਵਿਖੇ ਇੱਕ ਪਾਕਿਸਤਾਨੀ ਮੇਜਰ ਪਟਰੋਲ-ਪੰਪ ਤੇ ਤੇਲ ਪਵਾਉਂਦਾ ਸਿਕਿਉਰਿਟੀ ਅਧਿਕਾਰੀਆਂ ਦੇ ਅੜਿੱਕੇ ਦੀਆਂ ਖਬਰਾਂ ਕਾਰਨ ਸਾਰੇ ਹਾਹਾਕਾਰ ਮੱਚੀ ਪਈ ਸੀ। ਨਕਲੀ ਮੇਜਰ ਦੇ ਫੈਂਟਾ ਚੜ੍ਹਨ ਤੇ ਉਹ ਬਕ ਪਿਆ ਤੇ ਉਸ ਨੇ ਹੋਰ ਵੀ ਕਈ ਪੜਦੇ ਖੋਲ੍ਹ ਦਿੱਤੇ। ਉਸੇ ਦੀ ਸੂਹ ਤੇ ਕੰਧਾਰੀ ਦਾ ਵੀ ਮਖੌਟਾ ਨੰਗਾ ਹੋ ਗਿਆ ਤੇ ਉਹ ਦਬੋਚਿਆ ਗਿਆ। ਸਰਕਾਰ ਵੱਲੋਂ 'ਰੈੱਡ ਅਲਰਟ ਜਾਰੀ ਕਰ ਦਿੱਤਾ ਗਿਆ। ਮੁਸਾਫ਼ਰਾਂ ਨੂੰ ਸਾਵਧਾਨ ਰਹਿਣ ਲਈ ਬਾਰ ਬਾਰ ਘੋਸ਼ਣਾ ਕੀਤੀ ਜਾ ਰਹੀ ਸੀ। 'ਕਿੰਦਾਂ ਹੋਊ ਖੁਰਾਣਾ ਸਾਹਿਬ, ਇਹ ਗੜਬੜ ਤਾਂ ਜੰਗਲ ਦੀ ਅੱਗ ਵਾਂਗ ਵਧਦੀ ਹੀ ਜਾਂਦੀ ਹੈ.. ਰੁਕਣ ਵਿਚ ਹੀ ਨਹੀਂ ਆਉਂਦੀ। ਗਰਮਾ ਗਰਮ ਅਫ਼ਵਾਹਾਂ ਦੇ ਲਾਂਬੂ ਪੰਜਾਬ ਨੂੰ ਝੁਲਸੀ ਜਾ ਰਹੇ ਨੇ। ਹਿੰਦੂ ਸਿੱਖ ਭਾਈ ਭਾਈ ਇੱਕ ਦੂਸਰੇ ਦੇ ਖ਼ੂਨ ਪਿਆਸੇ ਪੰਜਾਬ ਦੇ ਮਿੱਠੇ ਪਾਣੀਆਂ ਵਿਚ ਜ਼ਹਿਰ ਮਿਲਾਉਣ ਦੀ ਤਾਕ ਵਿਚ ਹਨ। ਰੱਸੀ ਨੂੰ ਸੱਪ ਸਮਝਣ ਦੀ ਹਾਲਾਤ ਨੇ ਸ਼ਹਿਰੀਆਂ ਦੇ ਮਨ ਇੱਕ ਦੂਜੇ ਪ੍ਰਤੀ ਸ਼ੱਕ ਤੇ ਵਹਿਮ ਕੁੱਟ ਕੁੱਟ ਕੇ ਭਰ ਦਿੱਤਾ ਹੈ ਤੇ ਦੁੱਧ ਦੇ ਸੜੇ ਲੋਕ ਲੱਸੀ ਨੂੰ ਫੂਕਾਂ ਮਾਰ ਕੇ ਪਰਖ ਰਹੇ ਹਨ। ਧਰਮ ਧਰਮ ਦੇ ਦੁਸ਼ਮਣ ਬਣ ਗਏ ਸਨ।

ਸੰਤ ਰਾਮ ਨੇ ਹੱਥ ਮਿਲਾਉਂਦੇ ਮੇਰੇ ਮਨੋ-ਵਹਿਣ ਨੂੰ ਰੋਕ ਲਾ ਕੇ ਆਪਣੀ ਚਿੰਤਾ ਵੀ ਮੇਰੇ ਵੱਲ ਸੁੱਟ ਮਾਰੀ। ਮੈਨੂੰ ਉਸ ਨਾਲ ਬੀਤੀ ਕਹਾਣੀ ਦਾ ਪਤਾ ਹੈ। ਉਸ ਨੂੰ ਵੇਖ ਕੇ



ਮੇਰਾ ਚਿੱਤ ਪ੍ਰਸੰਨ ਹੋ ਗਿਆ। ਇਹ ਜੁਗਾੜੀ ਬੰਦਾ ਹੈ, ਹੁਣ ਔਖੇ ਸੌਖੇ ਘਰ ਪਹੁੰਚ।

'ਕੀ ਦੱਸਾਂ ਰਾਮ ਜੀ! ਮੈਂ ਵੀ ਤਾਂ ਤੜਕੇ ਸਵੇਰ ਦਾ ਘਰੋਂ ਨਿਕਲਿਆ ਬੰਬਾਂ ਬੰਦੂਕਾਂ ਦੇ ਸਹਿਮ ਥੱਲੇ ਹੀ ਕਾਰਗੁਜ਼ਾਰੀ ਨਿਭਾਈ ਜਾਂਦਾ ਹਾਂ। ਸਵੇਰੇ ਜਾਣ ਸਮੇਂ ਇੱਕ ਅਲੋਕਾਰ ਘਟਨਾ ਘਟ ਗਈ। ਗੱਡੀ ਵਿਚ ਬੰਬ ਹੋਣ ਕਾਰਨ ਉਨ੍ਹਾਂ ਗੱਡੀ ਲੌਂਦੂਵਾਲ ਲਾ ਦਿੱਤੀ। ਲੌਂਦੂਵਾਲ ਤੋਂ ਗੱਡੀ ਛੱਡ ਕੇ ਮੁਸ਼ਕਲ ਦਫ਼ਤਰ ਪਹੁੰਚ ਕੇ ਦਿਨ ਦੀ ਸਰਸਰੀ ਕਾਰਗੁਜ਼ਾਰੀ ਪੂਰੀ ਕੀਤੀ ਤੇ ਮੁੜਦੇ ਪੈਰੀਂ ਵਾਪਸ ਚੱਲ ਪਏ। ਕਈ ਬੱਸਾਂ ਕਾਰਾਂ ਟਰੱਕ ਬਦਲ ਕੇ ਇੱਥੇ ਤੱਕ ਪਹੁੰਚਣਾ ਨਸੀਬ ਹੋਇਆ। ਸਵੇਰ ਦੀ ਹੱਡਾਂ ਤੇ ਬੀਤੀ ਤ੍ਰਾਸਦੀ ਹੱਡ ਕੜਕਾ ਰਹੀ ਤੇ ਦਿਮਾਗ਼ ਟੁਣਕਾ ਰਹੀ ਹੈ। ਇੱਥੇ ਪਹੁੰਚ ਕੇ ਉਮੀਦ ਜਾਗੀ ਸੀ ਕਿ ਇੱਥੋਂ ਤਾਂ ਕੋਈ ਇੰਤਜ਼ਾਮ ਹੋ ਜਾਊ ਪਰ ਇੱਥੇ ਵੀ ਤਿੰਨ ਕਾਣੇ ਹੀ ਨਜ਼ਰ ਆ ਰਹੇ।

'ਇਹ ਤਾਂ ਸਾਡੀ ਜ਼ਿੰਦਗੀ ਦੇ ਰੋਜ਼ਾਨਾ ਅਭਿਆਸ ਹੋ ਗਏ ਨੇ, ਰੱਬ ਬਚਾਏ ਪੰਜਾਬ ਨੂੰ ਇਨ੍ਹਾਂ ਮਾੜੇ ਮਨਹੂਸ ਮਨਸੂਬਿਆਂ ਤੋਂ। ਉਸ ਨੇ ਬੇਪਰਵਾਹੀ ਜਿਹੀ ਵਿਚ ਕੁੱਝ ਸ਼ਬਦ ਉਚਾਰੇ ਤੇ ਕਿਸੇ ਗੱਡੀ ਦੀ ਬਿੜਕ ਲੈਣ ਲਈ ਬਿਆਸ ਪੁਲ ਵੱਲ ਨਜ਼ਰ ਦੁੜਾਉਂਦਾ ਉੱਧਰ ਹੋ ਗਿਆ।

ਸਟੇਸ਼ਨ ਮਾਸਟਰ ਨੂੰ ਅੰਮ੍ਰਿਤਸਰ ਜਾਣ ਵਾਲੀਆਂ ਗੱਡੀਆਂ ਦੀ ਟਾਈਮ ਟੇਬਲ ਬਾਰੇ ਪੁੱਛਿਆ ਗਿਆ ਤਾਂ ਉਹ ਟੁੱਟ ਕੇ ਪੈ ਗਿਆ।

'ਤੁਹਾਨੂੰ ਇੱਕ ਵੇਰਾਂ ਦੱਸਿਆ ਪਈ ਸ਼ਾਮ ਤੱਕ ਕਿਸੇ ਮੁਸਾਫ਼ਰ ਗੱਡੀ ਦੇ ਔਣ ਦੀ ਸੰਭਾਵਨਾ ਨਹੀਂ। ਉਹ ਪਹਿਲਾਂ ਹੀ ਅੱਕਿਆ ਪਿਆ ਸੀ। ਸਟੇਸ਼ਨ ਬਾਬੂ ਦੀ ਕਰਾਰੀ ਜਿਹੀ ਭਬਕ ਨੇ ਅਗਲੇ ਸਵਾਲਾਂ ਨੂੰ ਬੰਨ੍ਹ ਮਾਰ ਦਿੱਤਾ।

'ਮਾਰੇ ਗਏ ਅੱਜ!.. ਸੰਤ ਰਾਮ ਨੇ ਸਾਰਿਆਂ ਦੇ ਹਉਕਿਆਂ ਦੀ ਤਰਜਮਾਨੀ ਕਰਦਾ ਲੰਬਾ ਹਉਕਾ ਭਰਿਆ। ਸੰਤ ਰਾਮ ਰਿਟਾਇਰ ਹੋਣ ਕੰਢੇ ਹੈ ਤੇ ਕਪੂਰਥਲਾ ਵਿਖੇ ਖੇਤੀ ਅਫ਼ਸਰ ਵਜੋਂ ਤਾਇਨਾਤ ਹੈ। ਕੁੱਝ ਮਹੀਨੇ ਪਹਿਲਾਂ ਭਾਊ ਉਹਨੂੰ ਚੁੱਕ ਕੇ ਮੰਡ ਵਿਚ ਲੈ ਗਏ ਸਨ ਤੇ ਪੰਜਾਹ ਹਜਾਰ ਦੇ ਸੌਦੇ ਵਿਚ ਕੰਮ ਨਿੱਬੜਿਆ ਸੀ। ਪਿਛਲੇ ਕੁੱਝ ਅਰਸੇ ਵਿਚ ਖਾੜਕੂਆਂ ਵੱਲੋਂ ਕਈ ਗੱਡੀਆਂ ਬੱਸਾਂ ਅਗਵਾ ਕਰ ਕੇ ਲੁੱਟੀਆਂ ਗਈਆਂ ਸਨ। ਆਪਣੀ ਜਾਨ ਬਖ਼ਸ਼ੀ ਕਰਵਾ ਕੇ ਹੁਣ ਕੇਸ ਦਾੜ੍ਹੀ ਸਜਾ ਕੇ ਪੂਰੀ ਤਰ੍ਹਾਂ ਸਿੰਘ ਸਜ ਗਿਆ ਹੈ। ਮਹਿਕਮੇ ਵਾਲਿਆਂ ਦੀ ਉਸ ਨਾਲ ਹਮਦਰਦੀ ਹੈ। ਫ਼ੀਲਡ ਜਾਬ ਹੋਣ ਕਾਰਨ ਢਿੱਲਵਾਂ ਤੱਕ ਉਸ ਦੀ ਸਰਕਾਰੀ ਹਦੂਦ ਹੈ ਤੇ ਜੀਪ ਉਸ ਦਾ ਸਾਥ ਦਿੰਦੀ ਬਿਆਸ ਤੱਕ ਛੱਡ ਜਾਂਦੀ ਹੈ। ਉਹ ਵੀ ਹਰ ਰੋਜ਼ ਇੱਥੋਂ ਹੀ ਰੇਲ ਗੱਡੀ ਲੈ ਕੇ ਅੰਮ੍ਰਿਤਸਰ ਆਉਂਦਾ ਜਾਂਦਾ ਹੈ।

ਬਾਬੂ ਜੀ ਸਾਡੀ ਹਾਲਤ ਵੇਖ ਕੇ ਜਲੰਧਰ ਕੰਟਰੋਲ ਰੂਮ ਨੂੰ ਪੁੱਛਣ ਵਾਸਤੇ ਫ਼ੋਨ ਫਿਰਕੀ ਘੁਮਾਉਣ ਲੱਗੇ।

ਘੰਟੀ ਜਿਹੀ ਵੱਜੀ ਤੇ ਹੈਲੋ! ਦੀ ਉਧਰਲੀ ਆਵਾਜ਼ ਨਾਲ ਸਾਰਿਆਂ ਨੇ ਸਾਹ ਰੋਕ ਲਏ।

'ਕੋਈ ਗੱਡੀ ਨਹੀਂ ਐ ਭਰਾਓ! ਹੁਣ ਮਾਲ ਗੱਡੀ ਆ ਰਹੀ ਹੈ। ਉਧਰਲੀ ਆਵਾਜ਼ ਸੁਣ ਕੇ ਬਾਬੂ ਨੇ ਹਥਿਆਰ ਸੁੱਟ ਦਿੱਤੇ।

'ਚਲੋ ਸਜਣੋਂ! ਅੱਜ ਮਾਲ ਗੱਡੀ ਦੀ ਸਵਾਰੀ ਕਰ ਕੇ ਵੇਖ ਲਈਏ।

ਇੱਕ ਦੀ ਚੁਟਕੀ ਤਜਵੀਜ਼ ਨਾਲ ਸਭ ਦੇ ਉਦਾਸ ਹੋਏ ਚਿਹਰਿਆਂ ਤੇ ਕੁੱਝ ਰੌਣਕ ਪਰਤ ਆਈ।

'ਉਹ ਇੱਥੇ ਰੁਕਣੀ ਨਹੀਂ। ਬਾਬੂ ਦਾ ਖ਼ੁਸ਼ਕੀ ਭਰਿਆ ਕੋਰਾ ਜੁਆਬ ਭਾਰੇ ਪੱਥਰ ਵਾਂਗ ਮੁਸਾਫ਼ਰਾਂ ਦੇ ਸੀਨੇ ਦਰੜ ਗਿਆ।

'ਤੁਸੀਂ ਮਿਹਰਬਾਨੀ ਕਰ ਕੇ ਕੋਈ ਉਪਰਾਲਾ ਕਰੋ ਕਿ ਕਿਸੇ ਤਰ੍ਹਾਂ ਗੱਡੀ ਇੱਥੇ ਹੌਲੀ ਹੋ ਜਾਏ... ਭਾਵੇਂ ਖੜ੍ਹੀ ਨਾ ਹੋਵੇ।.. ਫਿਰ ਅਸੀਂ ਆਪੇ ਨਜਿੱਠ ਲਵਾਂਗੇ। ਫੂਡ ਕਾਰਪੋਰੇਸ਼ਨ ਦੇ ਰੋਜ਼ਾਨਾ ਯਾਤਰੀ ਤੇ ਸਕੂਲ ਮਾਸਟਰਾਂ ਦਾ ਉਹ ਵਾਕਫ਼ ਹੀ ਨਹੀਂ ਸਗੋਂ ਹਮ-ਪਿਆਲਾ ਵੀ ਸੀ, ਵਿਚੋਂ ਕਿਸੇ ਨੇ ਤਰਲਾ ਕੀਤਾ।

'ਮੇਰੀ ਨੌਕਰੀ ਨੂੰ ਖ਼ਤਰਾ ਪੈਦਾ ਹੋ ਜਾਏਗਾ ਪਰ ਤੁਸੀਂ ਵੀ ਆਪਣੇ ਸਾਂਢੂ ਹੋ.. ਦੇਖੋ! ਕੋਸ਼ਿਸ਼ ਕਰ ਵੇਖਦੇ ਹਾਂ। ਉਹ ਕੁੱਝ ਤਰਲ ਹੋ ਗਿਆ।

ਟਰੇਨ ਨੂੰ ਉਸ ਨੇ 'ਹਰਾ ਯਾਨੀ ਕਿ ਨਾਨ-ਸਟਾਪ ਸਿਗਨਲ ਦੇ ਦਿੱਤਾ ਤੇ ਸਾਨੂੰ ਕਿਹਾ,

'ਚਿੰਤਾ ਨਾ ਕਰੋ ਗੱਡੀ ਜ਼ਰੂਰ ਰੁਕੇਗੀ।

ਉਹ ਝੰਡੀਆਂ ਲੈ ਕੇ ਪਲੇਟਫ਼ਾਰਮ ਤੇ ਨਕਲ ਆਇਆ। ਦੂਰੋਂ ਧੀਮੀ ਜਿਹੀ ਰਫ਼ਤਾਰ ਨਾਲ ਕੋਈ ਗੱਡੀ ਸੀਟੀਆਂ ਮਾਰਦੀ ਆ ਰਹੀ ਸੀ। ਉਹ ਉੱਚੇ ਹੱਥ ਕਰ ਕੇ ਗੱਡੀ ਵੱਲ ਨੂੰ ਕਾਹਲੇ ਕਦਮੀਂ ਹੋਇਆ ਤੇ ਖ਼ਤਰੇ ਦਾ ਨਿਸ਼ਾਨ, ਲਾਲ ਝੰਡੀ ਸਾਹਮਣੇ ਕਰ ਦਿੱਤੀ। ਫਿਰ ਇਕਦਮ ਉਸ ਨੇ ਪੈਂਤੜਾ ਬਦਲ ਲਿਆ ਤੇ ਹਰੀ ਝੰਡੀ ਮੂਹਰੇ ਕਰ ਦਿੱਤੀ। ਇਹ ਪਥ-ਪ੍ਰਦਰਸ਼ਕ ਇੰਜਨ ਸੀ ਜੋ ਲੁਧਿਆਣੇ-ਅੰਮ੍ਰਿਤਸਰ ਵਿਚਕਾਰ ਹਰ ਗੱਡੀ ਤੋਂ ਪਹਿਲਾਂ ਰੇਲ ਪਟੜੀ ਦੀ ਟੋਹਾ-ਟਾਹੀ ਵਾਸਤੇ ਚਲਾਇਆ ਜਾਂਦਾ ਸੀ। ਰੇਲਵੇ ਲਾਈਨ ਤੇ ਕਈ ਥਾਈਂ ਫ਼ਿਸ਼-ਪਲੇਟਾਂ ਉੱਖੜੀਆਂ ਵੇਖ ਕੇ ਹੋਰ ਤੋੜ-ਫੋੜ ਦੇ ਡਰੋਂ ਇਹ ਸਿਲਸਿਲਾ ਸ਼ੁਰੂ ਕੀਤਾ ਗਿਆ ਸੀ। ਰੇਲਵੇ ਲਾਈਨ ਦੇ ਨੇੜਲੇ ਪਿੰਡਾਂ ਦੇ ਲੋਕਾਂ ਨੂੰ ਪਟੜੀ ਦੀ ਰਾਖੀ ਲਈ ਜ਼ਿੰਮੇਵਾਰੀ ਸੌਂਪੀ ਗਈ ਸੀ ਤੇ ਇਸ ਨੂੰ ਨਿਭਾਉਣ ਵਾਸਤੇ ਠੀਕਰੀ ਪਹਿਰੇ ਲਗਾਏ ਜਾਂਦੇ ਸਨ।

ਪਥ-ਪ੍ਰਦਰਸ਼ਕ ਦੇ ਪਿੱਛੇ ਝਬਦੇ ਹੀ ਕੋਈ ਮਿਲਟਰੀ-ਸਪੈਸ਼ਲ ਨਾਨ-ਸਟਾਪ ਟਰੇਨ ਪਲੇਟਫ਼ਾਰਮ ਤੇ ਧੂੜ ਉਡਾਉਂਦੀ ਹੂੰਝਾ ਫੇਰਦੀ ਆਈ। ਬਾਬੂ ਨੇ ਸਾਡੇ ਤੇ ਅਹਿਸਾਨ ਚੜ੍ਹਾਉਣ ਖ਼ਾਤਰ ਲਾਲ ਝੰਡੀ ਦਿਖਾਉਂਦੇ ਦਿਖਾਉਂਦੇ ਇਕਦਮ ਹਰੀ ਝੰਡੀ ਉੱਚੀ ਕਰ ਦਿੱਤੀ। ਗੱਡੀ ਆਪਣੀ ਚਾਲੇ ਨਿਕਲ ਗਈ। ਪਿੱਛੇ ਮੁੜ ਕੇ ਉਸ ਨੇ ਮੱਥੇ ਤੇ ਪਸੀਨੇ ਦੀਆਂ ਉੱਭਰ ਆਈਆਂ ਬੂੰਦਾਂ ਸੱਜੇ ਹੱਥ ਦੀ ਉਂਗਲ ਨਾਲ ਸਾਫ਼ ਕੀਤੀਆਂ।

'ਲੋਹੜਾ ਵੱਜਣ ਲੱਗਾ ਸੀ! ਮੈਨੂੰ ਤੇ ਹੁਣੇ ਉਨ੍ਹਾਂ ਨਾਲ ਹੀ ਬਿਠਾ ਲੈਣਾ ਸੀ ਤੇ ਬੱਕਰੇ ਵਾਂਗ ਝਟਕਾਉਣਾ ਸੀ.. ਜਾਂ ਘਰ ਦਾ ਰਸਤਾ ਵਿਖਾ ਦੇਣਾ ਸੀ। ਉਸ ਨੇ ਝੂਠਾ ਜਿਹਾ ਹੱਸਣ ਦੀ ਕੋਸ਼ਿਸ਼ ਕੀਤੀ।

ਪੰਜ ਸੱਤ ਮਿੰਟ ਵਿਚ ਇਹ ਗੱਡੀ ਬੁਟਾਰੀ ਸਟੇਸ਼ਨ ਟੱਪ ਗਈ।

'ਕੋਈ ਕਾਰ ਟੈਕਸੀ ਮਿਲ ਜਾਏ ਤਾਂ ਘਰੋ ਘਰੀਂ ਪੁੱਜਣ ਦਾ ਪ੍ਰਬੰਧ ਹੋ ਜਾਏ, ਰੁਪੈ ਭਾਵੇਂ ਸੌ ਸੌ ਲੱਗ ਜਾਣ।

ਇੱਕ ਸ਼ਰੀਫ਼ਜ਼ਾਦੇ ਦੀ ਸਲਾਹ ਨਾਲ ਸਾਰਿਆਂ ਨੇ ਸਹਿਮਤੀ ਵਿਚ ਸਿਰ ਹਿਲਾਏ।



ਅੰਮ੍ਰਿਤਸਰ ਜਾਣ ਵਾਲੇ ਸਾਰੇ ਮੁਸਾਫ਼ਰ ਇਕੱਠੇ ਹੋ ਗਏ।

'ਏਨੀ ਨਾਕਸ ਹਾਲਤ ਦਾ ਪਤਾ ਹੁੰਦਾ ਤਾਂ ਆਪਣੀ ਸਰਕਾਰੀ ਜੀਪ ਹੀ ਅੰਮ੍ਰਿਤਸਰ ਲੈ ਜਾਂਦੇ।'

ਸੰਤ ਰਾਮ ਹੋਰਾਂ ਨੂੰ ਝੂਠਾ ਦਿਲਾਸਾ ਦੇ ਰਿਹਾ ਸੀ। ਉਸ ਦਾ ਆਪਣਾ ਚਿਹਰਾ ਵੀ ਮਸੋਸਿਆ ਉੱਖੜਿਆ ਪਿਆ ਸੀ।

ਟਨ ਟਨ ਘੰਟੀ ਦੀ ਆਵਾਜ਼ ਨਾਲ ਤਾਰ ਬਾਬੂ ਫੇਰ ਅੰਦਰ ਦੌੜਿਆ ਤੇ ਨਾਲ ਹੀ ਸਾਰਾ ਹਜੂਮ ਉਸ ਦੇ ਪਿੱਛੇ ਅੰਦਰ ਧੁੱਸ ਗਿਆ। ਬਾਬੂ ਦੇ ਬੇਲਦਾਰ ਨੇ ਦਰਵਾਜ਼ੇ ਅੱਗੇ ਖੜੋ ਕੇ ਅੰਦਰ ਜਾਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਪਰ ਯਾਤਰੂਆਂ ਦਾ ਲੜਾਕਾਪਣ ਭਾਂਪ ਕੇ ਪਿੱਛੇ ਹਟ ਗਿਆ। ਪਲੇਟਫ਼ਾਰਮ ਤੇ ਫਿਰਦੇ ਪੁਲਸੀਏ ਵੀ ਮੁਸਾਫ਼ਰਾਂ ਦੀਆਂ ਹਰਕਤਾਂ ਤਾੜ ਕੇ ਬਾਬੂ ਦੇ ਦਰਵਾਜ਼ੇ ਤੇ ਡੰਡੇ ਖੜਕਾਉਂਦੇ ਪਹੁੰਚ ਗਏ।

'ਹੁਣ ਠੀਕ ਹੀ ਮਾਲ ਗੱਡੀ ਆ ਰਹੀ ਹੈ ਪਰ ਇਹ ਇੱਥੇ ਨਹੀਂ ਰੁਕਣੀ। ਤਾਰ ਬਾਬੂ ਨੇ ਪੁਸ਼ਟੀ ਕੀਤੀ।

ਮਾਲ ਗੱਡੀ ਨੇ ਪਹਿਲਾਂ ਕਈ ਝਕਾਨੀਆਂ ਦਿੱਤੀਆਂ ਸਨ ਇਸ ਲਈ ਇਹ ਬੇਯਕੀਨੀ ਹੋ ਗਈ ਸੀ। ਬਾਬੂ ਨੇ ਕੋਰੀ ਨਾਂਹ ਵਿਚ ਹੱਥ ਹਿਲਾਉਂਦੇ ਜਿਵੇਂ ਮੁਸਾਫ਼ਰਾਂ ਦੇ ਕਾਲਜੇ ਹੱਥ ਪਾ ਲਿਆ।

ਹੁਣ ਉਸ ਤੇ ਜ਼ੋਰ ਪਾਉਣ ਦਾ ਕਿਸੇ ਨੇ ਹੀਆ ਨਹੀਂ ਕੀਤਾ। ਬਿਆਸ ਪੁਲ਼ ਤੇ ਖੜੱਪ ਖੜੱਪ ਕਰਦੀ ਆਉਂਦੀ ਗੱਡੀ ਵੱਲ ਭੁੱਖੀਆਂ ਗਿਰਝਾਂ ਵਾਂਗ ਝਾਕਦੇ ਮੁਸਾਫ਼ਰ ਪਲੇਟਫ਼ਾਰਮ ਤੇ ਨਿਕਲ ਆਏ। ਬੜੀ ਨਿਮਰਤਾ ਸਹਿਤ ਭੀਖ ਮੰਗਦੀ ਰਹਿਮ ਦੀ ਅਪੀਲ ਕਰਦੇ ਬਹੁਤ ਸਾਰੇ ਹੱਥ ਉੱਚੇ ਹੋਏ ਤੇ ਇੰਜਨ ਵੱਲ ਹਿੱਲਣ ਲੱਗੇ। ਗੱਡੀ ਹੌਲੀ ਹੌਲੀ ਸਟੇਸ਼ਨ ਯਾਰਡ ਅੰਦਰ ਪਹੁੰਚ ਗਈ। ਡਰਾਈਵਰ ਨੇ ਹੱਥ ਦੇ ਇਸ਼ਾਰੇ ਨਾਲ ਸਭ ਦਾ ਹੁੰਗਾਰਾ ਦਿੱਤਾ ਤੇ ਵੇਖਦੇ ਵੇਖਦੇ ਇੰਜਨ ਅੱਗੇ ਲੰਘ ਗਿਆ।

'ਠਹਿਰੋ! ਠਹਿਰੋ! ਸਾਨੂੰ ਲੈ ਚੱਲੋ..। ਖੜ੍ਹੀਆਂ ਸਵਾਰੀਆਂ ਨੇ ਇੰਜਨ ਡਰਾਈਵਰ ਵੱਲ ਹੱਥ ਜੋੜੇ।

ਗੱਡੀ ਹੋਰ ਤੇਜ਼ ਨਹੀਂ ਹੋਈ ਸਗੋਂ ਹੌਲੀ ਹੁੰਦੀ ਹੁੰਦੀ ਬਰੇਕਾਂ ਮਾਰਦੀ ਰੁਕ ਗਈ। ਸਾਰੇ ਡੱਬਿਆਂ ਨੂੰ ਤਾਲੇ ਤੇ ਸੀਲਾਂ ਲੱਗੀਆਂ ਹੋਈਆਂ ਸਨ। ਕੁੱਝ ਪਸ਼ੂਆਂ ਵਾਲੀਆਂ ਬੋਗੀਆਂ ਦੇ ਦਰਵਾਜ਼ੇ ਭੇੜ ਕੇ ਜਾਲੀਦਾਰ ਪੜਦੇ ਲਗਾਏ ਹੋਏ ਸਨ। ਮੁਸਾਫ਼ਰਾਂ ਵਾਸਤੇ ਸਿਰਫ਼ ਗਾਰਡ ਦਾ ਹੀ ਇਕ ਡੱਬਾ ਸੀ ਜਾਂ ਇਕ ਅਧੀਆ ਜਿਹਾ ਪੁਲਸ ਗਾਰਦ ਦਾ ਸੀ। ਸਾਰੇ ਯਾਤਰੀ ਪਿੱਛੇ ਦੌੜਦੇ ਗਾਰਡ ਕੈਬਿਨ ਕੋਲ ਪਹੁੰਚ ਗਏ। ਉਸ ਨੇ ਦੂਰੋਂ ਹੀ ਕੱਟੇ ਵਾਂਗ ਸਿਰ ਹਿਲਾ ਕੇ ਸਭ ਦੀਆਂ ਆਸਾਂ ਚਕਨਾਚੂਰ ਕਰ ਦਿੱਤੀਆਂ।

'ਜਨਾਬ ਇਹ ਚੜ੍ਹਾਊ ਗੱਡੀ ਨਹੀਂ, ਮਾਲ-ਡੰਗਰ ਵਾਲੀ ਗੱਡੀ ਹੈ।

'ਸ਼ਰਮਾ ਜੀ ਅੱਜ ਸਾਨੂੰ ਡੰਗਰ ਹੀ ਸਮਝ ਲਓ, ਲੋੜ ਵੇਲੇ ਗਧੇ ਨੂੰ ਵੀ ਬਾਪ ਬਣਾਉਣਾ ਪੈਂਦਾ ਹੈ। ਅੱਧਾ ਪੌਣਾ ਘੰਟਾ ਸਾਨੂੰ ਮਾਲ-ਡੰਗਰ ਪਸ਼ੂ-ਢਾਂਡਾ ਬਣਨ ਦਾ ਤਜਰਬਾ ਕਰ ਕੇ ਵੇਖ ਲੈਣ ਦਿਓ। ਮੈਂ ਕੁੱਝ ਗ਼ਲਤ ਕਹਿ ਬੈਠਾ ਸਾਂ ਮੈਨੂੰ ਭਚੱਤਰੀ ਜਿਹੀ ਲੱਗ ਗਈ ਪਰ ਸ਼ੁਕਰ! ਉਨ੍ਹਾਂ ਸ਼ਾਇਦ ਨੋਟ ਨਹੀਂ ਕੀਤੀ।

'ਓ ਮੇਰੇ ਵੀਰੇ! ਮੇਰੇ ਛੋਟੇ ਛੋਟੇ ਬਾਲ ਬੱਚੇ ਕੌਣ ਪਾਲੂ? ਉਨ੍ਹਾਂ ਅਗਲਿਆਂ ਨੇ ਚਾਰਜਸ਼ੀਟ ਤੋਂ ਬਿਨਾ ਹੀ ਬੋਰੀਆ ਬਿਸਤਰਾ ਬੰਨ੍ਹਾਂ ਦੇਣਾ ਮੇਰਾ। ਬਾਬੂ ਨੇ ਆਪਣੀ ਮਜਬੂਰੀ ਪ੍ਰਗਟਾਈ।

ਉਸ ਦਾ ਕਾਂਟੇਦਾਰ ਟੋਟਕਾ ਝੋਲੀ ਪੁਆ ਕੇ ਵਿਚਕਾਰ ਜਿਹੇ ਪੁਲਸ-ਗਾਰਦ ਦੇ ਡੱਬੇ ਵੱਲ ਨੂੰ ਦੌੜੇ, ਸ਼ਾਇਦ ਉਨ੍ਹਾਂ ਵਿਚੋਂ ਕੋਈ ਸਖ਼ੀ ਮੰਨ ਜਾਵੇ।

'ਬੱਚਿਆਂ ਵਾਲ਼ਿਓਂ! ਜਮਾਦਾਰ ਜਨਾਬ ਜੀ! ਅੱਜ ਮਿਹਰਬਾਨੀ ਕਰ ਦਿਓ। ਅਸੀਂ ਜ਼ਿੰਮੇਵਾਰ ਸਰਕਾਰੀ ਮੁਲਾਜ਼ਮ ਹਾਂ। ਸਾਰਿਆਂ ਨੇ ਬਾਬੇ ਦੀ ਨਗਰੀ ਜਾਣਾ ਹੈ... ਹੋਰ ਕੋਈ ਹੀਲਾ-ਵਸੀਲਾ ਨਹੀਂ ਬਣਦਾ। ਰਾਤ ਤੱਕ ਕੋਈ ਗੱਡੀ ਨਹੀਂ ਆਉਣੀ। ਗਾਰਡ ਕਹਿੰਦਾ ਤੁਹਾਨੂੰ ਪੁੱਛ ਵੇਖੀਏ। ਅਦਨੇ ਜਿਹੇ ਇੱਕ ਸਾਊ ਜ਼ਰੂਰਤਮੰਦ ਨੇ ਅੱਗੇ ਲੱਗ ਕੇ ਮਰਾਸੀਆਂ ਵਰਗੇ ਕਲਿਆਣ ਵਿਚ ਗੁਹਾਰ ਲਗਾਈ।

'ਤੁਸੀਂ ਸਾਰੇ ਪੜ੍ਹੇ ਲਿਖੇ ਬੁੱਧੀਮਾਨ ਹੋ। ਗੱਡੀ ਦਾ ਅਸਲੀ ਨਿਗਰਾਨ ਤਾਂ ਗਾਰਡ ਹੀ ਹੈ ਤੇ ਜੇ ਉਹਨੇ ਤੁਹਾਨੂੰ ਸਾਡੇ ਵੱਲ ਤੋਰ ਦਿੱਤਾ ਹੈ ਤਾਂ ਆਪੇ ਹੀ ਸੋਚੋ ਇਸ ਦਾ ਕੀ ਮਤਲਬ ਹੈ। ਉਹਨੇ ਤੁਹਾਨੂੰ ਟਰਕਾਈ ਲਾ ਦਿੱਤੀ ਹੈ। ਮੇਰੀ ਤੁਹਾਡੇ ਨਾਲ ਹਮਦਰਦੀ ਹੈ.. ਸਾਡੇ ਮੁਲਾਜ਼ਮ ਭਰਾ ਹੋ, ਪਰ ਉਹਨੇ ਅੰਬਰਸਰ ਜਾਂਦਿਆਂ ਹੀ ਸਾਡੀ ਸ਼ਿਕਾਇਤ ਲਾ ਦੇਣੀ ਆ ਕਿ ਇਨ੍ਹਾਂ ਪੈਸੇ ਲੈ ਕੇ ਬੰਦੇ ਚੜ੍ਹਾ ਲਿਆਂਦੇ ਨੇ।

'ਅਸੀਂ ਪੈਸੇ ਦੇਣ ਨੂੰ ਤਿਆਰ ਹਾਂ ਮੋਤੀਆਂ ਵਾਲ਼ਿਓਂ! ਅੱਜ ਸਾਡੀ ਜਾਨ ਬਚਾ ਲਓ। ਸਾਨੂੰ ਸਰਕਾਰੀ ਅਫ਼ਸਰ ਨਾ ਸਮਝੋ, ਅੱਜ ਆਪਣੀ ਮੁਰਗੀ ਹੀ ਸਮਝ ਲਓ... ਸਾਡੇ ਬੱਚੇ ਘਰ ਸਾਨੂੰ ਉਡੀਕ ਰਹੇ ਨੇ।

ਪੈਸਿਆਂ ਦੇ ਨਾਂ ਨੂੰ ਉਨ੍ਹਾਂ ਨੇ ਕੰਨ ਉੱਚੇ ਕੀਤੇ ਤੇ ਸਾਨੂੰ ਵੀ ਕੁੱਝ ਉਮੀਦ ਜਾਗ ਪਈ। ਰੁਟੀਨ ਦੇ ਸਫ਼ਰ ਦੌਰਾਨ ਇਹ ਗਾਰਦ ਪੈਸੇ ਖ਼ਰਚਣ ਵਾਲੇ ਯਾਤਰੀਆਂ ਨੂੰ ਪਹਿਲੇ ਦਰਜੇ ਦੇ ਡੱਬਿਆਂ ਵਿਚ ਚੜ੍ਹਾ ਕੇ ਨੇਕਨਾਮੀ ਖੱਟਦੇ ਮੈਂ ਕਈ ਵੇਰਾਂ ਵੇਖੇ ਸੁਣੇ ਹਨ। ਬਹੁਤੀ ਵੇਰਾਂ ਇਹ ਭੀੜ-ਭੜੱਕੇ ਵਾਲੀ ਗੱਡੀ ਵਿਚ ਆਪਣੇ ਵਾਸਤੇ ਰਾਖਵੀਂਆਂ ਰੱਖੀਆਂ ਸੀਟਾਂ ਤੇ ਵਾਧੂ ਪੈਸੇ ਲੈ ਕੇ ਯਾਤਰੀਆਂ ਨੂੰ ਬਿਠਾ ਕੇ ਅਹਿਸਾਨ ਜਤਾਉਂਦੇ ਉਨ੍ਹਾਂ ਦੀ ਮਦਦ ਕਰ ਦਿੰਦੇ। ਅੱਜ ਮਾਲ ਗੱਡੀ ਵਿਚ ਉਨ੍ਹਾਂ ਦੇ ਨਾਲ ਸੀ. ਆਰ. ਪੀ. ਐਫ਼. ਦੀ ਡਿਊਟੀ ਅਸਾਧਾਰਨ ਹਾਲਤਾਂ ਦੀ ਸੂਚਕ ਸੀ। ਉਹ ਮੱਥੇ ਤੇ ਨਾਂਹ-ਵਾਚਕ ਬੈਨਰ ਲਟਕਾ ਕੇ ਨੈਗੇਟਿਵ ਹੱਥ ਹਿਲਾ ਰਹੇ ਸਨ। ਸਾਡੀ ਮਦਦ ਵਾਸਤੇ ਉਨ੍ਹਾਂ ਦੇ ਮਨ ਅੰਦਰ ਕੁੱਝ ਕੁੱਝ ਸਹਿਮਤੀ ਜ਼ਾਹਿਰ ਹੋਈ। ਏਦਾਂ ਪ੍ਰਤੀਤ ਹੁੰਦਾ ਸੀ ਕਿ ਉਹ ਆਪਣੀਆਂ ਅਸਾਮੀਆਂ ਪੱਕੀਆਂ ਕਰਨ ਲਈ ਹੋਰ ਭਾਰਾਂ ਤੇ ਪੈਂਦੇ ਉਨ੍ਹਾਂ ਨੂੰ ਝਟਕਾਉਣ ਦਾ ਡਰਾਮਾ ਖੇਲ੍ਹ ਰਹੇ ਸਨ। ਆਪਣੀ ਅੜੀ ਦੀ ਪ੍ਰੋੜ੍ਹਤਾ ਵਾਸਤੇ ਉਹ ਥੱਲੇ ਉੱਤਰ ਕੇ ਤਰਲੇ ਕਰਦੀਆਂ ਸਵਾਰੀਆਂ ਵੱਲ ਤੇਲੇ ਭੰਗਾਰਦੇ ਝਾਕਣ ਲੱਗੇ।

'ਨਹੀਂ ਸੌਰੀ! ਅਸੀਂ ਨਹੀਂ ਚੜ੍ਹਾ ਸਕਦੇ... ਡਰੈਵਰ ਨੂੰ ਪੁੱਛ ਵੇਖੋ।

ਥਾਣੇਦਾਰ ਇੰਚਾਰਜ ਨੇ ਪਿੱਛੇ ਗਾਰਡ ਵੱਲ ਸੁਆਲੀਆ ਨਜ਼ਰਾਂ ਮਿਲਾਉਂਦੇ ਅੱਗੇ ਵੱਲ ਨੂੰ ਇਸ਼ਾਰਾ ਕੀਤਾ। ਉਨ੍ਹਾਂ ਦੇ ਤੋੜ-ਵਿਛੋੜੀ ਵਾਲੇ ਖਰ੍ਹਵੇ ਜਿਹੇ ਬੋਲਾਂ ਨੇ ਪੁੰਗਰੀਆਂ ਉਮੀਦਾਂ ਤੇ ਗੜੇਮਾਰ ਕਰ ਦਿੱਤੀ।



ਗੱਡੀ ਦੇ ਅਹਿਲਕਾਰਾਂ ਤੱਕ ਸਾਰੇ ਦਾਅ-ਪੇਚ ਫ਼ੇਲ੍ਹ ਹੁੰਦੇ ਵੇਖ ਕੇ ਵਿਚਾਰੇ ਚੜ੍ਹਾਊ ਅੱਗੇ ਵੱਲ ਦੌੜ ਕੇ ਇੰਜਨ ਡਰਾਈਵਰ ਕੋਲ ਪਹੁੰਚੇ। ਡਰਾਈਵਰ ਨੇ ਵੀ ਤਰਫ਼ਦਾਰੀ.. ਉਲਟ-ਸੁਭਾਵੀ ਸੰਕੇਤ ਦੇ ਦਿੱਤਾ।

ਬੱਗੀ ਦਾੜ੍ਹੀ ਵਾਲੇ ਬਜ਼ੁਰਗ ਸੰਤ ਰਾਮ ਦੀ ਸ਼ਖ਼ਸੀਅਤ ਦਾ ਲਿਹਾਜ਼ ਕਰ ਕੇ ਉਨ੍ਹਾਂ ਉਸ ਨੂੰ ਅਛੋਪਲ਼ੇ ਜਿਹੇ ਸੈਨਤ ਮਾਰ ਲਈ। ਉਹ ਝਟਪਟ ਉੱਪਰ ਚੜ੍ਹ ਕੇ ਅੰਦਰ ਵੜ ਗਿਆ। ਪਿੱਛੋਂ ਗਾਰਡ ਨੇ ਲੰਬੀ ਵਿਸਲ ਵਜਾ ਕੇ ਗੱਡੀ ਨੂੰ ਚੱਲਣ ਦਾ ਹੁਕਮ ਦੇ ਦਿੱਤਾ। ਇੰਜਣ-ਚਾਲਕ ਨੇ ਅੰਦਰ ਮੁੜ ਕੇ ਲੀਵਰ ਨੱਪਿਆ ਤੇ ਗੱਡੀ ਝਟਕਾ ਜਿਹਾ ਮਾਰ ਕੇ ਹਿੱਲ ਪਈ। ਦੂਸਰੇ ਮੁਸਾਫ਼ਰ ਹੱਥ ਜੋੜਦੇ ਨਜ਼ਰਸਾਨੀ ਕਰਦੇ ਇੰਜਨ ਦੇ ਨਾਲ ਨਾਲ ਚੱਲਣ ਲੱਗੇ। ਇੰਜਨ ਦੇ ਦੋ ਤਿੰਨ ਸਹਾਇਕ ਖਲਾਸੀ ਰਾਹ ਵਿਚ ਅੜਿੱਕਾ ਡਾਹ ਕੇ ਖੜ੍ਹੇ ਗਏ। ਉਨ੍ਹਾਂ ਨੂੰ ਪਤਾ ਸੀ ਕਿ ਇਹ ਸਮੇਂ ਦੇ ਅੱਕੇ-ਧੱਕੇ ਲੋਕ ਕੁੱਝ ਵੀ ਜ਼ੋਰਾ-ਜਬਰੀ ਕਰਨ ਨੂੰ ਤਿਆਰ ਹੋਣਗੇ।

ਇੱਕ ਨੌਜੁਆਨ ਸਰਦਾਰ ਨੇ ਸਪੀਡ ਫੜੀ ਜਾਂਦੇ ਇੰਜਨ ਦੇ ਪਾਏਦਾਨ ਤੇ ਪੈਰ ਰੱਖਿਆ ਤੇ ਦੂਜੇ ਵੀ ਸਾਰੇ ਵੇਖਦੇ ਵੇਖਦੇ ਉੱਪਰ ਚੜ੍ਹ ਗਏ। ਉਸ ਅਣਜਾਣ ਜਿਹੇ ਸਰਦਾਰ ਦੀ ਸ਼ਕਲ ਸੂਰਤ ਤੇ ਕੱਦ-ਕਾਠ ਵੱਡੇ ਭਾਊਆਂ ਨਾਲ ਬਰਾਬਰ ਮਿਲਦੀ ਸੀ। ਉਸ ਦੀ ਰੋਹਬਦਾਰ ਸ਼ਖ਼ਸੀਅਤ ਦੀ ਇਬਾਰਤ ਪੜ੍ਹ ਕੇ ਅੜਿੱਕੇਦਾਰ ਮੂੰਹ ਮਰੋੜਦੇ ਪਿੱਛੇ ਹਟ ਗਏ।

'ਤੂੰ ਖਲੋਣ ਦੀ ਜਗ੍ਹਾ ਦੇਹ, ਬਹਿਣ ਦੀ ਅਸੀਂ ਆਪੇ ਬਣਾ ਲਵਾਂਗੇ। ਬਾਕੀ ਦੇ ਹੋਰ ਚਾਰ ਪੰਜ ਸਵਾਰ ਵੀ ਅੰਦਰ ਘੁੱਸ ਗਏ।

ਜਿਨ੍ਹਾਂ ਨੂੰ ਮੇਰੇ ਸਮੇਤ ਅੰਦਰ ਖਲੋਣ ਦੀ ਜਗ੍ਹਾ ਨਹੀਂ ਮਿਲੀ, ਉਹ ਇੰਜਨ ਦੇ ਚੁਗਿਰਦੇ ਵਾਧਰੇ ਤੇ ਖੜ੍ਹੇ ਕੇ ਆਪਣੀ ਜਾਨ ਨੂੰ ਰੋਣ ਲੱਗੇ। ਇੰਜਨ ਦਾ ਧੂੰਆਂ ਤੇ ਉੱਪਰੋਂ ਕਿਰਦੀ ਕੋਇਲੇ ਦੀ ਕਿਰਕ ਅੱਖਾਂ ਚੁੰਧਿਆ ਰਹੀ ਸੀ। ਡਰਾਈਵਰ ਇੰਜਨ ਨੂੰ ਜਰਾ ਜਿੰਨੀ ਰੇਸ ਦਿੰਦਾ ਤਾਂ ਧੂੰਏਂ ਵਾਲੇ ਮਘੋਰੇ ਵਿਚੋਂ ਧੂੰ ਦੇ ਫਰਾਟੇ ਨਾਲ ਕੇਰੀ ਦੀ ਵਰਖਾ ਤੇਜ਼ ਹੋਣ ਲਗਦੀ। ਪਹਿਲੇ ਹੱਲੇ ਹੀ ਉੱਡਦੀ ਕਿਰਕ ਦੇ ਕਿਣਕੇ ਮੇਰੇ ਕੋਇਆਂ ਵਿਚਦੀ ਲਹਿ ਕੇ ਅੱਖਾਂ ਚੁੰਧਿਆ ਗਏ। ਛੱਪਰ ਮਲਣ ਕਾਰਨ ਰੜਕ ਨੇ ਅੱਖਾਂ ਵਿਚੋਂ ਮੂਸਲਾਧਾਰ ਮੀਂਹ ਬਰਸਾ ਦਿੱਤਾ। ਇੰਜਨ ਦੇ ਹੱਥ ਪਾਉਣ ਨੂੰ ਕੋਈ ਓਟ ਨਹੀਂ ਸੀ। ਜਿੱਥੇ ਵੀ ਹੱਥ ਲਾਓ ਕਾਲੋਂ ਹੀ ਕਾਲੋਂ ਸੀ ਤੇ ਪਲਾਂ ਵਿਚ ਹੀ ਸਾਰੇ ਸੂਟ ਕੱਪੜੇ ਜਿਵੇਂ ਕੋਇਲੇ ਦੀ ਖਾਣ ਵਿਚੋਂ ਨਿਕਲ ਕੇ ਆਏ ਹੋਈਏ, ਕਾਲੇ ਹੋ ਗਏ। ਠੰਢੀ ਠੰਢੀ ਬੇਰੋਕ ਤੇਜ਼ ਹਵਾ ਹੱਡਾਂ ਨੂੰ ਚੀਰਦੀ ਜਾ ਰਹੀ ਸੀ। ਬਾਹਰੋਂ ਘਾਤ ਲਗਾ ਕੇ ਬੈਠੇ ਭਾਊਆਂ ਦਾ ਵੀ ਅੰਦੇਸ਼ਾ ਸਤਾ ਰਿਹਾ ਸੀ ਕਿ ਪਤਾ ਨਹੀਂ ਕਿੱਥੋਂ ਝਾੜੀਆਂ ਖਤਾਨਾਂ ਵਿਚੋਂ ਨਿਕਲ ਕੇ ਉਹ ਛਾਨਾ ਵਗ੍ਹਾ ਕੇ ਸਾਰੇ ਬਾਹਰ ਲਟਕਦੇ ਮੁਸਾਫ਼ਰ ਥੱਲੇ ਸੁੱਟ ਮਾਰਨ।

ਮੁਸਾਫ਼ਰ ਰੱਬ ਦਾ ਸ਼ੁਕਰ ਕਰ ਰਹੇ ਸਨ ਕਿ ਮਸੀਂ ਸਵਾਰੀ ਦਾ ਜੁਗਾੜ ਫਿੱਟ ਹੋਇਆ ਹੈ, ਜੇ ਕੁੱਝ ਸਵਾਸ ਬਚੇ ਹੋਏ ਤਾਂ ਹਨੇਰੇ ਸਵੇਰੇ ਘਰ ਪਹੁੰਚ ਜਾਵਾਂਗੇ। ਗੱਡੀ ਦੇ ਬਾਹਰ ਏਦਾਂ ਖੜ੍ਹੇ ਕੇ ਲਟਕ ਕੇ ਸਫ਼ਰ ਦਾ ਵੀ ਆਪਣਾ ਹੀ ਮਿੱਠਾ ਕੌੜਾ ਮਾਅਰਕੇ ਵਾਲਾ ਤਜਰਬਾ ਸੀ।

ਉਮਰਾਨੰਗਲ ਪਿੰਡ ਦਾ ਫਾਟਕ ਆ ਗਿਆ।

'ਐਥੇ ਸੱਜੇ ਹੱਥ ਜਾਂਦੇ ਬਾਬਾ-ਬਕਾਲਾ ਦੇ ਰਸਤੇ ਤੇ ਕੁੱਝ ਦਿਨ ਪਹਿਲਾਂ ਸੁੱਖਾ ਇੱਥੇ ਖਾੜਕੂਆਂ ਨੇ ਢਾਹ ਮਾਰਿਆ ਸੀ। ਉਹ ਬੜਾ ਪਿਆਰਾ ਸੁੰਦਰ ਸ਼ਖ਼ਸੀਅਤ ਦਾ ਮਾਲਕ ਹਰੇਕ ਦੇ ਕੰਮ ਆਉਣ ਵਾਲਾ ਮਨੁੱਖ ਸੀ। ਕਈ ਅਸਾਮੀਆਂ ਪਿੱਛੇ ਲਾਈ ਫਿਰਦਾ ਸੀ ਉਹ.. ਤੇ ਬਾਪੂ ਬੜਾ ਕੌੜਦਾ ਔਖਾ ਰਹਿੰਦਾ ਸੀ ਉਸ ਨਾਲ। ਦੋ ਸਾਥੀਆਂ ਦੀ ਘੁਸਰ-ਮੁਸਰ ਨੇ ਮੇਰੇ ਕੰਨਾਂ ਨੂੰ ਖਿੱਚ ਮਾਰੀ। ਉਹ ਦੋਵੇਂ ਆਪੋ ਵਿਚ ਹੀ ਮਗਨ ਸਨ।

'ਉਹ ਤਾਂ ਮੇਰਾ ਵੀ ਯਾਰ ਸੀ..ਥੋੜ੍ਹੀ ਦੇਰ ਪਹਿਲਾਂ ਹੀ ਮੈਂ ਉਹ ਮੈਨੂੰ ਰਈਏ ਵਿਖੇ ਮਿਲਿਆ ਸੀ ਤੇ ਮੈਂ ਉਸ ਨੂੰ ਕਿਹਾ ਸੀ ਕਿ ਆਪਣੇ ਪਾਪਾ ਨੂੰ ਬੇਨਤੀ ਕਰ ਵੇਖੇ ਕਿ ਉਹ ਖਾੜਕੂ ਸਿੰਘਾਂ ਬਾਰੇ ਉਲਟੇ-ਸਿੱਧੇ ਅਖ਼ਬਾਰੀ ਬਿਆਨ ਨਾ ਦੇਵੇ। ਖਾੜਕੂਆਂ ਬਾਰੇ ਭੰਡੀ ਪ੍ਰਚਾਰ ਬੰਦ ਕਰੇ..ਉਹ ਸਰਕਾਰ ਦਾ ਸਪੋਕਸਮੈਨ ਨਾ ਬਣੇ। ਕਿਤੇ ਇਹ ਚੱਟੀ ਤੁਹਾਨੂੰ ਨਾ ਭਰਨੀ ਪੈ ਜਾਵੇ।

'ਸਾਨੂੰ ਪਤਾ ਭਾ ਜੀ! ਸਾਡੇ ਟੱਬਰ ਤੇ ਹੋਣੀ ਮੰਡਲਾ ਰਹੀ ਹੈ... ਪਰ ਬਾਪੂ ਜੀ ਦੀ ਵੱਡੇ ਪੁਲਸ ਅਧਿਕਾਰੀਆਂ ਨਾਲ ਸਾਂਝ ਹੈ, ਉਹ ਕਿਸੇ ਤੋਂ ਨਹੀਂ ਡਰਦੇ ਤੇ ਨਾ ਹੀ ਸਾਡੀ ਕੋਈ ਗੱਲ ਮੰਨਦੇ ਹਨ। ਸੁਖਦੇਵ ਦੀ ਦੁਖਾਂ-ਰੱਤੀ ਆਵਾਜ਼ ਨਾਲ ਮੈਂ ਨਿਰਉੱਤਰ ਹੋ ਗਿਆ ਸਾਂ।

'ਅਖੀਰ ਭਾਣਾ ਵਰਤ ਗਿਆ। ਬਾਪੂ ਦੀ ਕੀਤੀ ਪੁੱਤਰ ਤੇ ਭਾਰੂ ਪੈ ਗਈ।... ਖਾੜਕੂ ਜਥੇਬੰਦੀ ਨੇ ਇਸ ਦੀ ਜ਼ਿੰਮੇਵਾਰੀ ਕਬੂਲ ਕੀਤੀ ਤੇ ਜਾਂਦੀ ਵਾਰ ਖ਼ਾਲਿਸਤਾਨ ਜ਼ਿੰਦਾਬਾਦ ਦੇ ਪੈਡ ਤੇ ਇਕ ਪਰਚੀ ਸੁੱਟ ਗਏ ਜਿਸ ਤੇ ਇਸ ਨੂੰ ਪੰਥ ਦਾ ਦੁਸ਼ਟ ਗਰਦਾਨਿਆ ਗਿਆ। ਉਹ ਆਪਣੀ ਤਾਕਤ ਦੇ ਗਰੂਰ ਵਿਚ ਆਫਰਿਆ ਪਿਆ ਸੀ। ਅਗਲੇ ਡਾਢਿਆਂ ਨੇ ਡੰਕੇ ਦੀ ਚੋਟ ਨਾਲ ਲਲਕਾਰ ਕੇ ਵੰਗਾਰ ਕੇ ਢਾਹ ਮਾਰਿਆ। ਚੌਂਡੇ ਚੱਕਤੇ ਉਹਦੇ... ਬਣਿਆ ਫਿਰਦਾ ਸੀ ਫੰਨੇਖ਼ਾਂ ਲਾਟੀ-ਟੀਨ...। ਉਸ ਨੂੰ ਮਾਊਜਰ ਨੂੰ ਵੀ ਹੱਥ ਪੌਣ ਦਾ ਸਮਾਂ ਨਹੀਂ ਦਿੱਤਾ। ਇਹੋ ਜਿਹਾ ਘਰਾਟੀਆ ਬੰਦਾ ਉਨ੍ਹਾਂ ਦੇ ਐਕਸ਼ਨ ਪਲੈਨ ਤੋਂ ਨਹੀਂ ਬਚ ਸਕਿਆ ਤੇ ਹੋਰ ਪਬਲਿਕ ਕੀਹਦੀ ਪਾਣੀਹਾਰ ਆ? ਲੱਖ ਦਮੜੇ ਦੀ ਚਿੱਠੀ ਵੀ ਮਿਲੀ ਸੀ ਉਹਨੂੰ। ਇੱਕ ਹਫ਼ਤੇ ਦੀ ਮੁਹਲਤ ਦਿੱਤੀ ਸੀ ਏਸੇ ਕਰ ਕੇ ਉਸ ਅਖੀਰਲੇ ਦਿਨ ਉਹ ਸਿੱਧਾ ਰਸਤਾ ਛੱਡ ਕੇ ਲੁੱਕ ਛਿਪ ਕੇ ਸ਼ਾਰਟ-ਕੱਟ ਰਸਤੇ ਘਰ ਮੁੜ ਰਿਹਾ ਸੀ।

ਉਹ ਦੋਵੇਂ ਰੋਮਾਂਚਕ ਜਿਹੀ ਮੁਦਰਾ ਵਿਚ ਇਸ ਕਰੁਣਾਮਈ ਬਿਰਤਾਂਤ ਨੂੰ ਹਲਕੇ ਜਿਹੇ ਲਹਿਜ਼ੇ ਵਿਚ ਚਿੱਥ ਰਹੇ ਸਨ। ਮੇਰੇ ਮਿੱਤਰ ਪਿਆਰੇ ਦੀ ਕਹਾਣੀ ਨਾਲ ਜੁੜਦਾ ਦਹਿਸ਼ਤ ਦਾ ਇਹ ਘਿਣਾਉਣਾ ਕਾਂਡ ਮੇਰੀ ਰੀੜ ਦੀ ਹੱਡੀ ਤੱਕ ਝਰਨਾਹਟ ਫੇਰ ਗਿਆ।

'ਤੁਹਾਡੇ ਪਿਤਾ ਜੀ ਉਨ੍ਹਾਂ ਦੇ ਖਿਲਾਫ ਊਟ-ਪਟਾਂਗ ਅਖ਼ਬਾਰੀ ਬਿਆਨ ਦਿੰਦੇ ਰਹਿੰਦੇ ਹਨ ਜਿਸ ਦਾ ਖ਼ਮਿਆਜ਼ਾ ਤੁਹਾਡੇ ਸਾਰੇ ਟੱਬਰ ਨੂੰ ਝੱਲਣਾ ਪੈ ਸਕਦਾ ਹੈ... ਉਹ ਕਿਸੇ ਦਾ ਲਿਹਾਜ਼ ਨਹੀਂ ਕਰਦੇ।' ਪਿਛਲੀ ਮਿਲਣੀ ਸਮੇਂ ਮੈਂ ਸੁਖਦੇਵ ਨੂੰ ਲੋਕ-ਭਾਖਿਆ ਦਾ ਸੰਕੇਤ ਦੇ ਦਿੱਤਾ ਸੀ।

'ਸਾਨੂੰ ਪਤਾ ਹੈ ਵੀਰ! ਪਰ ਬਾਪੂ ਜੀ ਸਾਡੀ ਨਹੀਂ ਮੰਨਦੇ ਤੇ ਆਪਣਾ ਹੀ ਡਮਰੂ



ਵਜਾਈ ਜਾਂਦੇ ਨੇ। ਅਸੀਂ ਆਪ ਦੁਖੀ ਹਾਂ। ਮੈਨੂੰ ਵੀ ਕਈ ਚਿੱਠੀਆਂ ਤੇ ਧਮਕੀ ਭਰੇ ਟੈਲੀਫ਼ੋਨ ਆ ਚੁੱਕੇ ਨੇ। ਏਸੇ ਕਰ ਕੇ ਆਪਣੇ ਨਿਆਣੇ ਅਸੀਂ ਲੁਕਾ ਕੇ ਹੋਰਥੇ ਕਿਧਰੇ ਭੇਜ ਰੱਖੇ ਨੇ।'

ਇਹ ਚੀਸ ਮੇਰੇ ਅੰਦਰ ਹੀ ਘਾਊਂ-ਮਾਂਊਂ ਹੋ ਕੇ ਦਮ ਤੋੜ ਗਈ। ਮੈਂ ਉਨ੍ਹਾਂ ਨਾਲ ਆਪਣੀ ਮੁਲਾਕਾਤ ਦੀ ਸਾਂਝ ਪਾ ਕੇ ਹਮਦਰਦੀ ਦੇ ਬੋਲ ਸਾਂਝੇ ਕਰਨਾ ਚਾਹੁੰਦਾ ਸਾਂ ਪਰ ਨਗਾਰਖ਼ਾਨੇ ਵਿਚ ਤੂਤੀ ਦੀ ਆਵਾਜ਼ ਕਿਸ ਨੇ ਸੁਣਨੀ ਸੀ। ਮੇਰੀ ਆਪਣੀ ਜਾਨ ਤੇ ਬਣੀ ਹੋਈ ਸੀ। ਮੇਰੇ ਮਨ ਦੀਆਂ ਯਾਦਾਂ ਅੰਦਰ ਹੀ ਅੰਦਰ ਦਫ਼ਨ ਹੋ ਗਈਆ। ਪਤਾ ਨਹੀਂ ਇਹ ਕੌਣ ਲੋਕ ਨੇ ਤੇ ਕਿਸ ਐਂਗਲ ਤੋਂ ਬੋਲ ਰਹੇ ਨੇ। ਮੇਰੇ ਸਾਹਮਣੇ ਉਸ ਹਸਮੁਖ ਸ਼ਖ਼ਸੀਅਤ ਦੀ ਮੂਰਤ ਆ ਕੇ ਉਦਾਸੀਆਂ ਦੀ ਪੰਡ ਵਿਚ ਹੋਰ ਪੱਥਰ ਧਰ ਗਈ।

ਬਾਬਾ ਬਕਾਲਾ ਦੇ ਗੁਰੂ ਤੇਗ਼ ਬਹਾਦਰ ਗੁਰਦੁਆਰੇ ਦਾ ਉੱਚਾ ਮਿਨਾਰ ਨਜ਼ਰੀਂ ਆ ਗਿਆ।

'ਇਹ ਬਾਬਾ ਬੜਾ ਜਾਣੀਜਾਣ ਜ਼ਾਹਿਰਾ-ਜ਼ਹੂਰ ਐ.. ਭਗਤਾਂ ਦਾ ਪਾਰ-ਉਤਾਰਾ ਕਰਦਾ ਹੈ।

ਮੇਰੇ ਅੰਦਰਲੇ ਆਤਮਾ-ਰਾਮ ਨੇ ਉੱਧਰ ਸਿਰ ਨਿਵਾ ਕੇ ਸਿਜਦਾ ਕੀਤਾ।

ਉਹ ਗੁੰਬਦ ਵੀ ਗੰਭੀਰ ਗਮਗੀਨੀਆਂ ਵਿਚ ਵਲੂੰਧਰਿਆ ਮਸੋਸਿਆ ਬੇਜ਼ਾਰ ਨਿਆਸਰਾ ਜਿਹਾ ਹੋਇਆ ਜਾਪਦਾ ਸੀ। ਜੂਨ ਚੁਰਾਸੀ ਦੇ ਦਰਬਾਰ ਸਾਹਿਬ ਤੇ ਹਮਲੇ ਸਮੇਂ ਇੱਥੇ ਅੰਦਰ ਬੈਠੇ ਪਨਾਹਗੀਰ ਸ਼ਰਧਾਲੂਆਂ ਦਾ ਵੀ ਘਾਣ ਕੀਤਾ ਗਿਆ ਤੇ ਇਸ ਦੀਆਂ ਵੀ ਇੱਟਾਂ ਉਖਾੜੀਆਂ ਗਈਆਂ ਸਨ। ਇਸ ਗੁਰੂ ਘਰ ਦਾ ਕਲਬੂਤ ਵੀ ਲਹੂ-ਲੁਹਾਨ ਹੋਇਆ ਜਾਪਦਾ ਸੀ।

'ਡੁੱਬਦੇ ਜਹਾਜ਼ ਨੂੰ ਮੋਢਾ ਦੇਣ ਵਾਲਿਆ! ਅੱਜ ਸਾਨੂੰ ਵੀ ਸਹੀ-ਸਲਾਮਤ ਇਸ ਭਵਸਾਗਰ ਤੋਂ ਪਾਰ ਕਰ ਕੇ ਘਰ ਪਹੁੰਚਾ ਦੇਹ।

ਖ਼ਾਲਸਾ ਸਰਬੱਤ ਦਾ ਭਲਾ ਮੰਗਦਾ ਹੈ, ਮੈਂ ਵੀ ਸਾਰੇ ਹਮਰਾਹੀਆਂ ਵਾਸਤੇ ਅਰਦਾਸ ਕੀਤੀ।

ਰਈਆ-ਹਾਲਟ ਲੰਘ ਕੇ ਮਲਕੜੇ ਜਿਹੇ ਗੱਡੀ ਬੁਟਾਰੀ ਸਟੇਸ਼ਨ ਤੇ ਖੜ੍ਹੇ ਗੱਡੀ ਉਡੀਕਦੇ ਸਾਡੇ ਵਰਗੇ ਦਰਦਮੰਦਾਂ ਨੂੰ ਟਾਹ ਟਾਹ ਕਹਿੰਦੀ, ਉਨ੍ਹਾਂ ਦੇ ਸੀਨੇ ਦੁਫਾੜ ਕਰਦੀ ਅੱਗੇ ਨਿਕਲ ਗਈ।

ਬਰੇਕ ਦੇ ਇੱਕ ਹਜੋਕੇ ਨਾਲ ਮੇਰਾ ਸੰਤੁਲਨ ਉੱਖੜ ਗਿਆ। ਮੈਂ ਥੱਲੇ ਨੂੰ ਖਿਸਕਿਆ.. ਡਿੱਗਿਆ.. ਪਰ ਇੰਜਨ ਅਤੇ ਪਹਿਲੇ ਡੱਬੇ ਦੇ ਸੰਨ੍ਹ ਵਿਚ ਦੋ ਡੱਬਿਆਂ ਨੂੰ ਜੋੜਨ ਵਾਲੇ ਲੀਵਰ ਨੂੰ ਮੇਰੇ ਹੱਥ ਪੈ ਗਏ। ਫੁਰਤੀ ਨਾਲ ਉੱਠ ਕੇ ਮੈਂ ਉੱਪਰ ਨੂੰ ਖਿਸਕਿਆ।

'ਆ ਜਾਓ ਬਾਬਿਓ! ਬਚਗੇ... ਸ਼ਹੀਦਾਂ ਵਿਚ ਨਾਂ ਆ ਜਾਣਾ ਸੀ ਹੁਣੇ! ਮੇਰੇ ਵੱਲ ਵੇਖ ਰਹੇ ਉਨ੍ਹਾਂ ਦੋ ਹਮਸਫਰਾਂ ਨੇ ਫੁਸਫੁਸਾ ਕੇ ਇੰਜਨ ਨਾਲ ਆਪਣੀ ਜਕੜ ਮਜ਼ਬੂਤ ਕਰ ਲਈ।

ਅਜੇਹੀ ਸੰਕਟ-ਕਾਲ ਦੀ ਘੜੀ ਸਮੇਂ ਮੇਰੀ ਮਦਦ ਕਰਨ ਵਾਲਾ ਕੋਈ ਸੰਕਟ-

ਮੋਚਨ ਸੂਰਮਾ ਨਹੀਂ ਬਹੁੜਿਆ। ਮੇਰੇ ਸਾਥੀਆਂ ਨੇ ਵਿਸਮਕ ਚਿੰਨ੍ਹ ਮੱਥੇ ਧਰ ਕੇ ਆਪਣੇ ਮੁੱਠੇ ਘੁੱਟ ਲਏ। ਸਭ ਨੂੰ ਆਪੋਧਾਪੀ ਪਈ ਹੋਈ ਸੀ। ਜ਼ਿੰਦਗੀ ਮੌਤ ਦੇ ਵਿਚਕਾਰ ਲਟਕਦਾ ਟੋਟੇ ਟੋਟੇ ਹੋਣ ਤੋਂ ਬਚਿਆ ਮੇਰਾ ਸਰੀਰ ਕੰਬਣ ਲੱਗਾ। ਉਹ ਟਿੱਚਰਾਂ ਮਸ਼ਕੂਲੇ ਕਰਦੇ ਹੱਸ ਰਹੇ ਸਨ।

'ਸ਼ਹੀਦਾਂ ਵਿਚ ਨਾਂ! ਕਹਿਣਾ ਸੌਖਾ ਹੈ ਪਰ ਜਦੋਂ ਕਟਰ ਥੱਲੇ ਸਿਰ ਆਉਂਦਾ ਹੈ ਤਾਂ ਪਤਾ ਲੱਗਦਾ ਹੈ ਕੀ ਭਾ ਵਿਕਦੀ...।

ਮੈਂ ਕੰਨਾਂ ਨੂੰ ਹੱਥ ਲਾਏ, ਬੋਲ ਨਹੀਂ ਸਕਿਆ। ਅੰਗ ਪੈਰ ਮੇਰੇ ਸਾਰੇ ਝੂਠੇ ਪੈ ਰਹੇ ਸਨ। ਹੁਣੇ ਪਤਾ ਨਹੀਂ ਕਿੰਨੇ ਟੁਕੜੇ ਹੋ ਕੇ ਇਹ ਦੇਹ ਅਣਪਛਾਤੀ ਲਾਸ਼ ਬਣ ਜਾਣੀ ਸੀ। 'ਸ਼ੁਕਰ ਤੇਰਾ ਹੇ ਪ੍ਰਮਾਤਮਾ! ਅੱਜ ਸਾਬਤ ਸਬੂਤਾ ਘਰ ਪਹੁੰਚਾ ਦੇਹ, ਕੱਲ੍ਹ ਤੋਂ ਮੈਂ ਮੈਡੀਕਲ ਛੁੱਟੀ ਲੈ ਕੇ ਬਹਿ ਜਾਣਾ। ਇਹੋ ਜਿਹੀ ਅੰਗਿਆਰਿਆਂ ਤੇ ਚੱਲਣ ਵਾਲੀ ਜੋਖੋਂ ਭਰੀ ਜ਼ਿੰਮੇਵਾਰੀ ਨਾਲੋਂ ਤਾਂ ਘਰ ਰਹਿਣਾ ਹੀ ਬਿਹਤਰ ਹੈ। ਮੈਂ ਮਨ ਹੀ ਮਨ ਅੰਦਰ ਗੁਪਤ ਅਰਦਾਸ ਕੀਤੀ।

ਰੇਲਵੇ ਅਧਿਕਾਰੀ ਰਸਤੇ ਵਿਚ ਆਮ ਕਰ ਕੇ ਅਗਲੇ ਠਹਿਰਾਓ ਦੇ ਪਲੇਟਫ਼ਾਰਮ ਖ਼ਾਲੀ ਨਾ ਹੋਣ ਕਾਰਨ ਗੱਡੀ ਪਿਛਲੇ ਪੜਾਅ ਤੇ ਖਲ੍ਹਾਰ ਲੈਂਦੇ ਹਨ। ਇਸ ਲਈ ਹੁਣ ਕੁੱਝ ਧਰਵਾਸ ਬੱਝਾ ਕਿ ਚਲੋ ਇੱਕ ਸਟੇਸ਼ਨ ਤਾਂ ਪਾਰ ਹੋਇਆ। ਉਮੀਦਾਂ ਨੂੰ ਬੂਰ ਪੈਂਦਾ ਜਾਪਿਆ ਕਿ ਅਗਲੀ ਗੱਡੀ ਜ਼ਰੂਰ ਅੰਮ੍ਰਿਤਸਰ ਪਹੁੰਚ ਗਈ ਹੋਵੇਗੀ.. ਤੇ ਇਹ ਸਾਡੀ ਵੀ ਹੁਣ ਬਿਨ ਰੁਕੇ ਸਿੱਧੀ ਆਪਣੇ ਮੁਕਾਮ ਅੰਮ੍ਰਿਤਸਰ ਅੱਪੜ ਜਾਵੇਗੀ। ਇੰਜਨ ਨੇ ਵੀ ਸਾਡੇ ਅੰਦਾਜ਼ੇ ਦੀ ਪੁਸ਼ਟੀ ਕਰਦੇ ਸਪੀਡ ਤੇਜ਼ ਕਰ ਦਿੱਤੀ।

ਟਾਂਗਰਾ ਸਟੇਸ਼ਨ ਵੀ ਹਰਾ ਸਿਗਨਲ ਦੇ ਰਿਹਾ ਸੀ ਜਿਸ ਦਾ ਮਤਲਬ ਗੱਡੀ ਇੱਥੋਂ ਵੀ ਨਾਨ-ਸਟਾਪ ਨਿਕਲ ਜਾਵੇਗੀ। ਡੁੱਬਦੇ ਸੂਰਜ ਦੀਆਂ ਅਖੀਰਲੀਆਂ ਕਿਰਨਾਂ ਵੀ ਇੱਡੂ ਦਿਖਾਉਂਦੀਆਂ ਪਿੱਛੇ ਹਨੇਰਾ ਛੱਡਦੀਆਂ ਉਮੀਦਾਂ ਦੇ ਜ਼ਖ਼ਮਾਂ ਤੇ ਲੂਣ ਛਿੜਕ ਰਹੀਆਂ ਸਨ। ਸੂਰਜ ਦੀ ਟੁਕੜੀ ਡੁੱਬਣ ਨਾਲ ਮੰਝ ਵਿਚ ਫਸੇ ਮੁਸਾਫ਼ਰਾਂ ਦੇ ਦਿਲ ਕੀਮਾ ਕੀਮਾ ਹੋਣ ਲੱਗੇ। ਧੁੰਦ ਪਸਰ ਰਹੀ ਸੀ। ਹਨੇਰੇ ਵਿਚ ਡੁੱਬੇ ਚੌਗਿਰਦੇ ਨੂੰ ਛੁੱਟ-ਪਿੱਟ ਬੱਤੀਆਂ ਟਹਿਣਿਆਂ ਵਾਂਗ ਰੌਸ਼ਨੀ ਦੇਣ ਦਾ ਯਤਨ ਕਰ ਰਹੀਆਂ ਸਨ। ਅੰਦਰਲਾ ਕਾਂਟਾ ਲੰਘਣ ਸਾਰ ਇਕ ਨੀਲੀ ਵਰਦੀ-ਧਾਰੀ ਕੁੱਲੀ ਨੇ ਲਾਲ ਝੰਡੀ ਮੂਹਰੇ ਕਰ ਦਿੱਤੀ।

ਇੰਜਨ ਨੇ ਇਕਦਮ ਬਰੇਕਾਂ ਦੀਆਂ ਚੀਕਾਂ ਕਢਾ ਦਿੱਤੀਆਂ। ਯਾਤਰੂਆਂ ਨੇ ਦਿਲ ਛੱਡ ਦਿੱਤੇ ਕਿ ਇੱਥੇ ਖੜੋ ਗਈ ਤਾਂ ਦਸ ਵੀਹ ਮਿੰਟ ਹੋਰ ਨਸ਼ਟ ਹੋ ਜਾਣੇ ਨੇ। ਢਿੱਚਕੂੰ ਢਿੱਚਕੂੰ ਕਰਦਾ ਇੰਜਨ ਹੌਲੀ ਹੁੰਦਾ ਗਿਆ। ਇਸ ਦੇ ਦੋਹੀਂ ਪਾਸੀਂ ਪੰਜ ਛੇ ਹਥਿਆਰਬੰਦ ਸਿਪਾਹੀ ਬੰਦੂਕਾਂ ਦੀ ਸੇਧ ਸਿਧਾਈ ਘੇਰਾ ਘੱਤ ਕੇ ਨਾਲ ਨਾਲ ਚੱਲਣ ਲੱਗੇ।

ਇਹ ਪ੍ਰਕਿਰਿਆ ਮੈਂ ਪਹਿਲਾਂ ਪਾਕਿਸਤਾਨ ਵਾਸਤੇ ਸਮਝੌਤਾ-ਐਕਸਪ੍ਰੈੱਸ ਸੀਮਾ-ਬੱਧ ਟਰੇਨ ਤੇ ਵੀ ਵੇਖ ਚੁੱਕਾ ਸਾਂ। ਖ਼ਾਸਾ ਸਟੇਸ਼ਨ ਤੋਂ ਬਾਰਡਰ ਤੱਕ ਅਤੇ ਬਾਰਡਰ ਤੋਂ ਖਾਸਾ ਵਾਪਸੀ ਦੌਰਾਨ ਗੱਡੀ ਦੇ ਨਾਲ ਨਾਲ ਘੋੜ-ਸਵਾਰ ਸੁਰੱਖਿਆ ਮੁਲਾਜ਼ਮ ਦੌੜਦੇ ਹਨ ਤਾਂ ਜੋ ਕੋਈ ਗ਼ਲਤ ਮੁਸਾਫ਼ਰ ਜਾਂ ਨਾਜਾਇਜ਼ ਸਾਮਾਨ ਚੜ੍ਹ ਜਾਂ ਉੱਤਰ ਨਾ ਜਾਵੇ।



ਇੰਜਨ ਹੌਲੀ ਹੁੰਦਾ ਹੁੰਦਾ ਟਾਂਗਰਾ ਸਟੇਸ਼ਨ ਇਮਾਰਤ ਦੇ ਸਾਹਮਣੇ ਜਾ ਕੇ ਰੁਕ ਗਿਆ। 'ਸਭੀ ਲੋਗ ਹਾਥ ਊਪਰ ਕਰ ਕੇ ਬਾਹਰ ਨੀਚੇ ਆ ਜਾਏਂ.. ਅਪਨਾ ਸਾਰਾ ਸਾਮਾਨ ਗਾੜੀ ਮੇਂ ਹੀ ਛੋੜ ਦੇਣਾ। ਇੱਕ ਸਰਕਾਰੀ ਧੂਤੂ ਵਾਰਨਿੰਗ ਦੇ ਰਿਹਾ ਸੀ।

'ਲਓ ਜੀ ਬਣ ਗਏ ਜੇ ਅੱਜ ਅੱਤਵਾਦੀ ਤੇ ਆਗੇ ਕਾਬੂ ਸੁਰੱਖਿਆ ਅਧਿਕਾਰੀਆਂ ਦੇ।

ਇੱਕ ਸਹਿਮੀ ਜਿਹੀ ਕਾਟ ਫੁਸਫੁਸਾਈ। ਕਟਰ ਥੱਲੇ ਆਉਣ ਤੋਂ ਪਹਿਲਾਂ ਜਿਵੇਂ ਬੱਕਰੇ ਦੀ ਮਿਆਂਕ ਮਿਣਮਿਣਾਈ। ਹੱਸਣ ਵਾਲਿਆਂ ਦੀ ਹਸਰਤ ਬੁੱਲ੍ਹਾਂ ਤੇ ਆ ਕੇ ਅਟਕ ਗਈ। ਹੱਥ ਉੱਚੇ ਕਰ ਕੇ ਬਲੀ ਦੇ ਬੱਕਰੇ ਸਾਰੇ ਥੱਲੇ ਉੱਤਰ ਆਏ ਤੇ ਇੱਕ ਲਾਈਨ ਵਿਚ ਲੱਗ ਕੇ ਪਲੇਟਫ਼ਾਰਮ ਤੇ ਖੜ੍ਹੇ ਹੋ ਗਏ। ਦੋ ਤਿੰਨ ਬਿਹਾਰੀ ਜਾਪਦੇ ਸਿਪਾਹੀ ਜਾਮਾ ਤਲਾਸ਼ੀ ਲੈਣ ਵਿਚ ਮਸਰੂਫ਼ ਹੋ ਗਏ। ਪਿਛਲੇ ਦਿਨ੍ਹੀ ਖਾੜਕੂਆਂ ਨੇ ਅੰਮ੍ਰਿਤਸਰ ਦੇ ਚਾਟੀ ਵਿੰਡ ਏਰੀਏ ਵਿਚ ਬੀੜੀ ਸਿਗਰਟ, ਪਾਨ ਦੀ ਦੁਕਾਨ ਕਰਨ ਵਾਲੇ ਦੋ ਤਿੰਨ ਬਿਹਾਰੀ ਭਈਏ ਮਾਰ ਬੁੜ੍ਹਕਾਏ ਸਨ ਤੇ ਬਿਹਾਰੀ ਮੁਲਾਜ਼ਮ ਗਿਣ ਗਿਣ ਬਦਲੇ ਲੈਂਦੇ ਸਿੱਖਾਂ ਨੂੰ ਕੋਹ ਕੋਹ ਕੇ ਮਾਰ ਰਹੇ ਸਨ।

'ਹਾਂ ਬੋਲੋ! ਕਿਆ ਟਾਰਗੈਟ ਹੈ ਆਪ ਕਾ ਆਜ? ਕਿਆ ਡਿਮਾਂਡ ਹੈ ਆਪ ਕੀ? ਮੋਢੇ ਤੇ ਤਿੰਨ ਤਾਰਿਆਂ ਦੀ ਫੀਤੀ ਵਾਲੇ ਬਿਹਾਰੀ ਸੁਰੱਖਿਆ ਬਲ ਇੰਸਪੈਕਟਰ ਦਾ ਰੁਹਬ ਭਰਿਆ ਦਬਕਾ ਕੜਕਿਆ।

'ਟਾਰਗੈਟ ਕੋਈ ਨਹੀਂ ਸਾਹਿਬ! ਅਗਰ ਪੂਛਤੇ ਹੋ ਤੋ ਏਕ ਛੋਟੀ ਸੀ ਡਿਮਾਂਡ ਹੈ ਹਮਾਰੀ... ਹਮ ਸਭੀ ਸਰਕਾਰੀ ਮੁਲਾਜ਼ਮ ਮੁਸੀਬਤ ਕੇ ਮਾਰੇ ਆਪਣੇ ਆਪਣੇ ਘਰ ਜਾਣਾ ਲੋਚਦੇ ਹਾਂ।

'ਹਮੇਂ ਵਾਇਰਲੈੱਸ ਸੰਦੇਸ਼ ਮਿਲਾ ਹੈ ਕਿ ਕੁੱਝ ਆਤੰਕਵਾਦੀ ਇੰਜਨ ਮੇਂ ਜ਼ਬਰਦਸਤੀ ਘੁੱਸ ਆਏ ਹੈਂ ਔਰ ਵੋਹ ਗਾੜੀ ਅਗਵਾ ਕਰ ਕੇ ਵਾਹਗਾ ਬਾਰਡਰ ਪਾਰ ਲਿਜਾਣਾ ਚਾਹਤੇ ਹੈਂ।

'ਨਹੀਂ ਸਰ! ਯਹ ਸੂਚਨਾ ਦਰੁਸਤ ਨਹੀਂ ਹੈ.. ਆਪ ਦੇਖ ਲਓ ਕੌਣ ਅੱਤਵਾਦੀ ਹੈ ਔਰ ਕੌਣ ਅਗਵਾਕਾਰ ਹੈ। ਹਮ ਸਾਰੇ ਸਰਕਾਰੀ ਮੁਲਾਜ਼ਮ ਹੈਂ। ਸੰਤ ਰਾਮ ਨੇ ਅਗਵਾਈ ਕੀਤੀ ਤੇ ਉਸ ਨੂੰ ਆਪਣਾ ਪਹਿਚਾਣ-ਪੱਤਰ ਕੱਢ ਕੇ ਦਿਖਾ ਦਿੱਤਾ।

ਮੇਰੇ ਸਮੇਤ ਹੋਰਾਂ ਨੇ ਵੀ ਜਿਸ ਕੋਲ ਕੋਈ ਸ਼ਰਾਫ਼ਤ ਦਾ ਸਬੂਤ ਸੀ, ਉਸ ਵੱਲ ਵਧਾ ਦਿੱਤਾ। ਇੰਸਪੈਕਟਰ ਨੇ ਸ਼ਨਾਖ਼ਤੀ ਕਾਰਡ ਪੜ੍ਹੇ, ਸਾਰਿਆਂ ਵੱਲ ਨਜ਼ਰਾਂ ਘੁਮਾਈਆਂ, ਬਾਰ ਬਾਰ ਘੋਖਿਆ ਤੇ ਕੁੱਝ ਢਿੱਲਾ ਪੈ ਗਿਆ। ਉਸ ਦੀਆਂ ਨਜ਼ਰਾਂ ਇੱਕ ਪਗੜੀ ਵਾਲੇ ਖਾਸ ਨੌਜੁਆਨ ਤੇ ਕੇਂਦਰਿਤ ਹੋ ਗਈਆਂ।

'ਆਪ ਕਹਤੇ ਹੈਂ ਉਗਰਵਾਦੀ ਨਹੀਂ!.. ਚੋਰ ਕਭੀ ਅਪਨੇ ਆਪ ਕੋ ਚੋਰ ਥੋੜ੍ਹਾ ਕਹਤਾ ਹੈ?.. ਹਮੇਂ ਤੋ ਆਪ ਕੋ ਇੰਟੈਰੋਗੇਸ਼ਨ ਮੇਂ ਭੇਜਣਾ ਪੜੇਗਾ, ਵੋਹ ਆਪ ਕੇ ਗੁਪਤ ਰਾਜ਼ ਨਿਕਾਲੇਂਗੇ। ਆਪ ਅਪਨੇ ਆਪ ਬਕੋਗੇ ਕਿ ਆਪ ਕਿਆ ਹੋ।

ਮੈਨੂੰ ਵੀ ਕੁੱਝ ਸ਼ੱਕ ਹੋ ਗਿਆ। ਮੈਂ ਪਹਿਚਾਣ ਲਿਆ, ਇਹ ਓਹੀ ਸਵੇਰ ਵਾਲਾ ਛੋਕਰਾ ਸੀ ਜੋ ਬੰਬ ਸੁੱਟ ਕੇ ਗੱਡੀ ਵਿਚੋਂ ਛਾਲ ਮਾਰ ਗਿਆ ਸੀ... ਪਰ ਉਸ ਦੇ ਚਿਹਰੇ ਦੀ

ਮਸੂਮੀਅਤ ਤੇ ਅਦਨੀ ਜਿਹੀ ਸ਼ਰਾਫ਼ਤ ਇਹ ਮੰਨਣ ਤੋਂ ਕਤਰਾਉਂਦੀ ਸੀ।

'ਮੁਆਫ਼ ਕਰਨਾ ਸਰ! ਆਪ ਹਮੇਂ ਜੋ ਮਰਜ਼ੀ ਸਜਾ ਦੇ ਦੋ, ਹਮ ਭੁਗਤਣੇ ਕੋ ਤਿਆਰ ਹੈਂ.. ਜੋ ਮਰਜ਼ੀ ਚਾਹੇ ਜੁਰਮਾਨਾ ਕਰ ਦੋ, ਹਮ ਦੇਣੇ ਕੋ ਤੱਯਾਰ ਹੈਂ.. ਪਰ ਹਮੇਂ ਔਰ ਕਹੀਂ ਨਾ ਭੇਜੇਂ।

ਸੰਤ ਰਾਮ ਨੇ ਹੱਥ ਜੋੜਦੇ ਗੁਹਾਰ ਲਗਾਈ। ਇਨਟੈਰੋਗੇਸ਼ਨ ਦਾ ਨਾਂ ਸੁਣ ਕੇ ਸਾਰਿਆਂ ਦੇ ਹੋਸ਼ ਉੱਡਣ ਲੱਗੇ।

'ਐਸੇ ਜ਼ਬਰਦਸਤੀ ਘੁਸ ਕਰ ਬਾਹਰ ਲਟਕ ਕਰ ਸਫ਼ਰ ਕਰਨਾ ਮਹਾਂ ਜੁਰਮ ਹੈ। ਆਪ ਨੇ ਆਤਮ-ਘਾਤ ਕਰਨੇ ਕੀ ਕੋਸ਼ਿਸ਼ ਕੀ ਹੈ। ਆਪ ਸਭੀ ਵਿਦਾਊਟ-ਟਿਕਟ ਭੀ ਤੋ ਹੋ... ਬਹੁਤ ਸਾਰੀ ਧਾਰਾਏਂ ਲਗਤੀ ਹੈ ਆਪ ਲੋਗੋਂ ਕੇ ਖ਼ਿਲਾਫ਼!.. ਬਾਬੂ ਜੀ ਸੇ ਬਾਤ ਕਰ ਲੋ। ਪੁਲਸ ਅਧਿਕਾਰੀ ਕੇਸ ਖ਼ਤਮ ਕਰਨ ਦੇ ਰੌਂ ਵਿਚ ਹੋ ਗਿਆ ਜਾਪਦਾ ਸੀ।

'ਧੰਨਵਾਦ ਜਨਾਬ.. ਸਾਡੀ ਤਾਂ ਸਾਰੀ ਜ਼ਿੰਦਗੀ ਟਰੇਨਾਂ ਦੇ ਲੇਖੇ ਲੱਗੀ ਹੋਈ ਆ.. ਸਾਡੇ ਕੋਲ ਮਾਸਿਕ ਪਾਸ ਹਨ।

ਉਸ ਦੀ ਲਚਕਦਾਰ ਨਰਮਾਈ ਵੇਖ ਸੁਣ ਕੇ ਸੰਤ ਰਾਮ ਸ਼ੇਰ ਹੋ ਗਿਆ।

'ਜੇ ਆਤਮਘਾਤ ਹੀ ਕਰਨਾ ਹੈ ਤਾਂ ਹਰਬੀਰ ਆਦਮ-ਬੰਬ ਬਣੇਗਾ.. ਸਮਾਜ ਦੋਖੀਆਂ ਨੂੰ ਸੋਧੇਗਾ, ਗੱਡੀਆਂ ਉਡਾਏਗਾ.. ਗੁੰਗੀ ਸਰਕਾਰ ਦੇ ਕੰਨ ਖੋਲ੍ਹਾਂਗੇ।

ਓਹੀ ਉਗਰਪੰਥੀ ਕਿਸਮ ਦਾ ਨੌਜੁਆਨ ਫਿਰ ਫੁਸਫੁਸਾਇਆ। ਉਸ ਨੇ ਝੂਠਾ ਜਾਂ ਸੱਚਾ ਆਪਣਾ ਨਾਂ ਸੁਤੇਸਿਧ ਜਾਹਰ ਕਰ ਦਿੱਤਾ। ਉਹ ਪਿੱਛੇ ਨੂੰ ਮੂੰਹ ਕਰ ਕੇ ਗੁਣਗੁਣਾਉਂਦਾ ਭੜਾਸ ਕੱਢ ਰਿਹਾ ਸੀ।

ਮੈਂ ਆਪਣੇ ਹੱਡਾਂ ਤੇ ਹੰਢਾਈ ਗੱਡੀ ਵਿਚੋਂ ਡਿੱਗਣ ਤੇ ਸੰਭਲਣ ਦੀ ਦੁਰਘਟਨਾ ਨੂੰ ਸੱਚੀਂ ਹੀ ਆਤਮਘਾਤੀ ਮੰਨ ਰਿਹਾ ਸੀ.. ਹੋਰ ਸ਼ੱਕ ਵੀ ਕੋਈ ਨਹੀਂ ਸੀ।

ਸਟੇਸ਼ਨ ਮਾਸਟਰ ਤੇ ਹੋਰ ਕਰਿੰਦੇ ਇਹ ਸਾਰਾ ਡਰਾਮਾ ਵੇਖਦੇ ਸੁਣਦੇ ਮੁੱਛਾਂ ਨੂੰ ਤਾਅ ਦੇ ਰਹੇ ਸਨ।

'ਇਸ ਗੁਡਜ਼-ਸਰਵਿਸ ਤੇ ਤੁਹਾਡੇ ਮਾਸਿਕ ਪਾਸ ਨਹੀਂ ਚੱਲਦੇ। ਇਸ ਦਾ ਕਿਰਾਇਆ ਫ਼ਸਟ ਕਲਾਸ ਦਾ ਲੱਗਦਾ ਹੈ, ਜੋ ਜਲੰਧਰੋਂ ਅੰਮ੍ਰਿਤਸਰ ਤੱਕ ਇੱਕ ਸੌ ਤੀਹ ਰੁਪਏ ਫ਼ੀ ਪਸੰਜਰ ਹੈ। ਆਪਣਾ ਆਪਣਾ ਭਾੜਾ ਦੇ ਦਿਓ ਤੇ ਜਾਓ। ... ਨਹੀਂ ਤੇ ਅਸੀਂ ਮੀਮੋ ਕੱਟ ਦਿਆਂਗੇ। ਤੁਹਾਡੇ ਅਪਰਾਧਿਕ ਦੁਰਵਿਵਹਾਰ ਦੀ ਵਾਇਰਲੈੱਸ ਉੱਪਰ ਤੱਕ ਪਹੁੰਚ ਚੁੱਕੀ ਹੈ ਤੇ ਵੋਹ ਹਮਾਰੀ ਰਿਪੋਰਟ ਦੀ ਇੰਤਜ਼ਾਰ ਕਰ ਰਹੇ ਹੈਂ। ਹੁਣ ਸਟੇਸ਼ਨ ਮਾਸਟਰ ਦੇ ਰੁੱਖੇ ਤਾਨਾਸ਼ਾਹੀ ਜ਼ਬਰ ਦੀ ਵਾਰੀ ਸੀ।

'ਜਾਨ ਬਚੀ ਸੋ ਲਾਖੋਂ ਪਾਏ। ਸਾਰੇ ਸ਼ਿਕਾਰਾਂ ਨੇ ਇੱਕ ਦੂਸਰੇ ਦੇ ਮੂੰਹਾਂ ਵੱਲ ਨਿਗਾਹਾਂ ਮਾਰੀਆਂ ਤੇ ਜੇਬਾਂ ਟੋਹੀਆਂ।

'ਕੁੱਝ ਰਿਆਇਤ ਕਰ ਦਿਓ ਜਨਾਬ! ਅਸੀਂ ਵੀ ਤੁਹਾਡੇ ਭਰਾ ਹਾਂ। ਇੱਕ ਲੇਲੇ ਦੀ ਗੁਹਾਰ ਸੀ।

'ਦਸਾਂ ਦੇ ਤੇਰਾਂ ਸੌ ਬਣਦੇ ਨੇ, ਚਲੋ ਅੱਧੇ ਦੇ ਦਿਓ ਸਾਂਝ-ਭਿਆਲੀ ਪਾ ਕੇ। ਮੀਮੋ ਕੱਟਣੀ ਤਾਂ ਜ਼ਰੂਰੀ ਹੈ।



ਸਟੇਸ਼ਨ ਮਾਸਟਰ ਦੇ ਇਸ਼ਾਰੇ ਤੇ ਕੁੱਲੀ ਨੇ ਅੰਦਰੋਂ ਵਹੀ ਲਿਆ ਕੇ ਬਾਬੂ ਨੂੰ ਫੜਾ ਦਿੱਤੀ।

ਕਿਸੇ ਨੇ ਦਸ, ਕਿਸੇ ਨੇ ਵੀਹ, ਸੌ, ਪੰਜਾਹ, ਜੋ ਕਿਸੇ ਦੀ ਜੇਬ ਵਿਚ ਮਿਲੇ ਬਾਹਰ ਕੱਢ ਲਏ। ਜੋੜ ਲਗਾਇਆ ਕੁੱਲ ਪੰਜ ਸੌ ਦਸ ਰੁਪਏ ਬਣੇ।

'ਤੁਸੀਂ ਜ਼ਮਾਨਤ ਵਜੋਂ ਸਾਡੇ ਮਾਸਿਕ-ਪਾਸ ਆਪਣੇ ਕੋਲ ਗਿਰਵੀ ਰੱਖ ਲਓ ਤੇ ਸਾਡੀ ਖਲਾਸੀ ਕਰੋ। ਕੱਲ੍ਹ ਨੂੰ ਤੁਹਾਡਾ ਬਕਾਇਆ ਦੇ ਕੇ ਲੈ ਜਾਵਾਂਗੇ। ਇੱਕ ਨੇ ਨਜ਼ਰਸਾਨੀ ਲਈ ਤਰਲਾ ਕੀਤਾ।

'ਵੇਖ ਲਓ.. ਫੇਰ ਇਹੋ ਜਿਹੇ ਪੰਗੇ ਨਾ ਲਿਉ... ਹੁਣ ਮੈਂ ਦੋ ਦੀ ਟਿਕਟ ਕੱਟ ਦਿੰਦਾ ਹਾਂ।

ਸਟੇਸ਼ਨ ਮਾਸਟਰ ਵਾਰਨਿੰਗ ਦਿੰਦਾ ਹਥਲੀ ਕਾਪੀ ਵਿਚੋਂ ਮੀਮੋ ਕੱਟਣ ਲੱਗਾ। ਹਰੇਕ ਤਣਾਓ ਭਰਪੂਰ ਚਿਹਰਿਆਂ ਦਾ ਰੰਗ ਇੱਕ ਵੇਰਾਂ ਬਹਾਰ ਦੇ ਫੁੱਲਾਂ ਵਾਂਗ ਮੌਲ ਪਿਆ।

'ਇਸ ਬੈਗ ਵਿਚ ਤਾਂ ਬੜੇ ਖ਼ਤਰਨਾਕ ਹਥਿਆਰ ਨੇ ਜੀ, ਇਹ ਬੰਦੇ ਮਾਰਨ ਨੂੰ ਕਾਫ਼ੀ ਨੇ.. ਇੱਕ ਵਾਰ ਦਸ ਵੀਹ ਬੰਦੇ ਝਟਕਾ ਸਕਦੇ ਨੇ।

ਇੱਕ ਮੁਲਾਜ਼ਮ ਜੋ ਇੰਜਨ ਤੇ ਰਹਿ ਗਏ ਹੱਥ-ਬੈਗਾਂ/ਸਾਮਾਨ ਦੀ ਤਲਾਸ਼ੀ ਲੈ ਰਿਹਾ ਸੀ, ਦੀ ਆਵਾਜ਼ ਨੇ ਸਿਰੇ ਚੜ੍ਹੇ ਪ੍ਰਯੋਜਨ ਤੇ ਪੂਰਨ-ਵਿਰਾਮ ਲਗਾ ਦਿੱਤਾ। ਸਿਪਾਹੀ ਨੇ ਬੈਗ ਲਿਆ ਕੇ ਢੇਰੀ ਕਰ ਦਿੱਤਾ। ਤੇਸਾ, ਆਰੀ, ਸੁੰਬਾ, ਕੁਹਾੜੀ, ਵਰਮਾ ਤੇ ਕੁੱਝ ਹੋਰ ਔਜ਼ਾਰ ਵੇਖ ਕੇ ਇੰਸਪੈਕਟਰ ਦੇ ਮੱਥੇ ਤੇ ਫਨੀਅਰ ਫੁੰਕਾਰੇ ਮਾਰਨ ।

'ਸਾਲੇ ਹਰਾਮਖ਼ੋਰ! ਡਾਕੂ! ਹਮ ਨੇ ਤੋ ਛੋੜ ਦੀਆਂ ਪਰ ਹਮੇਂ ਫੂਲ ਬਣਾ ਰਹੇ ਹੈਂ?

ਉਹ ਝਈਆਂ ਲੈ ਕੇ ਫੇਰ ਮੁਸਾਫ਼ਰਾਂ ਵੱਲ ਸਿੱਧਾ ਹੋ ਗਿਆ। ਉਸ ਦੇ ਮਜਾਜ਼ ਵਿਚ ਤਲਖ਼ੀ ਤੇ ਤਿੱਖਾਪਣ ਭਾਰੂ ਪੈ ਗਿਆ।

ਉਸ ਨੇ ਉੱਪਰਲੇ ਅਧਿਕਾਰੀਆਂ ਨੂੰ ਫ਼ੋਨ ਕਰਨ ਵਾਸਤੇ ਸਟੇਸ਼ਨ ਮਾਸਟਰ ਨੂੰ ਤੁੱਖਣਾ ਦਿੱਤੀ।

'ਮੇਰਾ ਤਰਖਾਣਾ ਕੰਮ ਹੈ ਜਨਾਬ.. ਮੈਂ ਦਿਹਾੜੀ ਕਰਦਾ ਹਾਂ। ਇਹ ਮੇਰੇ ਰੋਜ਼ਾਨਾ ਕੰਮ ਆਉਣ ਵਾਲੇ ਸੰਦ ਹਨ... ਮੇਰੀ ਮੋਤੀਆਂ ਵਾਲੀ ਸਰਕਾਰ।

ਹਰਬੀਰ ਆਤਮਵਿਸ਼ਵਾਸ ਨਾਲ ਅੱਗੇ ਹੋਇਆ। ਉਹ ਅੰਤਰਮੁਖੀ ਪਾਠ ਕਰਦਾ ਕਿਸੇ ਨੂੰ ਧਿਆ ਰਿਹਾ ਜਾਪਿਆ। ਉਸ ਦੇ ਚਿਹਰੇ ਦਾ ਤੇਜ਼ਤਪ ਤੇ ਜਲੌਂ ਡੁੱਲ੍ਹ ਡੁੱਲ੍ਹ ਪੈ ਰਿਹਾ ਸੀ। ਉਸ ਦੇ ਨਾਲ ਰੋਜ਼ਾਨਾ ਯਾਤਰੀ ਸਭ ਚੁੱਪ ਚਾਪ ਖੜ੍ਹੇ ਇਸ ਉਲਝਣ ਵਿਚ ਉਸ ਦੀ ਗਵਾਹੀ ਤੇ ਸਫ਼ਾਈ ਦੇਣ ਤੋਂ ਕਤਰਾ ਰਹੇ ਸਨ।

'ਹੁਣ ਇਹ ਨਹੀਂ ਛੱਡਣ ਲੱਗੇ, ਇਹਦੇ ਨਾਲ ਸਾਰਿਆਂ ਨੂੰ ਰਗੜਾ ਬੱਝੂ। ਇਹ ਸਾਲਾ ਕਿੱਲੀ-ਠੋਕ ਸਾਡਾ ਵੀ ਮੰਜਾ ਠੁਕਾਊ ਅੱਜ।'

ਬਣੇ ਬਣਾਏ ਕੰਮ ਵਿਚ ਘੜਮੰਮ ਪੈਣ ਤੇ ਸਾਰੇ ਸਵਾਰ ਔਖੇ ਹੋ ਗਏ। ਪਹਿਲਾਂ ਹੀ ਸਹਿਮੇ ਹੋਏ ਯਾਤਰੀ ਅੰਦਰੋਂ ਪੋਟਾ ਪੋਟਾ ਕੋਹੇ ਜਾ ਰਹੇ ਸਨ। ਅਸਾਧਾਰਨ ਤੌਰ ਤੇ ਰੁਕੀ ਗੱਡੀ ਵੇਖ ਕੇ ਨੇੜੇ ਰਹਿੰਦੇ ਕੁੱਝ ਸਥਾਨਕ ਲੋਕ ਵੀ ਇਹ ਡਰਾਮਾ ਵੇਖਣ ਲਈ ਉਮਡ

ਪਏ। ਇੱਕ ਸਿਆਣੇ ਨੇ ਚਿੰਤਾ ਫ਼ਿਕਰਾਂ ਨਾਲ ਜੂਝ ਰਹੇ ਗ਼ਰੀਬੜੇ ਜਿਹੇ ਤਰਸ ਦੇ ਪਾਤਰ ਬਣੇ ਮੁੰਡੇ ਵੱਲ ਝਾਕਿਆ।

'ਇਹ ਤਾਂ ਜਨਾਬ! ਗ਼ਰੀਬ ਐ ਵਿਚਾਰਾ ਦਿਹਾੜੀਦਾਰ! ਮੈਂ ਇਸ ਨੂੰ ਜਾਣਦਾ ਹਾਂ। ਇਹ ਇਸ ਦੀ ਰੋਜ਼ੀ ਰੋਟੀ ਦਾ ਸਬੱਬ ਐ.. ਇਹ ਡਾਕੂ ਜਾਂ ਖ਼ਤਰਨਾਕ ਬਦਮਾਸ਼ ਨਹੀਂ ਜਾਪਦਾ। ਇਸ ਦੀ ਮੈਂ ਗਰੰਟੀ ਦੇ ਸਕਦਾ ਹਾਂ। ਫ਼ਰਿਸ਼ਤੇ ਵਾਂਗ ਅਚਾਨਕ ਪ੍ਰਗਟ ਹੋਏ ਉਸ ਮਹਾਂ ਪੁਰਖ ਦੀ ਗਵਾਹੀ ਸੁਣ ਕੇ ਥਾਣੇਦਾਰ ਹੱਸ ਪਿਆ ਤੇ ਨਾਲ ਪੀੜਤ ਸ਼ਿਕਾਰ ਵੀ ਹੱਸ ਪਏ।

'ਓ ਭਲਿਓ ਮਾਣਸੋ! ਤੁਸੀਂ ਜਾਓ ਜਾਂ ਨਾ ਜਾਓ... ਤੁਹਾਡੀ ਬੱਧੀ ਤਨਖ਼ਾਹ ਐ... ਮੀਂਹ ਜਾਏ ਹਨੇਰੀ ਜਾਏ, ਤੁਸੀਂ ਜਾ ਕੇ ਉੱਕਾ-ਪੁੱਕਾ ਖੀਸਾ ਭਰ ਲਿਔਣਾ... ਪਰ ਇਹ ਰੰਡੀ ਮਾਂ ਦਾ ਲਾਲ ਵਿਚਾਰਾ ਬਾਹਰ ਜਾਊ... ਕੰਮ ਕਰੂ ਤਾਂ ਹੀ ਘਰ ਦਾ ਲੂਣ ਤੇਲ ਚੱਲਣਾ। ਪਿਉ ਇਹਦਾ ਪਹਿਲਾਂ ਹੀ ਇਸ ਖ਼ੂਨੀ ਹਨੇਰੀ ਦੀ ਬਲੀ ਚੜ੍ਹ ਗਿਆ। ਸ਼ਹਿਰੋਂ ਕਰਫ਼ਿਊ, ਹੜਤਾਲਾਂ, ਧਰਨੇ, ਮੁਜ਼ਾਹਰਿਆਂ ਤੋਂ ਡਰਦਾ ਇਹ ਵਿਚਾਰਾ ਬਾਹਰ ਨੂੰ ਨਿਕਲਿਆ ਤੇ ਅੱਜ ਤੁਸੀਂ ਇਹਨੂੰ ਵੀ ਸੂਲੀ ਤੇ ਚਾੜ੍ਹਨ ਤੇ ਤੁਲੇ ਹੋਏ ਓ। ਬਿਗਾਨੀ ਮੁਸੀਬਤ ਆਪਣੇ ਸਿਰ ਸਹੇੜਦੇ ਬਜ਼ੁਰਗ ਦੀਆਂ ਮੁੱਛਾਂ ਕੰਬ ਰਹੀਆਂ ਸਨ ਜਿਵੇਂ ਉਸ ਦੀ ਰੱਖਿਆ ਵਾਸਤੇ ਹੀ ਅਕਾਲ ਪੁਰਖ ਨੇ ਕੋਈ ਮਸੀਹਾ ਭੇਜ ਦਿੱਤਾ ਹੋਵੇ।

ਮੌਕੇ ਦਾ ਅਫ਼ਸਰ ਪਹਿਲਾਂ ਹੀ ਅਣਭੋਲ ਫਸੇ ਇਨ੍ਹਾਂ ਸ਼ਿਕਾਰਾਂ ਨੂੰ ਰਿਹਾ ਕਰਨ ਬਾਰੇ ਬਾਰੇ ਫ਼ੈਸਲਾ ਲੈ ਚੁੱਕਾ ਸੀ।

'ਬੋਲੋ ਸਰ! ਛੋੜ ਦੇਂ ਇਨ੍ਹੇ ਯਾ ਊਪਰ ਭੇਜੇਂ? ਉਸ ਨੇ ਡਰਾਈਵਰ ਤੇ ਗਾਰਡ ਵੱਲ ਅੱਖਾਂ ਚੁੱਕੀਆਂ।

'ਸਾਨੂੰ ਕੋਈ ਇਤਰਾਜ਼ ਨਹੀਂ ਜਨਾਬ... ਯਹ ਆਪ ਕੀ ਨਿਆ-ਵਿਵਸਥਾ ਹੈ।

ਸਟੇਸ਼ਨ ਮਾਸਟਰ ਦੇ 'ਨੋ-ਉਬਜੈੱਕਸ਼ਨ ਇਸ਼ਾਰੇ ਤੇ ਗਾਰਡ ਨੇ ਘੜੀ ਵੱਲ ਨਿਗ੍ਹਾ ਮਾਰੀ।

'ਜਾਓ ਮਜ਼ੇ ਲੋ.. ਅਪਨੇ ਘਰ ਜਾਓ.. ਸਾਨੂੰ ਵੀ ਜਾਣ ਦਿਓ। ਉਸ ਨੇ ਇਕਦਮ ਜੱਭ ਮੁਕਾ ਦਿੱਤਾ।

ਸਟੇਸ਼ਨ ਮਾਸਟਰ ਨੇ ਦੋ ਸੌ ਸੱਠ ਰੁਪਏ ਯਾਨੀ ਦੋ ਟਿਕਟਾਂ ਦੀ ਰਸੀਦ ਕੱਟੀ ਤੇ ਬਾਕੀ ਆਪਣੀ ਜੇਬ ਵਿਚ ਘਸੋੜ ਲਏ। ਗੱਡੀ ਰਵਾਨਗੀ ਦਾ ਪਰਵਾਨਾ ਇੰਜਨ-ਮਾਸਟਰ ਨੂੰ ਫੜਾ ਕੇ ਹਰੀ ਝੰਡੀ ਹਿਲਾ ਦਿੱਤੀ। ਸਾਰੀਆਂ ਪੀੜਤ ਸਵਾਰੀਆਂ ਆਪਣੀਆਂ ਆਪਣੀਆਂ ਸੀਟਾਂ ਤੇ ਪਹੁੰਚ ਗਈਆਂ। ਕੁੱਝ ਸਵਾਰ ਗਾਰਡ ਦੇ ਨਾਲ ਉਸ ਪਿੱਛੇ ਹੋ ਤੁਰੇ। ਹੁਣ ਮੈਨੂੰ ਤੇ ਕੁੱਝ ਹੋਰਾਂ ਨੂੰ ਵੀ ਇੰਜਨ ਅੰਦਰ ਪੈਰ ਧਰਨ ਦੀ ਰਾਹਦਾਰੀ ਮਿਲ ਗਈ। ਕੁੱਕੜਾਂ ਦੇ ਖੁੱਡੇ ਵਾਂਗ ਸਾਰੇ ਇੱਕ ਦੂਸਰੇ ਦੇ ਸਹਾਰੇ ਖੜ੍ਹੇ ਹੋ ਗਏ। ਇੰਜਨ ਫਰਾਟੇ ਮਾਰਦਾ ਮੁੜ ਅੰਮ੍ਰਿਤਸਰ ਦੀ ਪਟੜੀ ਪੈ ਗਿਆ।

'ਇਨ੍ਹਾਂ ਗੱਡੀਆਂ ਨੇ ਹਰ ਰੋਜ ਖੱਜਲ-ਖੁਆਰੀ ਨਾਲ ਸਾਡੀ ਜ਼ਿੰਦਗੀ ਅੱਧੀ ਕਰ ਦਿੱਤੀ ਹੈ.. ਅੱਜ ਸਵੇਰੇ ਸ਼ਾਨੇ ਪੰਜਾਬ ਨੇ ਮੇਰਾ ਬਹੁਤ ਨੁਕਸਾਨ ਕਰ ਦਿੱਤਾ ਹੈ। ਇੱਕ ਨੇ ਆਪਣੀ ਸਵੇਰ ਦੀ ਹੱਡ ਬੀਤੀ ਛੋਹ ਲਈ। ਕੋਈ ਵੀ ਮੁਸਾਫ਼ਰ ਅੰਦਰੋਂ ਸੌਖਾ ਨਹੀਂ ਸੀ



ਪਰ ਉਹ ਕੁੱਝ ਜ਼ਿਆਦਾ ਹੀ ਹਿੱਲਿਆ ਹੋਇਆ ਸੀ।

'ਕੀ ਬੰਬ ਵੱਜ ਗਿਆ! ਇਸ ਅਵਾਜ਼ਾਰੀ ਤੋਂ ਵੱਡਾ ਹੋਰ ਨੁਕਸਾਨ ਕੀ ਹੋ ਸਕਦਾ ਹੈ ਕਿ ਤੂੰ ਅੱਜ ਅੰਤਰਰਾਜੀ ਉਗਰਵਾਦੀਆਂ ਦੀ ਲਿਸਟ ਵਿਚ ਆ ਕੇ ਵੀ ਬਚ ਨਿਕਲਿਆ ਹੈਂ। ਤੈਨੂੰ ਮੋਢੇ ਉੱਚੇ ਕਰਨੇ ਚਾਹੀਦੇ ਨੇ। ਦੂਸਰੇ ਨੇ ਉਸ ਦੀ ਗੱਲ ਮਸ਼ਕੂਲੇ ਵਿਚ ਪਾ ਦਿੱਤੀ।

'ਮੇਰਾ ਬਿਜ਼ਨਸ ਵਾਲਾ ਤੇ ਜਾਤੀ ਜਾਣਕਾਰੀ ਡਾਟੇ ਵਾਲਾ ਯੰਤਰ ਸਵੇਰੇ ਗੱਡੀ ਵਿਚ ਡਿਗ ਗਿਆ ਕਿਧਰੇ..। ਜਿਸ ਕਰ ਕੇ ਅੱਜ ਦੇ ਕਰਨ ਵਾਲੇ ਸਾਰੇ ਮੇਰੇ ਜ਼ਰੂਰੀ ਕੰਮ ਵਿਚੇ ਰਹਿ ਗਏ। ਮੇਰਾ ਇਹ ਘਾਟਾ ਕਦੇ ਵੀ ਪੂਰਾ ਨਹੀਂ ਹੋ ਸਕਦਾ... ਮੇਰਾ ਬਾਸ ਜਾਂਦੇ ਹੀ ਮੇਰਾ ਗਾਟਾ ਲਾਹ ਮਾਰੇਗਾ। ਉਹ ਰੋਣਹਾਕਾ ਫਿੱਸਿਆ ਪਿਆ ਸੀ।

ਉਸ ਦੀ ਪੁਕਾਰ ਨੇ ਮੇਰੇ ਕੰਨ ਖੜੇ ਕੀਤੇ। ਸਵੇਰ ਵਾਲੀ ਸਾਰੀ ਬੀਤੀ ਕਹਾਣੀ ਨੇ ਮੁੜ ਮੇਰੇ ਮਨ ਦੀਆਂ ਘੰਟੀਆਂ ਖੜਕਾ ਦਿੱਤੀਆਂ। ਮੈਂ ਉਸ ਦੀ ਸ਼ਕਲ ਗਹੁ ਨਾਲ ਵੇਖੀ। ਇਹ ਓਹੀ ਸੀ ਸਵੇਰ ਵਾਲਾ ਮੁੰਡਾ।

ਮੈਂ ਬਾਰ ਬਾਰ ਉਸ ਦਾ ਹੁਲੀਆ ਜਾਂਚਿਆ।

'ਇਹ ਤਾਂ ਕੋਈ ਹੋਰ ਈ ਸ਼ੈ ਜਾਪਦੀ ਹੈ... ਏਨਾ ਸਿੱਧਾ ਜਾਂ ਸ਼ਰੀਫ਼ ਨਹੀਂ ਇਹ ਜਿੰਨਾ ਇਸ ਇਹ ਪੇਸ਼ ਹੋਇਆ ਹੈ। ਮਹਿੰਗਾ ਯੰਤਰ ਰੱਖਦਾ ਹੈ, ਆਦਮ ਬੰਬ ਬਣਨ ਨੂੰ ਤਿਆਰ ਹੈ ਤੇ ਲੋਕ ਵਿਖਾਵੇ ਵਜੋਂ! ਤਰਖਾਣਾ ਕੰਮ ਵਾਲੇ ਔਜ਼ਾਰ ਰੱਖਦਾ ਹੈ। ਮੈਨੂੰ ਉਸ ਬਹੁਰੂਪੀਏ ਕੋਲੋਂ ਡਰ ਲੱਗਣ ਲਗਦਾ ਹੈ। ਮੈਂ ਆਪਣੇ ਮਨ ਵਿਚ ਉਸ ਬਾਰੇ ਬਣੀ ਪ੍ਰਤਿਮਾ ਤੇ ਨਜ਼ਰਸਾਨੀ ਕਰਦਾ ਹਾਂ।

'ਜੱਧੇ ਤਲਾਸ਼ੀ ਦੇ! ਆਹ ਵੇਖੋ ਫਨੀਅਰ ਸੱਪ ਇਨ੍ਹਾਂ ਦਾ ਬਾਪ ... ਜੇ ਜਰਾ ਜਿੰਨੀ ਉਰੀ ਪੁਰੀ ਕਰਦੇ ਤਾਂ ਮੈਂ ਵਿਸ਼ਾ ਦੇਣੇ ਸੀ ਸੱਥਰ ਸਾਰਿਆਂ ਦੇ। ਉਸ ਨੇ ਗੁਰਗਾਬੀ ਦਾ ਤਲਾ ਚੁੱਕਦੇ ਇੱਕ ਚਪਟੇ ਪੈੱਨ ਵਰਗਾ ਪਿਸਟਲ ਬਾਹਰ ਕੱਢ ਲਿਆ।

'ਰਹਿਣ ਦੇਹ.. ਰਹਿਣ ਦੇਹ ਜੋਧਿਆ... ਮੈਂ ਸਮਝ ਗਿਆ ਤੂੰ ਪੰਥ ਦਾ ਸੇਵਾਦਾਰ ਹੈਂ। ਮੈਂ ਉਸ ਨੂੰ ਫਲਾਉਣੀ ਦਿੰਦੇ ਦੂਰ ਹੋਣ ਦੀ ਕੋਸ਼ਿਸ਼ ਕੀਤੀ।

'ਤੁਸੀਂ ਵੀ ਉਸੇ ਗੱਡੀ ਚ ਸਓ ਸਵੇਰੇ? ਆਪਣੇ ਕੋਲੋਂ ਨਜ਼ਰਾਂ ਚੁਰਾਉਂਦੇ ਵੇਖ ਕੇ ਉਹ ਮੇਰੇ ਵੱਲ ਝੂਠਾ ਜਿਹਾ ਹੱਸਿਆ।

'ਤੂੰ ਚੰਗਾ ਰਿਹਾਂ ਵੀਰਾ! ਚੋਰ ਦੀ ਮਾਂ ਤੇ ਬੁੱਕਲ ਚ ਮੂੰਹ!... ਹੁਣ ਸਬਰ ਕਰਨਾ ਹੀ ਤੇਰੇ ਭਲੇ ਦੀ ਗੱਲ ਹੈ। ਕਿਤੇ ਆਪੇ ਰੌਲਾ ਪਾ ਕੇ ਐਵੇਂ ਅਣਭੋਲ ਕੇਸ ਵਿਚ ਨਾ ਫਸ ਜਾਈਂ। ਇੱਥੋਂ ਹੁਣ ਤਾਂ ਬਚ ਗਏ ਸ਼ੁਕਰ ਕਰ! ਪਰ ਉਹ ਸੁਪਰ-ਫਾਸਟ ਨਾਨ-ਸਟਾਪ ਗੱਡੀ ਰੁਕਾਉਣ ਤੇ ਏਨੇ ਮਹੱਤਵਪੂਰਨ ਮੁਸਾਫ਼ਰਾਂ ਨੂੰ ਪ੍ਰੇਸ਼ਾਨ ਕਰਨ ਦਾ ਫ਼ੌਜਦਾਰੀ ਕੇਸ ਬਣ ਗਿਆ ਤਾਂ ਤੇਰੇ ਸਭ ਗੁਪਤ ਰੁਝੇਵੇਂ ਨੰਗੇ ਹੋ ਜਾਣੇ ਨੇ। ਮੇਰੀ ਸਲਾਹ ਤੇ ਉਸ ਨੇ ਨਿਰਾਸਤਾ ਵਿਚ ਅੱਖਾਂ ਮੀਟੀਆਂ।

ਰੋਜ਼ਾਨਾ ਯਾਤਰੂਆਂ ਨੂੰ ਮਾਨਾ ਵਾਲਾ ਸਟੇਸ਼ਨ ਦਾ ਧੁੜਕੂ ਹਰ ਰੋਜ਼ ਖਾਂਦਾ ਰਹਿੰਦਾ ਸੀ। ਪਿੱਛੋਂ ਤੇਜ਼ ਦੌੜਦੀ ਰੇਲ ਗੱਡੀ ਨੂੰ ਬਹੁਤੀ ਵੇਰਾਂ ਇੱਥੇ ਪਹੁੰਚਣ ਤੱਕ ਜਿਵੇਂ ਕੋਈ ਪੈਂਖੜ ਮਾਰ ਦਿੰਦਾ, ਇਹ ਇੱਥੇ ਲੰਗਰ ਸੁੱਟ ਕੇ ਬੈਠ ਜਾਂਦੀ ਤੇ ਕਾਹਲ਼ੀਆਂ ਸਵਾਰੀਆਂ ਨੂੰ ਹੋਰ ਪ੍ਰੇਸ਼ਾਨ ਕਰਦੀ। ਅਸੀਂ ਇਸ ਦੀ ਆਦਤ ਤੋਂ ਡਰ ਰਹੇ ਸਾਂ ਪਰ ਅੱਜ

ਇਹ ਛਿਛਕਾਰੀ ਹੋਈ ਹਿਰਨੀ ਵਾਂਗ ਚੁੰਗੀਆਂ ਭਰਦੀ ਜੰਡਿਆਲਾ ਲੰਘ ਕੇ ਮਾਨਾ ਵਾਲਾ ਸਟੇਸ਼ਨ ਦੇ ਸਿਗਨਲ ਪਾਰ ਕਰ ਗਈ ਵੇਖ ਕੇ ਯਾਤਰੀਆਂ ਦੇ ਚਿਹਰੇ ਚਮਕ ਗਏ।

'ਅੰਮ੍ਰਿਤਸਰ ਸਟੇਸ਼ਨ ਤੋਂ ਬਾਹਰ ਕਿਵੇਂ ਨਿਕਲਾਂਗੇ? ਨਵੀਂ ਭਸੂੜੀ ਨੇ ਦਿਮਾਗ਼ ਵਿਚ ਮੁੜ ਨਵੀਂ ਭਸੂੜੀ ਖੜ੍ਹੀ ਕਰ ਦਿੱਤੀ। ਸਾਰੇ ਗੁੰਮ-ਸੁੰਮ ਚਿਹਰੇ ਇੱਕ ਦੂਸਰੇ ਦੀਆ ਨਜ਼ਰਾਂ ਪੜ੍ਹ ਰਹੇ ਸਨ।

'ਡਰਾਈਵਰ ਨੂੰ ਬੇਨਤੀ ਕਰ ਵੇਖੋ ਕਿ ਸਾਨੂੰ ਸਟੇਸ਼ਨ ਤੋਂ ਪਹਿਲਾਂ ਬਾਹਰ ਹੀ ਉਤਾਰ ਦੇਵੇ। ਇਹ ਨਾ ਹੋਵੇ ਕਿ ਅਸਮਾਨ ਤੋਂ ਡਿੱਗੇ ਖਜੂਰ ਤੇ ਅਟਕੇ ਵਾਂਗ ਉੱਥੇ ਵੀ ਕੋਈ ਹੋਰ ਬਲ਼ਾ ਘੇਰ ਲਵੇ। ਸੰਤ ਰਾਮ ਨੇ ਮੇਰਾ ਮੋਢਾ ਹਲੂਣਿਆ।

'ਇਹ ਨੇਕ ਕੰਮ ਵੀ ਤੁਹਾਨੂੰ ਹੀ ਕਰਨਾ ਪੈਣਾ ਰਾਮ ਜੀ। ਮੈਂ ਉਸ ਦੀ ਹਾਂ ਵਿਚ ਹਾਂ ਮਿਲਾਈ।

ਹੁਸੈਨਪੁਰਾ ਅਤੇ ਜੌੜੇ-ਫਾਟਕ ਨੇੜਲੇ ਘਰਾਂ ਵਾਲੇ ਕਈ ਰੋਜ਼ਾਨਾ ਯਾਤਰੀ, ਬਿਨ-ਟਿਕਟੇ ਜਾਂ ਨਿੱਤ ਦੇ ਵਪਾਰੀ ਆਪਣੇ ਸਾਮਾਨ ਦੀ ਮਹਿਸੂਲ ਚੁੰਗੀ ਬਚਾਉਣ ਵਾਸਤੇ ਜੌੜੇ ਫਾਟਕਾਂ ਤੇ ਜ਼ੰਜੀਰ ਖਿੱਚ ਕੇ ਸਟੇਸ਼ਨ ਤੋਂ ਪਹਿਲਾਂ ਬਾਹਰ ਗੱਡੀ ਰੋਕ ਲੈਂਦੇ ਹਨ। ਇੱਥੇ ਕਈ ਵੇਰਾਂ ਇਨ੍ਹਾਂ ਲੋਕਾਂ ਨੂੰ ਅਚਾਨਕ ਚੈੱਕ ਕਰਨ ਵਾਸਤੇ ਰੇਲਵੇ ਦਾ ਪੜਤਾਲੀਆ ਸਟਾਫ਼ ਅਤੇ ਪੁਲਸ ਟੁਕੜੀਆਂ ਅਜੇਹੀਆਂ ਥਾਵਾਂ ਦੀ ਨਿਗਰਾਨੀ ਕਰਦੀਆਂ ਉੱਤਰਦਿਆਂ ਨੂੰ ਬੋਚ ਲੈਂਦੀਆਂ ਤੇ ਭਾਰੀ ਜੁਰਮਾਨੇ ਕਰਦੀਆਂ। ਅੱਜ ਇਹ ਖ਼ਤਰਨਾਕ ਨਾਕਾ ਵੀ ਲੰਘ ਚੁੱਕਾ ਸੀ। ਖਾੜਕੂਆਂ ਦੀ ਠਾਹ ਠਾਹ ਕਾਰਨ ਰੇਲਵੇ ਦੇ ਚੈਕਿੰਗ ਸਟਾਫ਼ ਤੇ ਪੁਲਸੀਏ ਅਨਿਆਈ ਮੌਤੋਂ ਡਰਦੇ ਅਜੇਹੇ ਨਾਕਿਆਂ ਤੇ ਜਾਣੋ ਕਤਰਾਉਣ ਲੱਗੇ ਸਨ।

ਸਾਡੇ ਜੱਕੋ-ਤੱਕੇ ਵਿਚ ਰੱਬ ਨੇ ਨੇੜੇ ਹੋ ਕੇ ਸੁਣ ਲਈ ਜਾਂ ਡਰਾਈਵਰ ਦੇ ਮਨ ਮਿਹਰ ਪੈ ਗਈ। ਵਿਕਟੋਰੀਆ ਹਸਪਤਾਲ ਵਾਲੇ ਫਾਟਕ ਤੇ ਆ ਕੇ ਇੰਜਨ ਦੀਆਂ ਬਰੇਕਾਂ ਨੇ ਸੰਗੀਤ ਸ਼ੁਰੂ ਕਰ ਦਿੱਤਾ ਤੇ ਗੱਡੀ ਰੁਕ ਗਈ।

'ਇੱਥੇ ਉੱਤਰ ਜਾਓ। ਅੱਗੇ ਫੇਰ ਤੁਸੀਂ ਫਸ ਜਾਉਗੇ ਨਾਲੇ ਮੇਰੀ ਜਵਾਬ-ਤਲਬੀ ਕਰਾਉਗੇ।

ਜਾਪਦਾ ਸੀ, ਡਰਾਈਵਰ ਨੂੰ ਵੀ ਉੱਪਰ ਵਾਲੇ ਨੇ ਹਦਾਇਤ ਕਰ ਦਿੱਤੀ ਹੈ ਜਾਂ ਟਾਂਗਰੇ ਵਾਲੇ ਬਾਬੂ ਨੇ ਸਮਝਾ ਦਿੱਤਾ ਹੋਵੇਗਾ। ਅਸੀਂ ਸਾਰੇ ਉਸ ਦਾ ਧੰਨਵਾਦ ਕਰਦੇ ਛਾਲਾਂ ਮਾਰਦੇ ਉੱਤਰ ਗਏ। ਬੱਸ-ਸਟੈਂਡ ਇੱਥੋਂ ਇੱਕ ਫ਼ਰਲਾਂਗ ਦੀ ਦੂਰੀ ਤੇ ਹੀ ਹੈ ਤੇ ਉੱਥੋਂ ਹਰ ਥਾਂ ਪਹੁੰਚਣ ਦਾ ਜੁਗਾੜ ਜੁਟਾਇਆ ਜਾ ਸਕਦਾ ਸੀ।

'ਮੈਂ ਪਛਾਣ ਲਿਆ ਤੁਹਾਨੂੰ, ਤੁਸੀਂ ਵੀ ਉਸੇ ਬੋਗੀ ਵਿਚ ਸਓ... ਸੱਚ ਦੱਸੋ ਫਿਰ ਕਿਵੇਂ ਬੀਤੀ ਮੇਰੇ ਪਿਆਰੇ ਯੰਤਰ ਨਾਲ! ਉਹ ਮੇਰੇ ਨੇੜੇ ਹੋ ਗਿਆ।

'ਤੈਨੂੰ ਦੱਸਿਆ ਤਾਂ ਸੀ ਸਵੇਰੇ... ਕਿ ਮੁਸਾਫ਼ਰਾਂ ਨੇ ਇਸ ਦੀਆਂ ਚੀਕਾਂ ਸੁਣ ਕੇ ਇਸ ਨੂੰ ਬੰਬ ਸਮਝ ਲਿਆ ਤੇ ਕੰਢਿਆਂ ਤੱਕ ਭਰੇ ਸਤਲੁਜ ਦੇ ਹਵਾਲੇ ਕਰ ਕੇ ਸੁੱਖ ਦਾ ਸਾਹ ਲਿਆ।

'ਸੁਖ ਦਾ ਸਾਹ! ਮੇਰੇ ਸ਼ਬਦ ਸੁਖ ਦਾ ਸਾਹ ਉਸ ਨੂੰ ਕੰਡੇ ਵਾਂਗ ਚੁੱਭਿਆ। ਉਸ ਨੇ ਅੱਤ ਦਰਦਨਾਕ ਪੀੜਾਂ ਭਰਿਆ ਹੌਕਾ ਭਰਿਆ ਤੇ ਮੱਥੇ ਨੂੰ ਹੱਥ ਮਾਰਦਾ ਹਨੇਰੇ ਵਿਚ ਗੁੰਮ ਹੋ ਗਿਆ।



# "ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ, ਭਾਪਾ ਪ੍ਰੀਤਮ ਸਿੰਘ ਦੇ ਪਰਿਵਾਰ ਦੀ ਨਿੱਜੀ ਜਾਇਦਾਦ ਨਹੀਂ ਹੈ।" - ਡਾ. ਬਲਦੇਵ ਸਿੰਘ ਬੱਦਨ

**ਮੁਲਾਕਾਤੀ: ਭਗਵੰਤ ਰਸੂਲਪੁਰੀ**



ਡਾ. ਬਲਦੇਵ ਸਿੰਘ ਬੱਦਨ ਨੇ ਨੈਸ਼ਨਲ ਬੁੱਕ ਟਰੱਸਟ, ਇੰਡੀਆਂ ਦੇ ਮੁੱਖ ਸੰਪਾਦਕ/ਸਯੁੰਕਤ ਨਿਰਦੇਸ਼ਕ ਦੇ ਅਹੁੱਦੇ 'ਤੇ ਰਹਿੰਦਿਆਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਸ਼ਲਾਘਾਯੋਗ ਕੰਮ ਕੀਤੇ। 32 ਭਾਰਤੀ ਭਾਸ਼ਾਵਾਂ ਦੇ ਮੁੱਖ ਸੰਪਾਦਕ ਹੋਣ ਦੇ ਨਾਲ ਹੀ ਉਨ੍ਹਾਂ ਨੇ ਟਰੱਸਟ ਵਲੋਂ ਪੰਜਾਬੀ ਭਾਸ਼ਾ ਵਿੱਚ 900 ਪੁਸਤਕਾਂ ਪ੍ਰਕਾਸ਼ਿਤ ਕੀਤੀਆ ਜੋ ਅੰਗਰੇਜ਼ੀ ਤੇ ਹਿੰਦੀ ਨੂੰ ਛੱਡ ਕੇ ਹੋਰ ਭਾਰਤੀ ਭਾਸ਼ਾਵਾਂ ਦੇ ਪ੍ਰਕਾਸ਼ਨ ਨਾਲੋਂ ਦੁੱਗਣੀ ਗਿਣਤੀ 'ਚ ਹਨ। ਉਨ੍ਹਾਂ ਨੇ ਟਰੱਸਟ ਵਲੋਂ ਪੰਜਾਬ ਵਿੱਚ 18 ਪੁਸਤਕ ਮੇਲੇ ਆਯੋਜਿਤ ਕੀਤੇ। 250 ਤੋਂ ਵੱਧ 5-5 ਦਿਨ ਦੀਆਂ ਪੁਸਤਕ ਪ੍ਰਦਰਸ਼ਨੀਆਂ ਲਗਾਈਆਂ। ਅਗਸਤ 2000 'ਚ ਉਨ੍ਹਾਂ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਅਨੁਵਾਦ ਪੁਰਸਕਾਰ, ਨਵੰਬਰ 2001 'ਚ ਪੰਜਾਬੀ ਅਕਾਦਮੀ ਦਿੱਲੀ ਦਾ ਅਨੁਵਾਦ ਪੁਰਸਕਾਰ, ਮਾਰਚ 2001 'ਚ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਨਾਲ ਸਨਮਾਣਿਤ ਕੀਤਾ ਗਿਆ। ਨੈਸ਼ਨਲ ਬੁੱਕ ਟਰੱਸਟ ਵਲੋਂ ਮਾਰਚ 1990 ਵਿੱਚ ਉਨ੍ਹਾਂ ਨੂੰ ਹੋਰਨਾਂ ਭਾਰਤੀ ਭਾਸ਼ਾਵਾਂ ਦੇ ਮੁਕਾਬਲੇ ਪੰਜਾਬੀ ਵਿੱਚ ਸਭ ਤੋਂ ਵੱਧ ਪੁਸਤਕਾਂ ਪ੍ਰਕਾਸ਼ਿਤ ਕਰਨ ਲਈ ਟਰੱਸਟ ਦੀ ਕਾਰਜਕਾਰਨੀ ਕਮੇਟੀ ਵਲੋਂ ਪ੍ਰਸੰਸਾ ਪੱਤਰ ਦਿੱਤਾ ਗਿਆ। ਟਰੱਸਟ ਵਿੱਚ ਕੰਮ ਕਰਦਿਆਂ ਉਨ੍ਹਾਂ ਨੂੰ ਬ੍ਰੇਲ ਲਿੱਪੀ ਵਿੱਚ ਪੁਸਤਕਾਂ ਪ੍ਰਕਾਸ਼ਿਤ ਕਰਕੇ ਪਾਏ ਅਹਿਮ ਯੋਗਦਾਨ ਲਈ ਉੜੀਸਾ ਦੇ ਰਾਜਪਾਲ ਵਲੋਂ 4 ਜਨਵਰੀ 2008 ਨੂੰ (**AICB Anne & Arnej Husbeg Braille promotion Award 2007)** ਨਾਲ ਸਨਮਾਣਿਤ ਕੀਤਾ ਗਿਆ। 30 ਅਪ੍ਰੈਲ 2013 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ 'ਪੰਜਾਬੀ ਸਾਹਿਤ ਪ੍ਰਕਾਸ਼ਨ ਦੇ ਖੇਤਰ ਵਿੱਚ ਪਾਏ ਵੱਡਮੁੱਲੇ ਯੋਗਦਾਨ' ਲਈ ਉਨਾਂ ਨੂੰ ਸਨਮਾਣਿਤ ਕੀਤਾ ਗਿਆ। 31 ਮਾਰਚ 2014 ਨੂੰ ਡਾ. ਬੱਦਨ ਟਰੱਸਟ ਵਿਚੋਂ ਸੇਵਾ ਮੁਕਤ ਹੋ ਗਏ। ਅਪ੍ਰੈਲ 2014 ਨੂੰ ਉਨ੍ਹਾਂ ਨੂੰ ਪੰਜਾਬੀ ਸਾਹਿਤ ਸਭਾ ਦਿੱਲੀ ਵਿਚ ਨਿਰਦੇਸ਼ਕ ਦੇ ਪਦ 'ਤੇ ਉਨ੍ਹਾਂ ਦੀ ਨਿਯੁਕਤੀ ਹੋਈ। 13 ਮਾਰਚ 2015 ਨੂੰ ਉਨ੍ਹਾਂ ਨੇ ਨਿਰਦੇਸ਼ਕ ਪਦ ਤੋਂ ਅਸਤੀਫ਼ਾ ਦੇ ਦਿੱਤਾ। ਪੇਸ਼ ਹਨ ਉਨ੍ਹਾਂ ਨਾਲ ਕੀਤੀ ਮੁਲਾਕਾਤ ਦੇ ਅੰਸ਼....

**ਭਗਵੰਤ ਰਸੂਲਪੁਰੀ: ਡਾ. ਬਦੱਨ ਜੀ ਅੱਜ ਕੱਲ ਕਿਹੜੀਆਂ ਪੁਸਤਕਾਂ ਤਿਆਰੀ ਅਧੀਨ ਹਨ?**

**ਡਾ. ਬੱਦਨ:** ਮੈਂ ਹੁਣੇ ਦੋ ਪੁਸਤਕਾਂ ਪੰਜਾਬੀ ਵਿੱਚ ਤਿਆਰ ਕੀਤੀਆਂ ਹਨ. ਸਾਅਦਤ ਹਸਨ ਮੰਟੋ ਦੀਆਂ ਹਿੰਦੋਸਤਾਨ -ਪਾਕਿਸਤਾਨ ਵੰਡ ਦੀਆਂ ਕਹਾਣੀਆਂ ਅਤੇ ਮੁਨਸ਼ੀ

ਪ੍ਰੇਮ ਚੰਦ ਦੀਆਂ ਚੋਣਵੀਆਂ ਕਹਾਣੀਆਂ ਪੁਸਤਕਾਂ ਛਪਾਈ ਅਧੀਨ ਹਨ। ‘ ਭਗਤ ਜਲ੍ਹਣ’ ਬਾਰੇ ਇੱਕ ਪੁਸਤਕ ਤਿਆਰ ਕੀਤੀ ਹੈ। ਪੰਜਾਬੀ ਕ੍ਰਿਸ਼ਨ ਕਾਵਿ ਅਤੇ ਪੰਜਾਬੀ ਰਾਮ ਕਾਵਿ ਦੋ ਪੁਸਤਕਾਂ ਤਿਆਰੀ ਅਧੀਨ ਹਨ। ਸਾਅਦਤ ਹਸਨ ਮੰਟੋ ਦੀਆਂ ਸਾਰੀਆਂ ਕਹਾਣੀਆਂ ’ ਪੁਸਤਕ ਦੇ ਪਰੂਫ਼ ਪੜ੍ਹੇ ਜਾ ਰਹੇ ਹਨ। ਬਾਲ ਸਾਹਿਤ ਦੀ ਇੱਕ ਪੁਸਤਕ ਦੇ ਚਿੱਤਰ ਬਣ ਰਹੇ ਹਨ।

**ਭ.ਰ.: ਟਰੱਸਟ ਨੇ ਇਸ ਤੋਂ ਪਹਿਲਾਂ ਵੀ ਤੁਹਾਡੀਆਂ ਬਾਲ ਸਾਹਿਤ ਦੀਆਂ 6 ਪੁਸਤਕਾਂ ਪੰਜਾਬੀ ਵਿੱਚ ਪ੍ਰਕਾਸ਼ਿਤ ਕੀਤੀਆ ਹਨ ਜਿਨ੍ਹਾਂ ਦੇ ਕਈ ਭਾਸ਼ਾਵਾਂ ਵਿੱਚ ਅਨੁਵਾਦ ਪ੍ਰਕਾਸ਼ਿਤ ਹੋਏ ਹਨ। ਬਾਲ ਸਾਹਿਤ ਦੀ ਪੁਸਤਕ ਕਿਸ ਅਦਾਰੇ ਵਲੋਂ ਛਪ ਰਹੀ ਹੈ?**

**ਡਾ. ਬੱਦਨ:** ਇਸ ਪੁਸਤਕ ਵਿੱਚ ਬਾਲਾਂ ਲਈ ਦੋ ਕਹਾਣੀਆਂ ਹਨ ਜੋ ਦਿੱਲੀ ਦੇ ਇੱਕ ਸਰਕਾਰੀ ਅਦਾਰੇ ਵਲੋਂ ਪ੍ਰਕਾਸ਼ਤ ਕੀਤੀ ਜਾਵੇਗੀ।

**ਭ.ਰ.: ਪੰਜਾਬੀ ਸਾਹਿਤ ਸਭਾ ਦਿੱਲੀ ਦੇ ਨਿਰਦੇਸ਼ਕ ਪਦ ਤੋਂ ਤੁਸੀਂ ਅਸਤੀਫ਼ਾ ਦਿੱਤਾ ਹੈ। ਡਾ. ਬੱਦਨ ਜੀ ਪੰਜਾਬੀ ਸਾਹਿਤ ਸਭਾ ਦਿੱਲੀ ਬਾਰੇ ਸੰਖੇਪ ਜਾਣਕਾਰੀ ਦਿਓ?**

**ਡਾ. ਬੱਦਨ:** ਪੰਜਾਬੀ ਸਾਹਿਤ ਸਭਾ ਦਿੱਲੀ ਦੀਆਂ ਪਿਛਲੇ ਸਾਲਾਂ ਦੀਆਂ ਸੰਖੇਪ ਗਤੀਵਿਧੀਆਂ ਦੀ ਰਿਪੋਰਟ ਵਿੱਚ ਦਿੱਤੀ ਜਾਣਕਾਰੀ ਅਨੁਸਾਰ ਸਭਾ ਦਾ ਸੰਖੇਪ ਇਤਿਹਾਸ ਇਸ ਤਰ੍ਹਾ ਹੈ.. ਪੰਜਾਬੀ ਸਾਹਿਤ ਸਭਾ ਦਿੱਲੀ ਦੀ ਸਥਾਪਨਾ ਜੂਨ 1943ਵਿੱਚ ਹੋਈ ਸੀ। ਗਿਆਨੀ ਹਰੀ ਸਿੰਘ ਦਾ ਗਿਆਨੀ ਕਾਲਜ ਸੰਨ 1942 ਤੋਂ ਉਨ੍ਹਾਂ ਦੇ ਘਰ ਚਲ ਰਿਹਾ ਸੀ। ਇਸ ਵਿੱਚ ਪੰਜਾਬ ਯੂਨੀਵਰਸਿਟੀ ਦੀ ਸਰਵ-ਉੱਚ ਪ੍ਰੀਖਿਆ ਗਿਆਨੀ ਵਾਸਤੇ ਪੜ੍ਹਾਈ ਦਾ ਮੁਫ਼ਤ ਪ੍ਰਬੰਧ ਸੀ। ਇਸ ਵਿੱਚ ਪੜ੍ਹ ਚੁੱਕੇ ਅਤੇ ਪੜ੍ਹ ਰਹੇ ਵਿਦਿਆਰਥੀਆਂ ਨੇ ਪੰਜਾਬੀ ਸਾਹਿਤ ਨਾਲ ਆਪਣੀ ਲਗਨ ਕਾਇਮ ਰੱਖਣ ਅਤੇ ਆਪਸੀ ਸੰਪਰਕ ਜਾਰੀ ਰੱਖਣ ਵਾਸਤੇ ਇਸ ਸਭਾ ਦੇ ਨਿਰਮਾਣ ਦਾ ਵਿਚਾਰ ਕੀਤਾ, ਪਰ ਨਾਲ ਹੀ ਦਿੱਲੀ ਵਿੱਚ ਪੰਜਾਬੀ ਨਾਲ ਪਿਆਰ ਰੱਖਣ ਵਾਲੇ ਹੋਰ ਸਾਥੀਆਂ ਨੂੰ ਵੀ ਰਲਾ ਲਿਆ ਅਤੇ ਪੰਜਾਬੀ ਸਾਹਿਤ ਸਭਾ ਇਸ ਉਦੇਸ਼ ਨੂੰ ਪੂਰਾ ਕਰਨ ਵਾਸਤੇ ਬਣਾਈ। ਸਭਾ ਦੀਆਂ ਬੈਠਕਾਂ ਗਿਆਨੀ ਹਰੀ ਸਿੰਘ ਦੇ ਘਰ 8, ਦਿਲਕੁਸ਼ਾ ਸੁਕੇਅਰ ਨਵੀਂ ਦਿੱਲੀ ਵਿਖੇ ਹਰ ਐਤਵਾਰ ਸ਼ੁਰੂ ਹੋਈਆਂ । ਇੱਕ ਨਿੱਕੀ ਜਿਹੀ ਲਾਇਬਰੇਰੀ ਗਿਆਨੀ ਕਾਲਜ ਵਾਸਤੇ ਪਹਿਲਾਂ ਹੀ ਸੀ, ਇਸੇ ਵਿੱਚ ਹੋਰ ਕਿਤਾਬਾਂ ਮਿਲਾ ਕੇ ਸਭਾ ਦੇ ਮੈਂਬਰਾਂ ਵਾਸਤੇ ਵੀ ਇਸ ਦੇ ਦਰਵਾਜ਼ੇ ਖੋਲ ਦਿੱਤੇ ਗਏ। ਸਪਤਾਹਿਕ ਬੈਠਕਾਂ ਦਾ ਇਹ ਸਿਲਸਿਲਾ 1943 ਤੋਂ ਲੈ ਕੇ 1974 ਤਕ ਨਿਰੰਤਰ ਚਲਦਾ ਰਿਹਾ। ਇਹ ਇਕੱਤ੍ਰਤਾਵਾਂ ਸ. ਪਿਆਰਾ ਸਿੰਘ ਐਮ. ਏ., ਡਾ. ਵਣਜਾਰਾ ਬੇਦੀ ਅਤੇ ਸ. ਪ੍ਰੇਮ ਸਿੰਘ ਦੇ ਘਰ ਵੀ ਹੁੰਦੀਆਂ ਸਨ । ਪੰਜਾਬੀ ਸਾਹਿਤ ਸਭਾ ਦੇ ਸ਼ੁਰੂ ਦੇ ਸਾਲਾਂ ਵਿੱਚ ਸ੍ਰੀ ਮਹਿੰਦਰ ਸਿੰਘ ਸਰਨਾ, ਸ੍ਰੀ ਗੁਰਮੁਖ ਸਿੰਘ ਜੀਤ, ਸ੍ਰੀ ਵੇਦ ਪ੍ਰਕਾਸ਼ ਸ਼ਰਮਾ, ਸ੍ਰੀ ਪ੍ਰਕਾਸ਼ ਸ਼ਿਮਲਵੀ ਤੇ ਸ੍ਰੀ ਓਮ ਪ੍ਰਕਾਸ਼ ਬਜਾਜ ਨੇ ਕਈ ਸਾਲ ਬਤੌਰ ਸਕੱਤਰ ਦੀ ਸੇਵਾ ਨਿਭਾਈ ਹੈ। ਇਸ ਦੇ ਮੁੱਢਲੇ ਪ੍ਰਧਾਨ ਸ੍ਰੀ ਅਮੀਰ ਚੰਦ ਖੰਨਾ ਸਨ। ਬਾਅਦ ਵਿੱਚ ਸ੍ਰੀ ਆਈ. ਸੀ. ਨੰਦਾ ਵੀ ਇਸ ਦੇ ਪ੍ਰਧਾਨ ਰਹੇ ਹਨ। ਪੰਜਾਬੀ ਸਾਹਿਤ ਸਭਾ ਵਲੋਂ ਪਹਿਲਾ ਪਬਲਿਕ ਜਲਸਾ 5 ਦਸੰਬਰ 1945 ਨੂੰ ਗੁਰਦੁਆਰਾ ਬੰਗਲਾ ਸਾਹਿਬ ਹਾਲ ਵਿੱਚ ਹੋਇਆ ਸੀ। ਪ੍ਰਧਾਨਗੀ ਪ੍ਰਿੰਸੀਪਲ ਗੁਰਮੁਖ ਨਿਹਾਲ ਸਿੰਘ ਜੀ ਨੇ ਕੀਤੀ ਸੀ। ਸਭਾ ਨੇ ਦਿੱਲੀ ਯੂਨੀਰਸਿਟੀ ਦੇ ਪੰਜਾਬੀ ਪੜ੍ਹਨ ਵਾਲੇ ਵਿਦਿਆਰਥੀਆਂ ਵਾਸਤੇ ਪੜ੍ਹਾਈ ਦਾ



ਪ੍ਰਬੰਧ ਪ੍ਰਾਈਵੇਟ ਤੌਰ ਉੱਤੇ ਆਪਣੇ ਜ਼ਿੰਮੇ ਲਿਆ ਅਤੇ ਇਹ ਸੇਵਾ ਗਿਆਨੀ ਹਰੀ ਸਿੰਘ ਨੂੰ ਸੌਂਪੀਂ ਗਈ। ਜਦੋਂ ਦਿੱਲੀ ਯੂਨੀਵਰਸਿਟੀ ਵਲੋਂ ਇੱਕ ਪੰਜਾਬੀ ਟੀਚਰ ਰੱਖਿਆ ਗਿਆ, ਸਭਾ ਨੇ ਆਪਣਾ ਪ੍ਰਾਈਵੇਟ ਪ੍ਰਬੰਧ ਸਮਾਪਤ ਕਰ ਦਿੱਤਾ। ਇਸ ਦੇ ਨਾਲ ਹੀ ਦਿੱਲੀ ਦੇ ਸਰਕਾਰੀ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਦਾ ਕੰਮ ਸ਼ੁਰੂ ਕਰਵਾਉਣ ਅਤੇ ਤੋੜ ਨਿਭਾਉਣ ਵਾਸਤੇ ਸਭਾ ਨੇ ਗਿਆਨੀ ਕੁਲਦੀਪ ਸਿੰਘ ਨੂੰ ਨਿਯੁਕਤ ਕੀਤਾ। ਪੰਜਾਬੀ ਸਾਹਿਤ ਸਭਾ ਨੇ ਨਿੱਕੀਆਂ ਵੱਡੀਆਂ 19 ਪੁਸਤਕਾਂ ਪੰਜਾਬੀ ਬੋਲੀ ਵਿੱਚ ਪ੍ਰਕਾਸ਼ਿਤ ਕੀਤੀਆਂ। ਇਨ੍ਹਾਂ ਵਿਚੋਂ ਕੁਝ ਪੁਸਤਕਾਂ ਕੋਰਸਾਂ ਵਿੱਚ ਵੀ ਲੱਗੀਆਂ ਰਹੀਆਂ। ( ਅੱਜਕੱਲ ਸਭਾ ਨੇ ਭਾਪਾ ਪ੍ਰੀਤਮ ਸਿੰਘ ਅਭਿਨੰਦਨ ਗ੍ਰੰਥ ਤੇ ਸ੍ਰੀ ਕਰਤਾਰ ਸਿੰਘ ਦੁੱਗਲ ਦੇ ਕਵਿਤਾ ਸੰਗ੍ਰਿਹ ਵੀ ਪ੍ਰਕਾਸ਼ਿਤ ਕੀਤੇ ਹਨ। ਸੰਨ 1963 ਵਿੱਚ ਸਾਹਿਤ ਸਮੀਖਿਆ ਬੋਰਡ ਦਾ ਆਮ ਜਲਸਾ ਨਵੀਂ ਦਿੱਲੀ ਟਾਉਨ ਹਾਲ ਵਿੱਚ ਪੰਜਾਬੀ ਸਾਹਿਤ ਸਭਾ ਦੇ ਸਹਿਯੋਗ ਨਾਲ ਹੋਇਆ ਸੀ। ਇਸ ਮੌਕੇ ਉੱਤੇ ਲਾਲਾ ਮੇਹਰ ਚੰਦ ਖੰਨਾ ਕੇਂਦਰੀ ਵਜ਼ੀਰ ਮੁੱਖ ਮਹਿਮਾਨ ਸਨ। ਸਭਾ ਦੇ ਸਰਪ੍ਰਸਤ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਜੀ ਨੇ ਖੰਨਾ ਸਾਹਿਬ ਸਾਹਮਣੇ ਇਹ ਪ੍ਰਸਤਾਵ ਰੱਖਿਆ ਕਿ ਦੇਸ਼ ਦੀਆਂ ਹੋਰ ਬੋਲੀਆਂ ਨੂੰ ਆਪੋ ਆਪਣੇ ਭਵਨ ਨਿਰਮਾਣ ਵਾਸਤੇ ਕੇਂਦਰੀ ਸਰਕਾਰ ਜ਼ਮੀਨ ਦੇ ਰਹੀ ਹੈ। ਇਸੇ ਤਰਾਂ ਪੰਜਾਬੀ ਬੋਲੀ ਅਤੇ ਸਾਹਿਤ ਵਾਸਤੇ ਵੀ ਜ਼ਮੀਨ ਪੰਜਾਬੀ ਸਾਹਿਤ ਸਭਾ ਨੂੰ ਅਲਾਟ ਕਰਨੀ ਚਾਹੀਦੀ ਹੈ। ਖੰਨਾ ਨੇ ਇਹ ਪ੍ਰਸਤਾਵ ਪ੍ਰਵਾਨ ਕਰਨ ਦਾ ਪੂਰਾ ਭਰੋਸਾ ਦਿਵਾਇਆ। ਚੂਨਾਚਿ ਲੱਗਭਗ 2000 ਮੁਰੱਬਾ ਗਜ਼ ਦਾ ਪਲਾਟ ਪੰਜਾਬੀ ਸਾਹਿਤ ਸਭਾ ਨੂੰ ਸੰਨ 1965 ਵਿੱਚ ਰਾਊਜ਼ ਐਵਨਿਊ (ਦੀਨ ਦਿਆਲ ਉਪਇਧਿਆ ਮਾਰਗ) ਉੱਤੇ ਉਪਚਾਰਕ ਤੌਰ ਤੇ ਅਲਾਟ ਕੀਤਾ ਗਿਆ। ਇਸ ਪਲਾਟ ਦੇ ਭੁਗਤਾਨ ਵਾਸਤੇ ਕੁਝ ਰਕਮ ਸਵਰਗਵਾਸੀ ਡਾ. ਗੁਰਬਖਸ਼ ਸਿੰਘ, ਗੁਰਕੋ ਫਾਰਮੇਸੀ ਵਾਲਿਆ ਨੇ ਸਹਾਇਤਾ ਵਜੋਂ ਦਿੱਤੀ। ਬਾਕੀ ਦੀ ਸਾਰੀ ਰਕਮ ਸਰਦਾਰ ਪ੍ਰੀਤਮ ਸਿੰਘ ਨਵਯੁੱਗ ਪ੍ਰੈਸ ਵਾਲਿਆ ਦਸਤੀ ਉਧਾਰ ਵਜੋਂ ਦਿੱਤੀ ਸੀ। ਉਸ ਸਮੇਂ ਸ੍ਰੀਮਤੀ ਪ੍ਰਭਜੋਤ ਕੌਰ ਸਭਾ ਦੇ ਪ੍ਰਧਾਨ ਸਨ ਅਤੇ ਉਹ ਪੰਜਾਬ ਵਿਧਾਨ ਪ੍ਰੀਸ਼ਦ ਦੇ ਮੈਂਬਰ ਵੀ ਸਨ। ਸ਼੍ਰੀਮਤੀ ਪ੍ਰਭਜੋਤ ਕੌਰ ਦੇ ਉੱਦਮ ਨਾਲ ਇਹ ਸਾਰੀ ਰਕਮ ਪੰਜਾਬ ਸਰਕਾਰ ਤੋਂ ਗਰਾਂਟ ਦੇ ਰੂਪ ਵਿੱਚ ਪ੍ਰਾਪਤ ਕਰਕੇ ਸਰਦਾਰ ਪ੍ਰੀਤਮ ਸਿੰਘ ਜੀ ਦਾ ਉਧਾਰ ਸਾਲ ਦੇ ਅੰਦਰ ਹੀ ਮੋੜਿਆ ਗਿਆ ਸੀ। 21 ਨਵੰਬਰ 1984 ਨੂੰ ਪੰਜਾਬੀ ਸਾਹਿਤ ਸਭਾ ਦੀ ਇੱਕ ਇਕੱਤ੍ਰਤਾ ਸ੍ਰੀ ਕਰਤਾਰ ਸਿੰਘ ਦੁੱਗਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਭਾਪਾ ਪ੍ਰੀਤਮ ਸਿੰਘ ਨੂੰ ਸਰਵਸੰਮਤੀ ਨਾਲ ਚੇਅਰਮੈਨ ਚੁਣ ਲਿਆ ਗਿਆ। 30 ਮਾਰਚ 1985 ਨੂੰ ਸਭਾ ਦੀਆਂ ਬਕਾਇਦਾ ਚੋਣਾਂ ਹੋਈਆ ਜਿਸ ਵਿੱਚ ਉਪਚਾਰਕ ਤੌਰ ਤੇ ਸਰਵਸੰਮਤੀ ਨਾਲ ਭਾਪਾ ਪ੍ਰੀਤਮ ਸਿੰਘ ਨੂੰ ਚੇਅਰਮੈਨ ਦੀ ਜ਼ਿੰਮੇਵਾਰੀ ਸੌਂਪੀ ਗਈ। ਭਾਵੇਂ ਪਲਾਟ ਦੀ ਜ਼ਮੀਨ ਦੀ ਰਕਮ ਨੂੰ ਤਾਰਿਆਂ ਲੱਗਭੱਗ 16-17 ਸਾਲ ਹੋ ਚੁੱਕੇ ਸਨ....ਇਹ ਚਮਤਕਾਰ ਹੀ ਸੀ ਕਿ 11 ਜੁਲਾਈ 1985 ਨੂੰ ਸ਼ਾਮੀਂ 5.30 ਵਜੇ ਸਰਕਾਰੀ ਅਹਿਲਕਾਰ (ਲੈਂਡ ਐਂਡ ਡਿਵੈਲਪਮੈਂਟ ਦਿੱਲੀ ਦੇ ਅਧਿਕਾਰੀ) ਜ਼ਮੀਨ ਦੀ ਨਿਸ਼ਾਨਦੇਹੀ ਕਰਕੇ ਪਲਾਟ ਦਾ ਕਬਜ਼ਾ ਲੈ ਗਏ। ਪੰਜਾਬੀ ਸਾਹਿਤ ਸਭਾ ਦਿੱਲੀ ਸ਼ੋਸਾਇਟੀਜ਼ ਰਜਿਸਟ੍ਰੇਸ਼ਨ ਐਕਟ (11) 1860 ਦੇ ਅਧੀਨ ਇੱਕ ਰਜਿਸਟਰਡ ਬਾਡੀ ਹੈ। ਇਹ 8 ਅਗਸਤ 1955 ਨੂੰ ਰਜਿਸਟਰਡ ਕਰਵਾਈ ਗਈ ਸੀ ਭਾਵੇਂ ਇਸ ਦੀ ਸਥਾਪਨਾ ਗਿਆਨੀ ਹਰੀ ਸਿੰਘ ਨੇ

1943 ਵਿੱਚ ਕੀਤੀ ਸੀ।

**ਭ.ਰ.: ਬੱਦਨ ਜੀ ਤੁਸੀਂ ਜੋ ਜਾਣਕਾਰੀ ਦਿੱਤੀ ਹੈ ਉਸ ਤੋਂ ਸਪੱਸ਼ਟ ਹੈ ਕਿ ਪੰਜਾਬੀ ਸਾਹਿਤ ਸਭਾ ,ਦਿੱਲੀ ਨੂੰ ਆਪਣੇ ਖੂਨ ਪਸੀਨੇ ਦੀ ਕਮਾਈ ਨਾਲ ਸਿੰਜਣ ਵਾਲੇ ਹੋਰ ਲੇਖਕ ਸਨ ਪਰ ਇੱਥੇ ਕਾਬਜ਼ ਹੋਰ ਲੋਕ ਹਨ। ਇਸ ਦੇ ਮੈਂਬਰਾਂ ਬਾਰੇ ਜਾਣਕਾਰੀ ਦਿਓ?**

**ਡਾ. ਬੱਦਨ:** ਭਗਵੰਤ ਜੀ ਤੁਸੀਂ ਬਿਲਕੁਲ ਠੀਕ ਕਿਹਾ । ਇਸ ਸਭਾ ਦੇ ਜਨਮਦਾਤੇ ਮੈਂਬਰਾਂ ਦੇ ਪਰਿਵਾਰਾਂ ਨਾਲੋਂ ਸਭਾ ਜਾਣ ਬੁੱਝ ਕੇ ਟੁੱਟੀ ਹੋਈ ਹੈ। ਸਿਰਫ਼ ਗਿਆਨੀ ਹਰੀ ਸਿੰਘ ਦਾ ਬੇਟਾ ਡਾ. ਦਲਜੀਤ ਸਿੰਘ ਕਲੇਅਰ ਸਭਾ ਦੇ ਜੀਵਨ ਮੈਂਬਰ ਹੈ, ਪਰ ਉਹ ਕਦੇ ਕਿਸੇ ਮੀਟਿੰਗ ਵਿੱਚ ਨਹੀਂ ਆਇਆ। ਅੱਜ ਕੱਲ ਸਭਾ ਦੇ ਫਾਉਂਡਰ ਮੈਂਬਰ ਸ਼. ਗੁਲਜ਼ਾਰ ਸਿੰਘ ਸੰਧੂ, ਡਾ. ਰੇਣੂਕਾ ਸਿੰਘ (ਭਾਪਾ ਪ੍ਰੀਤਮ ਸਿੰਘ ਦੀ ਧੀ), ਡਾ. ਮਹਿੰਦਰ ਕੌਰ ਗਿੱਲ, ਪਿਆਰਾ ਸਿੰਘ ਐਮ. ਏ., ਚਰਨਜੀਤ ਸਿੰਘ ਚੰਨ, ਦਰਸ਼ਨ ਸਿੰਘ ਅਤੇ ਬਚਿੰਤ ਕੌਰ। ਕਾਰਜਕਾਰਨੀ ਦੇ ਮੈਂਬਰ ਹਨ. ਸ੍ਰੀ ਗੁਲਜ਼ਾਰ ਸਿੰਘ ਸੰਧੂ (ਪ੍ਰਧਾਨ), ਡਾ. ਰੇਣੂਕਾ ਸਿੰਘ (ਚੇਅਰ ਪਰਸਨ-ਵਾਇਸ ਪ੍ਰੈਜ਼ੀਡੈਂਟ), ਡਾ. ਮਹਿੰਦਰ ਕੌਰ ਗਿੱਲ (ਜਨਰਲ ਸਕੱਤਰ), ਸ੍ਰੀ ਬਲਬੀਰ ਮਾਧੋਪੁਰੀ (ਸਕੱਤਰ) ਚਰਨਜੀਤ ਸਿੰਘ ਚੰਨ (ਖਜ਼ਾਨਚੀ) ਅਤੇ ਦਰਸ਼ਨ ਸਿੰਘ (ਮੈਂਬਰ), ਬਚਿੰਤ ਕੌਰ (ਮੈਂਬਰ), ਡਾ. ਕੁਲਜੀਤ (ਮੈਂਬਰ) ਅਤੇ ਡਾ. ਕਰਨਜੀਤ ਸਿੰਘ (ਵਿਸ਼ੇਸ਼ ਤੌਰ 'ਤੇ ਬੁਲਾਇਆ ਜਾਂਦਾ ਹੈ।) ਜੀਵਨ ਮੈਂਬਰ ਹਨ. ਸ੍ਰੀ ਗੁਰਬਚਨ, ਮਹਿੰਦਰ ਸਿੰਘ ਪਰਵਾਨਾ, ਓ.ਪੀ. ਆਨੰਦ, ਐਸ. ਐਲ. ਭਟਨਾਗਰ, ਸ੍ਰੀਮਤੀ ਜਤੋਸਿਨਾ ਪਾਲ, ਵਰਿਆਮ ਮਸਤ, ਕੁਲਜੀਤ ਸ਼ੈਲੀ, ਪ੍ਰੋ. ਰਣਜੀਤ ਸਿੰਘ, ਅਸ਼ੋਕ ਵਸ਼ਿਸ਼ਠ ਅਤੇ ਕਰਨਜੀਤ ਸਿੰਘ।

**ਭ.ਰ.: ਪੰਜਾਬੀ ਸਾਹਿਤ ਸਭਾ ਤੇ ਸਿਰਫ਼ ਇਹ 20 ਮੈਂਬਰ ਹੀ ਕਾਬਜ਼ ਹਨ। ਪੰਜਾਬੀ ਸਾਹਿਤ ਸਭਾ ਦੇ ਮੈਂਬਰ ਘੱਟੋ ਘੱਟ ਲੇਖਕ ਤਾਂ ਹੋਣ ਪਰ ਇਹ ਜੀ .ਐਸ. ਪੁਰੀ, ਐਸ. ਐਲ. ਭਟਨਾਗਰ ਤੇ ਜੋਤਸਿਨਾ ਪਾਲ ...ਕੌਣ ਹਨ?**

**ਡਾ. ਬੱਦਨ:** ...ਭਗਵੰਤ ਜੀ ਜਿਨ੍ਹਾਂ ਮੈਂਬਰਾਂ ਦਾ ਤੁਸੀਂ ਜ਼ਿਕਰ ਕੀਤਾ ਹੈ ਇਨ੍ਹਾਂ ਦਾ ਪੰਜਾਬੀ ਨਾਲ ਦੂਰ ਦਾ ਵੀ ਵਾਸਤਾ ਨਹੀਂ । ਮੈਂ ਸਭਾ'ਚ 11 ਮਹੀਨੇ ਡਾਇਰੈਕਟਰ ਵਜੋਂ ਕੰਮ ਕੀਤਾ ਪਰ ਹਮੇਸ਼ਾ ਦੀ ਤਰ੍ਹਾਂ ਸ੍ਰੀ ਕੰਵਰਜੀਤ ਸਿੰਘ ਚਾਵਲਾ, ਡਾ. ਨੇਕੀ, ਡਾ. ਕਲੇਅਰ, ਜੇ ਐਸ ਪੁਰੀ, ਡਾ. ਗੁਰਬਚਨ, ਮਹਿੰਦਰ ਸਿੰਘ ਪਰਵਾਨਾ , ਜੋਤਸਿਨਾ ਪਾਲ, ਵਰਿਆਮ ਮਸਤ ਕਦੇ ਕਿਸੇ ਬੈਠਕ ਵਿੱਚ ਸ਼ਾਮਲ ਨਹੀਂ ਹੋਏ।

**ਭ.ਰ.: ਤਾਂ ਫਿਰ ਪ੍ਰਧਾਨ, ਚੇਅਰ ਪਰਸਨ, ਜਨਰਲ ਸਕੱਤਰ , ਸਕੱਤਰ , ਖਜ਼ਾਨਚੀ ਦੀ ਚੋਣ ਕਿਵੇਂ ਹੁੰਦੀ ਹੈ?**

**ਡਾ. ਬੱਦਨ:** ਕਾਰਜਕਾਰਨੀ ਦੇ ਤਿੰਨ ਮੈਂਬਰ ਚੇਅਰ ਪਰਸਨ ਚੁਣ ਲੈਂਦੇ ਹਨ। ਚੇਅਰ ਪਰਸਨ ਦੀ ਤਰਾਂ ਹੀ ਪ੍ਰਧਾਨ ਦੀ ਚੋਣ ਹੁੰਦੀ ਹੈ ਤੇ ਚੇਅਰ ਪਰਸਨ ਜਨਰਲ ਸਕੱਤਰ , ਸਕੱਤਰ ਅਤੇ ਖਜ਼ਾਨਚੀ ਚੁਣ ਲੈਂਦੇ ਹਨ। ਚੇਅਰ ਪਰਸਨ ਹੀ ਮੈਂਬਰਾਂ ਦੀ ਚੋਣ ਕਰ ਲੈਂਦੇ ਹਨ।

**ਭ.ਰ.: ਤੁਹਾਡੀ ਜਾਣਕਾਰੀ ਅਨੁਸਾਰ ਪੰਜਾਬੀ ਸਾਹਿਤ ਸਭਾ ਤਾਂ ਦਿੱਲੀ ਦੇ ਸਾਰੇ ਲੇਖਕਾਂ ਅਤੇ ਸਭਾਵਾਂ ਦੀ ਹੋਣੀ ਚਾਹੀਦੀ ਹੈ, ਪਰ ਇਸ ਦੇ 15 ਮੈਂਬਰ ਹੀ ਕਿਉ? ਦਿੱਲੀ ਵਿੱਚ ਤਾਂ 200 ਤੋਂ ਵੱਧ ਪੰਜਾਬੀ ਲੇਖਕ, ਹਜ਼ਾਰਾਂ ਦੀ ਗਿਣਤੀ ਵਿੱਚ ਲੈਕਚਰਾਰ, ਅਸਿਸਟੈਂਟ**



**ਪ੍ਰੋਫ਼ੈਸਰ, ਪ੍ਰੋਫ਼ੈਸਰ ਤੇ ਅਧਿਆਪਕ ਹਨ। 12 ਤੋਂ ਵੱਧ ਸਾਹਿਤ ਸਭਾਵਾਂ ਵੀ ਹਨ।**

**ਡਾ. ਬੱਦਨ:** ਤੁਸੀਂ ਠੀਕ ਕਿਹਾ ਭਗਵੰਤ ਜੀ, ਕੇਂਦਰੀ ਪੰਜਾਬੀ ਸਾਹਿਤ ਸੰਮੇਲਨ( ਰਜਿ.) ਦਿੱਲੀ ਦੇ ਜਨਰਲ ਸਕੱਤਰ ਸ੍ਰੀ ਮੋਹਨ ਸਿੰਘ ਬੈਰੀ ਨੇ 29 ਜੂਨ ਨੂੰ ਅਤੇ ਪ੍ਰਧਾਨ ਡਾ. ਮਨਜੀਤ ਸਿੰਘ ਨੇ 14 ਜੂਨ 2006 ਨੂੰ ਪੰਜਾਬੀ ਸਾਹਿਤ ਸਭਾ ਨੂੰ ਖ਼ਤ ਲਿਖੇ ਤੇ 13 ਅਗਸਤ 2006 ਨੂੰ ਪੰਜਾਬੀ ਟ੍ਰਿਬਿਊਨ ਵਿੱਚ ਸਭਾ ਦੇ ਖਿਲਾਫ ਖ਼ਬਰ ਲੱਗੀ ਤਾਂ ਜਾ ਕੇ ਗਿਆਨੀ ਹਰੀ ਸਿੰਘ, ਗਿਆਨੀ ਕੁਲਦੀਪ ਸਿੰਘ ਅਤੇ ਡਾ. ਵਣਜਾਰਾ ਬੇਦੀ ਦੀਆਂ ਤਸਵੀਰਾਂ ਪੰਜਾਬੀ ਸਾਹਿਤ ਸਭਾ ਦੇ ਤਹਿਖਾਨੇ ਵਿੱਚ ਲਗਾਈਆਂ ਗਈਆਂ। ਕੇਂਦਰੀ ਸਾਹਿਤ ਸੰਮੇਲਨ ਨੇ ਚਿੱਠੀਆਂ ਭੇਜ ਕੇ ਪੰਜਾਬੀ ਭਵਨ ਦਿੱਲੀ ਦੇ ਕੰਮ ਕਰਨ ਦੇ ਢੰਗ ਨੂੰ ਪੰਜਾਬੀ ਸਾਹਿਤ ਅਕਾਦਮੀ ਲੁਧਿਆਨਾ ਦੇ ਮਾਡਲ ਉੱਪਰ ਵੱਧ ਤੋਂ ਵੱਧ ਡੈਮੋਕਰੇਟਿਕ ਬਣਾਉਣ ਦੀ ਗੱਲ ਕਈ ਵਾਰ ਉਠਾਈ ਹੈ। ਪੰਜਾਬੀ ਸਾਹਿਤ ਸਭਾ ਵਲੋਂ ਲੇਖਕਾਂ ਨੂੰ ਮੈਂਬਰ ਨਾ ਬਣਾਏ ਜਾਣ ਦਾ ਸਵਾਲ ਡਾ. ਰਵੇਲ ਸਿੰਘ ਨੇ ਵੀ ਉਠਾਇਆ ਹੈ। ਇਕ ਪੁਸਤਕ ਜਿਸ ਵਿੱਚ ਡਾ. ਰਵੇਲ ਸਿੰਘ ਦਾ ਖੋਜ ਪੱਤਰ ਸ਼ਾਮਲ ਹੈ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪ੍ਰਕਾਸ਼ਿਤ ਕੀਤੀ ਹੈ। ਸ੍ਰੀ ਓ .ਪੀ. ਅਨੰਦ ਜੋ ਪੰਜਾਬੀ ਸਾਹਿਤ ਸਭਾ ਦਿੱਲੀ ਦੇ ਜੀਵਨ ਮੈਂਬਰ ਹਨ, ਉਹ ਵੀ ਇੱਕ ਬੈਠਕ ਵਿੱਚ ( ਜਿਸ ਵਿੱਚ ਮੈਂ ਵੀ ਸ਼ਾਮਲ ਸੀ) ਸਭਾ ਦੇ ਕੰਮ ਕਰਨ ਦੇ ਢੰਗ 'ਤੇ ਸਵਾਲ ਉਠਾ ਚੁੱਕੇ ਹਨ। ਪੰਜਾਬੀ ਸਾਹਿਤ ਸਭਾ ਦੇ ਕੰਮ ਕਰਨ ਦੇ ਢੰਗ ਬਾਰੇ ਹੋਰ ਜਾਨਣਾ ਚਾਹੋ ਤਾਂ ਡਾ. ਕਰਨਜੀਤ ਸਿੰਘ ਦੀ ਪ੍ਰਕਾਸ਼ਿਤ ਸਵੈ-ਜੀਵਨੀ ' ਏਕ ਮੇਰੀ ਬਾਤ' ( ਭਾਗ-3) ਪੜ੍ਹੀ ਜਾ ਸਕਦੀ ਹੈ। ਮੈਂ ਵੀ ਇਥੇ ਇੱਕ ਸਾਲ ਨਿਰਦੇਸ਼ਕ ਵਜੋਂ ਕੰਮ ਕਰਦਿਆ ਦੇਖਿਆ ਕਿ ਸਭਾ ਵਿੱਚ ਇੱਕ ਪ੍ਰਤੀਸ਼ਤ ਵੀ ਦਫ਼ਤਰ ਵਾਲਾ ਮਾਹੌਲ ਨਹੀਂ ਹੈ। ਜੋ ਸਭਾ ਦਾ ਮੈਂਬਰ ਬਣਨਾ ਚਾਹੁੰਦੇ ਹਨ, ਉਨ੍ਹਾਂ ਨੂੰ ਕੋਈ ਜਵਾਬ ਨਹੀਂ ਦਿੱਤਾ ਜਾਂਦਾ। ਦਿੱਲੀ ਦੀਆਂ 5-5 ਸਾਹਿਤ ਸਭਾਵਾਂ ਇੱਕਠੀਆਂ ਹੋ ਕੇ ਪੁਸਤਕ ਪ੍ਰਦਰਸ਼ਨੀ ਲਈ ਵਿੱਤੀ ਸਹਾਇਤਾ ਦੀ ਮੰਗ ਕਰਦੀਆਂ ਹਨ, ਉਹਨਾਂ ਦੀ ਚਿੱਠੀ ਦਾ ਕੋਈ ਜਵਾਬ ਨਹੀਂ ਦਿੱਤਾ ਜਾਂਦਾ।

**ਭ.ਰ.: ਪੰਜਾਬੀ ਸਾਹਿਤ ਸਭਾ ਦਿੱਲੀ ਦੀ ਅਰਬਾਂ ਰੁਪਏ ਦੀ ਇਮਾਰਤ 'ਚੋਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਲਈ ਕੀ ਕੰਮ ਹੋ ਰਿਹਾ ਹੈ? ਲੱਗਦਾ ਹੈ ਇਨ੍ਹਾਂ ਦੇ ਪੰਜਾਬੀ ਭਾਸ਼ਾ ਲਈ ਕੰਮ ਕਰਨ ਦਾ ਦਾਇਰਾ ਬਹੁਤ ਹੀ ਸੀਮਿਤ ਹੋਵੇਗਾ?**

**ਡਾ. ਬੱਦਨ:** ਸਭਾ ਵਿੱਚ ਸਿਰਫ਼ 7 ਪ੍ਰਕਾਰ ਦੇ ਕੰਮ ਹੀ ਹੁੰਦੇ ਹਨ। ਪੰਜਾਬੀ ਲੇਖਕਾਂ ਦੀ ਮਾਸਿਕ ਇਕੱਤਰਤਾ, ਤ੍ਰੈ-ਮਾਸਿਕ 'ਸਮਕਾਲੀ ਸਾਹਿਤ' ਦਾ ਪ੍ਰਕਾਸ਼ਨ , ਸਭਾ ਵਲੋਂ ਹਰਿਆਣਾ ,ਪੰਜਾਬ, ਦਿੱਲੀ ਆਦਿ 'ਚ 200 ਲਾਇਬਰੇਰੀਆਂ ਚਲਾਈਆਂ ਜਾ ਰਹੀਆਂ ਹਨ। ਲਾਇਬ੍ਰੇਰੀਆਂ ਨੂੰ ਪੁਸਤਕਾਂ ਦੇ ਨਾਲ ਪੰਜਾਬੀ ਦੇ 7-8 ਮੈਗਜ਼ੀਨ ਭੇਜੇ ਜਾਂਦੇ ਹਨ। 40 ਪੰਜਾਬੀ ਲੇਖਕਾਂ ਨੂੰ ਫੈਲੋਸ਼ਿਪ , ਦਿੱਲੀ ਯੂਨੀਵਰਸਿਟੀ ਵਿੱਚ ਪੰਜਾਬੀ ਪੜ੍ਹਨ ਵਾਲੇ 3 ਤੋਂ 5 ਵਿਦਿਆਰਥੀਆਂ ਨੂੰ ਵਜ਼ੀਫ਼ਾ ਦੇਣਾ। ਹਰ ਸਾਲ ਪੰਜਾਬੀ ਦੇ ਤਿੰਨ ਲੇਖਕਾਂ ਦਾ ਸਨਮਾਨ। ਪੰਜਾਬੀ ਸਾਹਿਤ ਸਭਾ 'ਚ ਬੁੱਕ ਸ਼ਾਪ। ਕਦੇ ਕਦਾਈ ਕੋਈ ਸੈਮੀਨਾਰ ਕਰਵਾ ਦਿੰਦੇ ਹਨ। ਫ਼ੈਲੋਸ਼ਿਪ ,ਵਜ਼ੀਫ਼ਾ ਤੇ ਸਨਮਾਨ 'ਚ ਤਾਂ ਚੈੱਕ ਹੀ ਵੰਡੇ ਜਾਂਦੇ ਹਨ। ਬਾਕੀ ਸਾਹਿਤਕ ਕੰਮ ਤੁਹਾਡੇ ਸਾਹਮਣੇ ਹੈ। ਕਦੇ ਕਦਾਈ ਕਿਸੇ ਬਿਮਾਰ ਲੇਖਕ ਦੀ ਆਰਥਿਕ ਸਹਾਇਤਾ ਕੀਤੀ ਜਾਂਦੀ ਹੈ।

**ਭ.ਰ.: ਤੁਸੀਂ 200 ਲਾਇਬ੍ਰੇਰੀਆਂ ਲਈ ਪੰਜਾਬੀ ਦੀਆਂ 200- 200 ਪੁਸਤਕਾਂ ਖਰੀਦਣ ਦੀ ਗੱਲ ਕੀਤੀ ਹੈ। ਪੁਸਤਕਾਂ ਦੀ ਚੋਣ ਕੌਣ ਕਰਦਾ ਹੈ?**

**ਡਾ. ਬੱਦਨ:** ਪੁਸਤਕਾਂ ਦੀ ਚੋਣ ਲਈ ਤਿੰਨ ਮੈਂਬਰੀ ਕਮੇਟੀ 'ਚ ਡਾ. ਰੇਣੂਕਾ ਸਿੰਘ, ਡਾ. ਮਹਿੰਦਰ ਕੌਰ ਗਿੱਲ, ਅਤੇ ਦਰਸ਼ਨ ਸਿੰਘ ਸ਼ਾਮਲ ਹਨ। ਮੈਂ ਦੇਖਿਆ ਹੈ ਕਿ ਪੁਸਤਕਾਂ ਦੀ ਚੋਣ ਦੇ ਢੰਗ 'ਚ ਪਾਰਦਰਸ਼ਤਾ ਬਿਲਕੁਲ ਨਹੀਂ ਹੈ। ਸਿਰਫ਼ ਨਵਯੁੱਗ ਪ੍ਰਕਾਸ਼ਨ ਦੀਆਂ ਪੁਸਤਕਾਂ ਦੀ ਸਪਲਾਈ ਕਰਨ ਲਈ ਹੀ ਲਾਇਬ੍ਰੇਰੀਆਂ ਖੋਲੀਆਂ ਗਈਆਂ ਹਨ। ਭਾਵੇਂ ਕਿ ਦਿੱਲੀ ਦੇ ਹੋਰ ਪ੍ਰਕਾਸ਼ਕਾਂ ਦੀਆਂ ਪੁਸਤਕਾਂ ਵੀ ਖਰੀਦੀਆਂ ਜਾਂਦੀਆਂ ਹਨ। ਨਵਯੁੱਗ ਪ੍ਰਕਾਸ਼ਨ ਦੀਆਂ ਅੱਜ ਤੱਕ 30 ਲੱਖ ਰੁਪਏ ਤੋਂ ਵੱਧ ਦੀਆਂ ਪੁਸਤਕਾਂ ਇਨ੍ਹਾਂ ਲਾਇਬ੍ਰੇਰੀਆਂ ਨੂੰ ਭੇਜ ਕੇ ਸਭਾ ਤੋਂ ਪੈਸਾ ਵਸੂਲ ਕੀਤਾ ਜਾ ਚੁੱਕਾ ਹੈ। ਨਵਯੁੱਗ ਪ੍ਰਕਾਸ਼ਨ ਦੀਆਂ ਕਈ ਕਿਤਾਬਾਂ ਦੋ -ਦੋ ਵਾਰ ਵੀ ਇਨ੍ਹਾਂ ਲਾਇਬ੍ਰੇਰੀਆਂ ਨੂੰ ਭੇਜੀਆਂ ਜਾ ਚੁੱਕੀਆਂ ਹਨ। ਵਾਰ ਵਾਰ ਬੇਨਤੀ ਪੱਤਰ ਆਉਣ ਦੇ ਬਾਵਜੂਦ ਵੀ ' ਸ਼ਬਦ' ਅਤੇ ' ਕਹਾਣੀਧਾਰਾ' ਵਰਗੇ ਸਾਹਿਤਿਕ ਮੈਗਜ਼ੀਨ ਸਭਾ ਵਲੋਂ ਨਹੀਂ ਖਰੀਦੇ ਜਾ ਰਹੇ। ਕਿਸ ਲੇਖਕ ਦੀ ਪੁਸਤਕ ਖਰੀਦਣੀ ਹੈ ਜਾਂ ਨਹੀਂ, ਇਨ੍ਹਾਂ ਦੀ ਮਰਜ਼ੀ 'ਤੇ ਨਿਰਭਰ ਹੈ।

**ਭ.ਰ.: ਅੱਜ ਤੱਕ ਕਿੰਨ੍ਹਾਂ ਪੰਜਾਬੀ ਲੇਖਕਾਂ ਦੇ ਅਭਿਨੰਦਨ ਗ੍ਰੰਥਾਂ ਨੂੰ ਵਿੱਤੀ ਸਹਾਇਤਾ ਦਿੱਤੀ ਗਈ ਹੈ ਅਤੇ ਕਿਉਂ? ਅਭਿਨੰਦਨ ਗ੍ਰੰਥ ਤਾਂ ਹੋਰ ਲੇਖਕਾਂ ਦੇ ਵੀ ਛਪੇ ਹਨ।**

**ਡਾ. ਬੱਦਨ:** ਭਾਪਾ ਪ੍ਰੀਤਮ ਸਿੰਘ ਅਭਿਨੰਦਨ ਗ੍ਰੰਥ ਸਾਹਿਤ ਸਭਾ ਦੇ ਖਰਚੇ'ਤੇ ਛਾਪਿਆ ਗਿਆ। ਡਾ. ਐੱਸ. ਤਰਸੇਮ ਦੇ ਅਭਿਨੰਦਨ ਗ੍ਰੰਥ ਲਈ 1 ਲੱਖ ਰੁਪਏ ਦੀ ਰਾਸ਼ੀ ਅਤੇ ਸ੍ਰੀ ਸੁਖਬੀਰ ਦੇ ਅਭਿਨੰਦਨ ਗ੍ਰੰਥ ਲਈ ਡੇਢ ਲੱਖ ਦੀ ਰਾਸ਼ੀ ਜਾਰੀ ਕੀਤੀ ਗਈ। ਬਸ ਜਿਸ ਨੂੰ ਸਹਾਇਤਾ ਦੇਣੀ ਚਾਹੋ, ਉਸ ਨੂੰ ਹੀ ਫ਼ੋਨ ਕਰਕੇ ਬੇਨਤੀ ਪੱਤਰ ਮੰਗਵਾ ਲਵੋ ਤੇ ਚੈੱਕ ਭੇਜ ਦਿੱਤਾ ਜਾਵੇਗਾ।

**ਭ.ਰ.: ਪਕਿਸਤਾਨੀ ਲੇਖਕ ਇਹਸਾਨ ਬਾਜਵਾ ਦੀ ਪੁਸਤਕ 'ਪੂਰਨ ਬਾਣੀ' (ਪੂਰਨ ਭਗਤ ਅਤੇ ਰਾਜਾ ਰਸਾਲੂ ਦੀ ਕਥਾ) ਦੇ ਪ੍ਰਕਾਸ਼ਨ ਲਈ ਲੱਖਾਂ ਰੁਪਏ ਖਰਚ ਕੀਤੇ ਗਏ ਜਦ ਕਿ ਬਾਜਵਾ ਵਲੋਂ ਲਿਖੀ ਭੂਮਿਕਾ ਵਿੱਚ ਸੈਂਕੜੇ ਸ਼ਬਦ ਗਲਤ ਲਿਖੇ ਗਏ ਹਨ। ਪੁਸਤਕ ਦੀ ਚੋਣ ਕਿਵੇਂ ਹੋਈ?**

**ਡਾ. ਬੱਦਨ:** ਪੁਸਤਕਾਂ ਦੀ ਚੋਣ ਕਰਨ ਦੇ ਢੰਗ ਬਾਰੇ ਤਾਂ ਉੱਪਰ ਦੱਸ ਹੀ ਚੁੱਕਾ ਹਾਂ। ਇਸ ਪੁਸਤਕ ਦੀਆਂ ਮਨਪ੍ਰੀਤ ਪ੍ਰਕਾਸ਼ਨ ਦਿੱਲੀ ਤੋਂ 380 ਰੁਪਏ ਦੀ ਕੀਮਤ ਤੇ 250 ਕਾਪੀਆਂ 95000/- ਦੀਆਂ ਖ੍ਰੀਦੀਆਂ ਗਈਆਂ। ਟਾਇਪ ਸੈਟਿੰਗ ਦੇ ਪੈਸੇ ਕਿਸੇ ਹੋਰ ਪ੍ਰੈੱਸ ਨੇ ਅਲੱਗ ਲਏ। ਇਸ ਤਰ੍ਹਾਂ ਦੀਆਂ ਕਈ ਕਹਾਣੀਆਂ ਹਨ।

**ਭ.ਰ.: ਪੰਜਾਬੀ ਸਾਹਿਤ ਸਭਾ ਦੇ ਨਿਰਦੇਸ਼ਕ ਵਜੋਂ ਤੁਹਾਡੀਆਂ 11 ਮਹੀਨੇ ਦੀਆਂ ਵਿਸ਼ੇਸ਼ ਪ੍ਰਾਪਤੀਆਂ ਜਿਨ੍ਹਾਂ ਦਾ ਤੁਸੀਂ ਜ਼ਿਕਰ ਕਰਨਾ ਚਾਹੋਗੇ?**

**ਡਾ. ਬੱਦਨ:** ਪੰਜਾਬੀ ਸਾਹਿਤ ਸਭਾ ਦੀ ਮਾਸਿਕ ਇਕੱਤ੍ਰਤਾ ਵਿੱਚ ਔਸਤ 40 -45 ਲੇਖਕ, ਪੁਸਤਕ ਪ੍ਰੇਮੀ ਸ਼ਾਮਲ ਹੁੰਦੇ ਸਨ। ਇਹ ਗਿਣਤੀ 100 ਤਕ ਪੁਹੰਚੀ। ਦਿੱਲੀ ਦੇ ਹਰ ਲੇਖਕ ਨਾਲ ਫ਼ੋਨ 'ਤੇ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ। ਦਿੱਲੀ ਤੋਂ ਬਾਹਰਲੇ ਲੇਖਕਾਂ ਨੂੰ ਵੀ ਸਭਾ ਵਿੱਚ ਰਚਨਾਵਾਂ ਪੇਸ਼ ਕਰਨ ਲਈ ਨਿਰੰਤਰ ਬੁਲਾਇਆ ਜਾਣ ਲੱਗਾ। ਲੇਖਕਾਂ ਨੂੰ ਦਿੱਤਾ ਜਾਣ ਵਾਲਾ ਸੇਵਾ ਫ਼ਲ ਦੁੱਗਣਾ ਕਰਵਾਇਆ। ਸਭਾ ਦੀ ਬੁੱਕ ਸ਼ਾਪ



'ਤੇ ਪੁਸਤਕਾਂ ਦੀ ਵਿਕਰੀ ਵਿੱਚ ਔਸਤ 1000/-ਰੁਪਏ ਮਹੀਨਾ ਨੈਟ ਸੀ। ਪੁਸਤਕਾਂ ਦੀ ਇਹ ਵਿਕਰੀ ਹਰ ਮਹੀਨੇ ਨੈਟ 35000/- ਤਕ ਪਹੁੰਚ ਗਈ ਸੀ। ਬੁੱਕ ਸ਼ਾਪ ਦਾ ਵਿਸਤਾਰ ਕਰਵਾਇਆ। ਤ੍ਰੈ-ਮਾਸਿਕ ਪੱਤ੍ਰਿਕਾ' ਸਮਕਾਲੀ ਸਾਹਿਤ' ਦੀ ਛਪਣ ਗਿਣਤੀ 600 ਤੋਂ ਵਧਾ ਕੇ 2000 ਕਰਵਾਈ। ਪੱਤ੍ਰਿਕਾ ਦੇ ਕਈ ਮੈਂਬਰ ਤੇ ਜੀਵਨ ਮੈਂਬਰ ਬਣੇ। ਸਾਹਿਤ ਸਭਾ ਦੀ ਲਾਇਬ੍ਰੇਰੀ ਦੇ ਕਈ ਨਵੇਂ ਮੈਂਬਰ ਬਣੇ।

ਸਾਹਿਤ ਸਭਾ ਦੇ ਦਫਤਰ ਨੂੰ ਨਵੀਂ ਦਿੱਖ ਪ੍ਰਦਾਨ ਕੀਤੀ। ਦਿੱਲੀ ਦੀਆਂ ਸਭ ਸਾਹਿਤ ਸਭਾਵਾਂ/ ਸਾਹਿਤਕ ਸੰਸਥਾਵਾਂ ਨਾਲ ਸੰਪਰਕ ਕੀਤਾ ਕਿ ਪੰਜਾਬੀ ਸਾਹਿਤ ਸਭਾ ਦੇ ਭਵਨ ਵਿੱਚ ਸਭਾਵਾਂ ਵਲੋਂ ਸਾਹਿਤਕ ਸਮਾਗਮ ਆਯੋਜਿਤ ਕੀਤੇ ਜਾਣ। ਇਨ੍ਹਾਂ ਸਭਾਵਾਂ ਨੇ ਮੇਰੇ ਕਾਰਜਕਾਲ ਦੌਰਾਨ 17 ਸਾਹਿਤਕ ਸਮਾਗਮ ਆਯੋਜਿਤ ਕੀਤੇ। ਦਿੱਲੀ ਦੇ ਸੈਂਕੜੇ ਲੋਕਾਂ ਨੂੰ ਪਹਿਲੀ ਵਾਰ ਪੰਜਾਬੀ ਸਾਹਿਤ ਸਭਾ ਦੀ ਜਾਣਕਾਰੀ ਮਿਲੀ। ਦਿੱਲੀ ਅਤੇ ਦਿੱਲੀ ਤੋਂ ਬਾਹਰਲੇ ਲੇਖਕਾਂ ਨੇ ਸਭ ਕੰਮਾਂ ਦੀ ਭਰਪੂਰ ਪ੍ਰਸੰਸਾ ਕੀਤੀ।

**ਭ.ਰ.: ਤੁਹਾਨੂੰ ਨਿਯੁਕਤੀ ਪੱਤਰ ਕਿਸ ਵਲੋਂ ਪ੍ਰਾਪਤ ਹੋਇਆ ਸੀ?**

**ਡਾ. ਬੱਦਨ:** ਨਿਯੁਕਤੀ ਪੱਤਰ 'ਤੇ ਦਸਤਖਤ ਡਾ. ਰੇਣੂਕਾ ਸਿੰਘ ਦੇ ਸਨ। ਪੱਤਰ ਵਿੱਚ ਲਿਖਿਆ ਸੀ ਕਿ ਤੁਹਾਡੀ ਪੰਜਾਬੀ ਭਵਨ ਦੇ ਨਿਰਦੇਸ਼ਕ ਵਜੋਂ ਨਿਯੁਕਤੀ ਕੀਤੀ ਗਈ ਹੈ। ਤੁਸੀਂ ਸਭਾ ਦੇ ਦਫ਼ਤਰ ਦੇ ਇੰਚਾਰਜ ਹੋ ਅਤੇ ਮੇਰੇ ਨਿਰਦੇਸ਼ਾਂ ਅਨੁਸਾਰ ਕੰਮ ਕਰੋਗੇ।

**ਭ.ਰ.: ਸ਼ਲਾਘਾਯੋਗ ਕੰਮ ਕਰਨ ਦੇ ਬਾਵਜੂਦ ਤੁਸੀਂ ਨਿਰਦੇਸ਼ਕ ਪਦ ਤੋਂ ਅਸਤੀਫ਼ਾ ਕਿਉ ਦਿੱਤਾ?**

**ਡਾ. ਬੱਦਨ:** 13 ਮਾਰਚ 2015 ਨੂੰ ਆਪਣੇ ਅਸਤੀਫ਼ੇ ਵਿੱਚ ਮੈਂ ਲਿਖਿਆ ਸੀ ਕਿ ਸਭਾ ਦੇ ਖਜ਼ਾਨਚੀ ਚਰਨਜੀਤ ਸਿੰਘ ਚੰਨ ਵਲੋਂ ਲਗਾਤਾਰ ਮੇਰੇ ਮਾਨ ਸਨਮਾਨ ਨੂੰ ਠੇਸ ਪਹੁੰਚਾਈ ਜਾ ਰਹੀ ਹੈ ਜਿਸ ਕਰਕੇ ਮੈਂ ਅੰਦਰੋਂ ਵਲੂੰਧਰਿਆ ਗਿਆ ਹਾਂ। ਦੂਜਾ ਸਭਾ ਅੰਦਰ ਪੰਜਾਬੀ ਭਾਸ਼ਾ ਦੇ ਨਾਂ ਤੇ ਜੋ ਸਹੀ ਨਹੀਂ ਹੋ ਰਿਹਾ ਹੈ, ਉਸ ਨੂੰ ਮੁੱਖ ਰੱਖਦਿਆਂ ਮੈਂ ਪੰਜਾਬੀ ਸਾਹਿਤ ਸਭਾ ਵਲੋਂ 19 ਜਨਵਰੀ 2014 ਨੂੰ ਦਿੱਤਾ ਗਿਆ ਸਨਮਾਨ 51000/- ਰੁਪਏ ਦੀ ਰਾਸ਼ੀ, ਮਾਣ ਪੱਤਰ ਅਤੇ ਸਮ੍ਰਿਤੀ ਚਿੰਨ੍ਹ ਵੀ ਵਾਪਸ ਕਰ ਰਿਹਾ ਹਾਂ। ਦੂਜਾ ਪੱਤਰ ਮੈਂ ਪੰਜਾਬੀ ਸਾਹਿਤ ਸਭਾ ਨੂੰ (ਪੰਜਾਬੀ ਸਾਹਿਤ ਸਭਾ ਦੇ 28-3-15 ਨੂੰ ਮੈਨੂੰ ਭੇਜੇ ਗਏ ਪੱਤਰ ਦੇ ਜਵਾਬ ਵਿੱਚ) 10-4-2015 ਨੂੰ ਲਿਖਿਆ ਸੀ ਜਿਸ ਵਿੱਚ ਅਸਤੀਫ਼ੇ ਦੇ ਕਾਰਨਾਂ ਦਾ ਵਿਸਥਾਰ ਨਾਲ ਜ਼ਿਕਰ ਕੀਤਾ ਗਿਆ ਸੀ। ਮੇਰੇ ਵਲੋਂ ਭੇਜੇ ਗਏ 15 ਸਫ਼ਿਆਂ ਦੇ ਪੱਤਰ ਦੀ ਪੰਜਾਬੀ ਲੇਖਕਾਂ/ਸਾਹਿਤ ਪ੍ਰੇਮੀਆਂ ਨੂੰ ਜਾਣਕਾਰੀ ਨਹੀਂ ਹੈ।

ਇਸ ਪੱਤਰ ਵਿੱਚ ਮੈਂ ਜੋ ਅਸਤੀਫ਼ਾ ਦੇਣ ਦੇ ਕਾਰਨ ਲਿਖੇ ਸਨ ਉਨ੍ਹਾਂ 'ਚੋਂ ਕੁਝ ਇੱਕ ਹਨ.

1. ਪੰਜਾਬੀ ਸਾਹਿਤ ਸਭਾ 'ਚ ਕੰਮ ਕਰਦਿਆਂ ਮੈਂ ਮਹਿਸੂਸ ਕਰਦਾ ਹਾਂ ਕਿ ਸਭਾ ਵਲੋਂ ਮੇਰਾ ਕੋਈ ਵੀ ਸੁਝਾਅ ਨਹੀਂ ਮੰਨਿਆ ਜਾ ਰਿਹਾ। ਸਭਾ ਨੂੰ ਇੱਕ ਪ੍ਰਾਈਵੇਟ ਲਿਮਟਿਡ ਕੰਪਨੀ( ਨਿੱਜੀ) ਦੀ ਤਰ੍ਹਾਂ ਚਲਾਇਆ ਜਾ ਰਿਹਾ ਹੈ। ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਭਾਪਾ ਪ੍ਰੀਤਮ ਸਿੰਘ ਦੇ ਪਰਿਵਾਰ ਦੀ ਨਿੱਜੀ ਜਾਇਦਾਦ ਨਹੀਂ ਹੈ ਜਿਸ ਦੀ ਡਾ. ਰੇਣੂਕਾ ਸਿੰਘ 2005 ਤੋਂ ਚੇਅਰਪਰਸਨ ਹੈ। ਇਸ ਤੋਂ ਪਹਿਲਾ ਭਾਪਾ ਪ੍ਰੀਤਮ ਸਿੰਘ ਉਮਰ ਭਰ ਲਈ ਇਸ ਦੇ ਚੇਅਰਪਰਸਨ ਸਨ। ਇਸ ਸਭਾ ਦੇ ਉਦੇਸ਼/ਸੰਬੰਧ ਦੇਸ਼ ਵਿਦੇਸ਼ ਵਿੱਚ ਵਸਦੇ

ਸਭ ਪੰਜਾਬੀ ਲੇਖਕ, ਪੰਜਾਬੀ ਦੇ ਹਿਤੈਸ਼ੀਆਂ ਨਾਲ ਹੈ। ਇਸ ਸਭਾ ’ਤੇ ਤਿੰਨ ਕਮੇਟੀਆਂ ਦੇ ਸਿਰਫ਼ 20 ਮੈਂਬਰ ਹੀ ਕਿਉਂ ਸ਼ੁਰੂ ਤੋਂ ਕਾਬਜ਼ ਹਨ?

2. ਸਭਾ ਦਾ ਚੇਅਰਪਰਸਨ ਉਹ ਵਿਅਕਤੀ ਹੋਣਾ ਚਾਹੀਦਾ ਹੈ ਜੋ ਪੰਜਾਬੀ ਭਾਸ਼ਾ ਦਾ ਲੇਖਕ ਹੋਵੇ ਜਾਂ ਜਿਸ ਨੇ ਪੰਜਾਬੀ ਦੀ ਕੋਈ ਪੁਸਤਕ ਪੜ੍ਹੀ ਹੋਵੇ, ਜਿਸ ਨਾਲ ਸਭਾ ਦਾ ਨਿਰਦੇਸ਼ਕ ਪੰਜਾਬੀ ਸਾਹਿਤ ਦੀ ਗੱਲ ਕਰ ਸਕੇ।

3. ਮੇਰੇ ਨਿਯੁਕਤੀ ਪੱਤਰ ਵਿੱਚ ਲਿਖਿਆ ਗਿਆ ਸੀ ਕਿ ਮੈਂ ਚੇਅਰ ਪਰਸਨ ਨੂੰ ਜਵਾਬਦੇਹ ਹੋਵਾਂਗਾ। ਸਭਾ ਦਾ ਖਜ਼ਾਨਚੀ ਚਰਨਜੀਤ ਸਿੰਘ ਚੰਨ ਜੋ ਹਾਇਰ ਸੈਕੰਡਰੀ ਪਾਸ ਹੈ ਮੈਨੂੰ ਵਾਰ ਵਾਰ ਫ਼ੋਨ ਕਰਕੇ ਤੰਗ ਕਰ ਰਿਹਾ ਹੈ ਕਿ ਮੈਨੂੰ ਹਰ ਕੰਮ ਦੀ ਰਿਪੋਰਟ ਦਿੱਤੀ ਜਾਵੇ। ਜੋ ਬਿਲਕੁਲ ਵੀ ਉਚਿਤ ਨਹੀਂ ਹੈ। ਜਦ ਮੈਂ ਆਪਣੀ ਇਹ ਸਮੱਸਿਆ ਚੇਅਰਪਰਸਨ ਨੂੰ ਦਿੱਤੀ ਤਾਂ ਉਸ ਨੇ ਇਸ ਵੱਲ ਬਿਲਕੁਲ ਧਿਆਨ ਨਾ ਦਿੱਤਾ।

4. ਸਭਾ ਦਾ ਖਜ਼ਾਨਚੀ ਜੋ ਹਾਇਰ ਸੈਕੰਡਰੀ ਪਾਸ ਹੈ ,ਉਹੀ ਕਿਉਂ ਪਿਛਲੇ 18 ਸਾਲ ਤੋਂ ਸਭਾ’ਤੇ ਕਾਬਜ਼ ਹੈ? ਪੰਜਾਬੀ ਪੜ੍ਹਿਆ ਲਿਖਿਆ ਵਿਅਕਤੀ ਸਭਾ ਦਾ ਖਜ਼ਾਨਚੀ ਕਿਉਂ ਨਹੀਂ ਬਣ ਸਕਦਾ? ਇਸ ਵਿੱਚ ਮੈਂਬਰਾਂ ਦੀ ਮਿਲੀਭੁਗਤ ਦਾ ਜ਼ਿਕਰ ਸੀ ਕਿ ਕਿਵੇਂ ਗਲਤ ਢੰਗ ਨਾਲ ਫੰਡਾਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਸ੍ਰੀ ਚੰਨ ਦੀ ਪੰਜਾਬੀ ਸਾਹਿਤ ਨੂੰ ਕੀ ਦੇਣ ਹੈ? ਹੁਣ ਤਕ ਉਹ ਸਭਾ ਦੇ ਖਰਚ ’ਤੇ 2-3 ਲੱਖ ਰੁਪਏ ਦੇ ਸਟੰਟ ਪੁਆ ਚੁੱਕਾ ਹੈ। ਹੋਰਨਾਂ ਮੈਂਬਰਾਂ ਦੇ ਵੀ ਲੱਖਾਂ ਰੁਪਏ ਦੇ ਮੈਡੀਕਲ ਦੇ ਬਿੱਲ ਹਨ, ਜੋ ਸਭਾ ਨੇ ਦਿੱਤਾ ਹਨ।

5. ਪੰਜਾਬੀ ਸਾਹਿਤ ਸਭਾ ਵਲੋਂ ਚਲਾਈਆਂ ਜਾ ਰਹੀਆਂ ਲਾਇਬ੍ਰੇਰੀਆਂ ਲਈ ਖਰੀਦੀਆਂ ਜਾ ਰਹੀਆਂ ਪੁਸਤਕਾਂ ’ਚ ਹੋਣ ਵਾਲੇ ਘਪਲੇ ਦਾ ਜ਼ਿਕਰ ਸੀ। ਨਾਲ ਹੀ ਮੇਰਾ ਸੁਝਾਅ ਸੀ ਕਿ ਪੰਜਾਬੀ ਦੇ 10 ਲੇਖਕਾਂ/ਵਿਦਵਾਨਾਂ ਦੀ ਕਮੇਟੀ ਬਣਾਈ ਜਾਵੇ ਜੋ ਪੁਸਤਕਾਂ ਦੀ ਚੋਣ ਕਰੇ।

6. ਧੁੱਪ ਦੀ ਮਹਿਫਿਲ’ ਨਵਯੁੱਗ ਫਾਰਮ ਅੰਧੇਰੀ ਮੋੜ ਮਹਿਰੌਲੀ ਵਿਖੇ ਕਿਉਂ ਆਯੋਜਿਤ ਕੀਤੀ ਜਾਂਦੀ ਹੈ ਜਦ ਕਿ ਲੱਖਾਂ ਰੁਪਿਆ ਪੰਜਾਬੀ ਸਾਹਿਤ ਸਭਾ ਦਿੱਲੀ ਦਾ ਖਰਚ ਕੀਤਾ ਜਾਂਦਾ ਹੈ। ‘ ਧੁੱਪ ਦੀ ਮਹਿਫ਼ਿਲ’ ਦੌਰਾਨ ਸਭਾ ਵਲੋਂ ਜੋ ਲੇਖਕ ਸਨਮਾਨਿਤ ਕੀਤੇ ਜਾਂਦੇ ਹਨ ਉਨ੍ਹਾਂ ਦੀ ਚੋਣ ਕਰਨ ਲਈ ਦਿੱਲੀ ਦੇ ਲੇਖਕਾਂ ਦੀ ਇੱਕ ਅੱਠ ਮੈਂਬਰੀ ਕਮੇਟੀ ਬਣਾਈ ਜਾਵੇ।

7. ‘ਧੁੱਪ ਦੀ ਮਹਿਫ਼ਿਲ’ ’ਚ ਸਨਮਾਨਿਤ ਕਰਨ ਲਈ ਮੈਂ ਚੇਅਰ ਪਰਸਨ ਨੂੰ ਦੋ ਨਾਂ ਦਿੱਤੇ। ਡਾ. ਗੁਰਚਰਨ ਸਿੰਘ ਅਰਸ਼ੀ ਅਤੇ ਕੇਂਦਰੀ ਪੰਜਾਬੀ ਸਾਹਿਤ ਸੰਮੇਲਨ ਰਜਿ. ਦਿੱਲੀ ਦੇ ਜਨਰਲ ਸਕੱਤਰ ਸ੍ਰੀ ਮੋਹਨ ਸਿੰਘ ਬੈਰੀ। ਮੇਰੇ ਇਸ ਸੁਝਾਅ ’ਤੇ ਵਿਚਾਰ ਨਹੀਂ ਕੀਤਾ ਗਿਆ। ਮੈਂ ਇਹ ਵੀ ਕਿਹਾ ਕਿ ਇਸ ਤੋਂ ਪਹਿਲਾਂ ਪੰਜਾਬੀ ਸਾਹਿਤ ਸਭਾ ਦਿੱਲੀ ਵਲੋਂ ਉਨ੍ਹਾਂ ਪੰਜਾਬੀਆਂ ਦਾ ਸਨਮਾਨਿਤ ਕੀਤਾ ਗਿਆ ਹੈ ਜਿਨ੍ਹਾਂ ਦੀ ਇੱਕ ਵੀ ਪੁਸਤਕ ਨਹੀਂ ਜਾਂ ਸਿਰਫ਼ ਇੱਕ ਪੁਸਤਕ ਹੈ। ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਡਾ. ਸਵਰਾਜਬੀਰ ਦਾ ਮੈਨੂੰ ਜੁਲਾਈ 2014 ’ਚ ਫੋਨ ਆਇਆ ਕਿ ਬਲਦੇਵ ਸਾਡਾ ਸਭ ਦਾ ਪਿਆਰਾ ਸੂਫ਼ੀ ਗਾਇਕ ਬਰਕਤ ਸਿੱਧੂ ਬਿਮਾਰ ਹੈ, ਉਸ ਦੀ ਸਭਾ ਵਲੋਂ ਮੱਦਦ ਕੀਤੀ ਜਾਣੀ ਚਾਹੀਦੀ ਹੈ। ਮੈਂ ਗੱਲ ਚਰਨਜੀਤ ਚੰਨ ਤੇ ਸਭਾ ਦੀ ਚੇਅਰਪਰਸਨ ਨਾਲ ਕੀਤੀ ਪਰ ਉਨ੍ਹਾਂ ਵਲੋਂ ਕੋਈ ਹੁੰਗਾਰਾ ਨਾ ਮਿਲਿਆ।



8. 14 ਮਾਰਚ 2015 ਨੂੰ ਪੰਜਾਬੀ ਸਾਹਿਤ ਸਭਾ ’ਚ ਪੰਜਾਬੀ ਦਾ ਸਟੈਨੋ ਰੱਖਣਾ ਸੀ ਤਿੰਨ ਅਰਜ਼ੀਆਂ ਆਈਆ ਸਨ, ਜਿਨ੍ਹਾਂ ਵਿਚੋਂ ਦੋ ਬਹੁਤ ਯੋਗ ਵਿਅਕਤੀ ਸਨ। ਦਿੱਲੀ ਯੂਨੀਵਰਸਿਟੀ ਦੇ ਇੱਕ ਪ੍ਰੋਫ਼ੈਸਰ ਦੀ ਸਿਫ਼ਾਰਸ਼ ਆਈ ਕਿ ਦੀਪਾ ਕੁਮਾਰ ਨਾਂ ਦੀ ਲੜਕੀ ਨੂੰ ਰੱਖਿਆ ਜਾਵੇ। ਮੈਂ ਸੁਝਾਅ ਦਿੱਤਾ ਕਿ ਜੇ ਸਿਫ਼ਾਰਸ਼ ’ਤੇ ਹੀ ਰੱਖਣਾ ਹੈ ਤਾਂ ਬਾਕੀ ਉਮੀਦਵਾਰ ਨਾ ਬੁਲਾਏ ਜਾਣ। ਚਰਨਜੀਤ ਸਿੰਘ ਚੰਨ ਤਾਂ ਪ੍ਰੋਫ਼ੈਸਰ ਸਾਹਿਬ ਨਾਲ ਫੋਨ ’ਤੇ ਹੀ ਵਾਅਦਾ ਕਰ ਚੁੱਕੇ ਸਨ। ਸਭ ਉਮੀਦਵਾਰ ਬੁਲਾਏ ਪਰ ਚੋਣ ਦੀਪਾ ਕੁਮਾਰ ਦੀ ਹੀ ਕੀਤੀ ਗਈ। ਹੋਰ ਬਹੁਤ ਕੁਝ ਇਸੇ ਢੰਗ ਤਰੀਕੇ ਨਾਲ ਹੋ ਰਿਹਾ ਹੈ।

9. ਦਿੱਲੀ ਦੇ ਇੱਕ ਪ੍ਰਕਾਸ਼ਕ ਨੂੰ 14000/- ਰੁਪਏ ਦਾ ਨਜ਼ਾਇਜ਼ ਭੁਗਤਾਨ ਕਰਵਾ ਕੇ ਕਿਵੇਂ ਫਾਇਦਾ ਦਿੱਤਾ , ਇਸ ਦੇ ਸਬੂਤ ਵੀ ਮੇਰੇ ਕੋਲ ਹਨ।

10. ਸਭਾ ਲਈ ਖਰੀਦੇ ਗਏ ਕੰਪਿਊਟਰ ਦੇ ਅਲਗ ਅਲਗ ਪਾਰਟ ਜਿਨ੍ਹਾਂ ਦੀ ਕੀਮਤ 3 ਤੋਂ 5 ਹਜ਼ਾਰ ਰੁਪਏ ਤਕ ਹੁੰਦੀ ਹੈ, ਖ਼ਰਾਬ ਹੋਏ ਦਿਖਾ ਕੇ 300 ਤੋਂ 500 ਰੁਪਏ ਦਾ ਸਭਾ ’ਚ ਬਿੱਲ ਕਟਵਾ ਕੇ ਕਿਵੇਂ ਜਨਤਕ ਪ੍ਰੈਸ’ ਪਹੁੰਚ ਜਾਂਦੇ ਹਨ। ਕਿਵੇਂ ਟੈਕਸੀਆਂ ਦੇ ਬਿੱਲ ਫਰਜ਼ੀ ਬਣਦੇ ਹਨ।( ਜੋ ਟੈਕਸੀ ਸਟੈਂਡ ਹੈ ਹੀ ਨਹੀਂ) ਇਸ ਦੇ ਸਬੂਤ ਮੇਰੇ ਕੋਲ ਹਨ)

11. ਸਮਕਾਲੀ ਸਾਹਿਤ ਦੀ ਛਪਵਾਈ ਦੌਰਾਨ ਕਿਵੇਂ ਸਭਾ ਨੂੰ ਲੱਖਾਂ ਰੁਪਏ ਦਾ ਚੂਨਾ ਲਗਾਇਆ ਗਿਆ, ਇਸ ਬਾਰੇ ਵੀ ਮੈਂ ਜਾਣਕਾਰੀ ਸਭਾ ਨੂੰ ਦਿੱਤੀ, ਕਿ ਇਸ ਨੂੰ ਰੋਕਿਆ ਜਾਵੇ ਪਰ ਕੋਈ ਕਾਰਵਾਈ ਨਹੀਂ ਕੀਤੀ ਗਈ।

12. ਪੰਜਾਬੀ ਸਾਹਿਤ ਸਭਾ ਦੇ ਪੇਮੈਂਟ ਬਾਉਚਰ ਦੀ ਜੋ ਦੁਰਵਰਤੋਂ ਹੋ ਰਹੀ ਹੈ ਇਸ ਦੇ ਦੋ ਉਦਾਹਰਣ ਦੇਖੋ... ਡਾਇਰੈਕਟਰ ਦੀ ਥਾਂ ’ਤੇ ਚਰਨਜੀਤ ਸਿੰਘ ਚੰਨ ਦਸਤਖਤ ਕਰਕੇ ਕਿਵੇਂ ਆਪਣੇ ਲੜਕੇ ਹਰਵਿੰਦਰ ਸਿੰਘ ਨੂੰ 500 ਰੁਪਏ ਦੇ ਰਿਹਾ ਹੈ , ਇਹ ਸਿਲਸਿਲਾ ਚਿਰਾਂ ਤੋ ਚਲ ਰਿਹਾ ਹੈ। ਮੇਰਾ ਕਹਿਣਾ ਸੀ ਕਿ ਜਦ ਸਭਾ ਦਾ ਡਾਇਰੈਕਟਰ ਦਫ਼ਤਰ ਵਿੱਚ ਬੈਠਾ ਹੈ ਤਾਂ ਇਹ ਹੇਰਾਫ਼ੇਰੀ ਕਿਉਂ? ਮੈਂ ਆਪਣੇ ਨਾਂ ’ਤੇ ਇਸ ਤਰ੍ਹਾਂ ਨਹੀਂ ਹੋਣ ਦੇਵਾਂਗਾ।

13. ਪੰਜਾਬੀ ਸਾਹਿਤ ਸਭਾ ਦੇ ਇੱਕ ਸਾਹਿਤਿਕ ਸਮਾਗਮ ’ਤੇ ਸ੍ਰੀ ਮੋਹਨ ਭੰਡਾਰੀ ਅਤੇ ਡਾ. ਸੁਖਦੇਵ ਸਿੰਘ ਨੂੰ ਬੁਲਾਇਆ ਗਿਆ। ਚੰਡੀਗੜ੍ਹ ਤੋਂ ਗੱਡੀ ਰਾਹੀਂ ਉਹ ਸਭਾ ਦੇ ਦਫ਼ਤਰ ਪਹਿਲਾਂ ਪਹੁੰਚ ਗਏ। ਮੈਂ ਚੇਅਰ ਪਰਸਨ ਦੇ ਕਮਰੇ ’ਚ ਅਰਾਮ ਕਰਨ ਲਈ ਭੇਜ ਦਿੱਤਾ( ਉਨ੍ਹਾਂ ਆਰਾਮ ਕਰਨ ਲਈ ਕਿਹਾ ਸੀ) ਚੇਅਰ ਪਰਸਨ ਅਤੇ ਪ੍ਰਧਾਨ ਵਲੋਂ ਮੈਨੂੰ ਬੇਇੱਜ਼ਤ ਕੀਤਾ ਗਿਆ ਕਿ ਉਨ੍ਹਾਂ ਨੂੰ ਅਰਾਮ ਕਰਨ ਲਈ ਕਮਰਾ ਕਿਉਂ ਦਿੱਤਾ ਗਿਆ। ਜੇ ਉਨ੍ਹਾਂ ਨੂੰ ਸਭਾ ਨੇ ਬੁਲਾਇਆ ਹੈ ਤਾਂ ਕਿਤੇ ਬਾਹਰ ਕਮਰਾ ਲੈ ਕੇ ਅਰਾਮ ਕਰਨ।

14. ਇੱਕ ਅਤੇ ਦੋ ਨਵੰਬਰ 2014 ਨੂੰ ਸ੍ਰੀ ਅਨੰਦਪੁਰ ਸਾਹਿਬ ਅਤੇ ਕੁਰੂਕੁਸ਼ੇਤਰ ਯੂਨੀਵਰਸਿਟੀ ’ਚ ਦਿਹਾਤੀ ਲਾਇਬ੍ਰੇਰੀਆਂ ਦੀ ਬੈਠਕ ਬੁਲਾਈ ਗਈ ਸੀ। 31 ਅਕਤੂਬਰ ਦੀ ਰਾਤ ਡਾ. ਰੇਣੂਕਾ ਸਿੰਘ, ਦਰਸ਼ਨ ਸਿੰਘ, ਚਰਨਜੀਤ ਚੰਨ ਅਤੇ ਮੈਂ ਚੰਡੀਗੜ੍ਹ ਇੱਕ ਹੋਟਲ ਵਿੱਚ ਠਹਿਰੇ। ਹੋਟਲ ’ਚ ਪੁਹੰਚ ਤਾਂ ਚੰਨ ਦਾ ਫੋਨ ਆਇਆ ਕਿ ਦਰਸ਼ਨ ਸਿੰਘ ਦੇ ਕਮਰੇ ਵਿੱਚ ਆ ਜਾ, ਚਾਰੋਂ ਮਿਲ ਕੇ ਚਾਹ ਪੀਵਾਂਗੇ। ਮੈਂ ਕਮਰੇ ਵਿੱਚ ਪੁਹੰਚਿਆ ਤਾਂ ਦਰਸ਼ਨ ਸਿੰਘ ਨੇ ਕਿਹਾ ਬਲਦੇਵ ਇਹ ਬੱਦਨ ਕੀ ਹੈ? ਮੈਂ ਕਿਹਾ ਸਰ ਇਹ ਸਾਡਾ ਗੋਤ ਹੈ। ਉਨ੍ਹਾਂ ਕਿਹਾ ਕਿ ਮੈਂ ਗੋਤ ਬਾਰੇ ਨਹੀਂ ਪੁੱਛ ਰਿਹਾ, ਤੇਰੀ ਜ਼ਾਤ ਕਿਹੜੀ ਹੈ। ਜ਼ਰਾ ਦੇਖੋ 86

ਸਾਲ ਦੇ ਲੇਖਕ ਦਾ ਦਿਮਾਗ਼। ਇਹ ਹਨ ਸਭਾ ਦੇ ਮੈਂਬਰ ਜੋ ਸਭਾ 'ਤੇ ਕਾਬਜ਼ ਹਨ। ਮੈਂ ਦੋ ਦਿਨ ਹੋਟਲ 'ਚ ਇਨ੍ਹਾਂ ਨਾਲ ਠਹਿਰਿਆ। ਨਾ ਇਨ੍ਹਾਂ ਨਾਲ ਬ੍ਰੇਕਫਾਸਟ ਕੀਤਾ ਨਾ ਡਿਨਰ।

**15.** 31 ਅਕਤੂਬਰ 2014 ਨੂੰ ਕਾਰ ਰਾਹੀਂ ਮੈਂ ਤੇ ਚੰਨ ਜਦ ਚੰਡੀਗੜ੍ਹ ਜਾ ਰਹੇ ਸੀ ਤਾਂ ਕਰਨਾਲ ਕੋਲ ਚੰਨ ਨੇ ਆਰਸੀ ਪਬਲਿਸ਼ਰਜ਼ ਦੇ ਸਰਦਾਰ ਗੁਰਪ੍ਰੀਤ ਸਿੰਘ ਅਤੇ ਰਣਜੀਤ ਸਿੰਘ ਬਾਰੇ ਗਲਤ ਬੋਲਣਾ ਸ਼ੁਰੂ ਕਰ ਦਿੱਤਾ ਕਿ ਕਿਵੇਂ ਰਾਮ ਸਰੂਪ ਅਣਖੀ ਦੀ ਪਤਨੀ ਵਲੋਂ ਕੀਤੇ ਇੱਕ ਕੋਰਟ ਕੇਸ 'ਚੋਂ ਇਨ੍ਹਾਂ ਨੂੰ ਬਚਾਇਆ। ਮੈਂ ਸਹਿਜ ਸੁਭਾਅ ਹੀ ਕਿਹਾ ਕਿ ਚਰਨਜੀਤ ਸਿੰਘ ਜੀ ਤੁਸੀਂ ਏਨੀ ਉਮਰ ਦੇ ਹੋ ਗਏ ਹੋ, ਤੁਹਾਡੇ ਬੱਚਿਆਂ ਦੇ ਬੱਚੇ ਹੋ ਗਏ ਹਨ, ਅਜਿਹੀਆਂ ਚੁਗਲੀਆਂ ਤੁਹਾਨੂੰ ਸ਼ੋਭਾ ਨਹੀਂ ਦਿੰਦੀਆਂ। ਮੈਂ ਤਾਂ ਤੁਹਾਨੂੰ ਕੇਸ ਬਾਰੇ ਕੁਝ ਨਹੀਂ ਪੁੱਛਿਆ। ਫੇਰ ਕੀ ਸੀ। ਚਰਨਜੀਤ ਸਿੰਘ ਚੰਨ ਨੇ ਮੈਨੂੰ ਗੁੱਸੇ 'ਚ ਕਿਹਾ,"ਬਲਦੇਵ ਮੈਂ ਹੀ ਤੈਨੂੰ ਸਭਾ ਵਿੱਚ ਲੈ ਕੇ ਆਇਆ ਸੀ, ਇਥੋਂ ਕਢਵਾ ਕੇ ਵੀ ਮੈਂ ਹੀ ਦੱਸਾਂਗਾ।" ਮੈਂ ਕਿਹਾ ਚਰਨਜੀਤ ਸਿੰਘ ਇਸ ਤਰ੍ਹਾਂ ਕਹਿਣਾ/ਧਮਕੀ ਦੇਣਾ ਠੀਕ ਨਹੀਂ।

8 ਸਤੰਬਰ 2014 ਨੂੰ ਸਭਾ ਦੇ ਦਫ਼ਤਰ ਮੇਰੇ ਕਮਰੇ ਵਿੱਚ 4.30 ਤੋਂ 5.15 ਵਜੇ ਤਕ ਡਾ. ਰੇਣੂਕਾ ਸਿੰਘ ਅਤੇ ਚਰਨਜੀਤ ਸਿੰਘ ਚੰਨ ਨੇ ਦੋ ਬਹੁਤ ਹੀ ਛੋਟੇ ਕਾਰਨਾਂ ਕਰਕੇ ਮੇਰੀ ਬੇਇੱਜ਼ਤੀ ਕਰਨੀ ਸ਼ੁਰੂ ਕਰ ਦਿੱਤੀ। ( ਪਹਿਲਾ ਕਾਰਨ ਇਹ ਸੀ ਕਿ ਕਾਰਜਕਾਰਨੀ ਦੀ ਬੈਠਕ ਵਿੱਚ ਚਾਹ ਨਾਲ ਬਰਫ਼ੀ ਕਿਉਂ ਨਹੀਂ ਰੱਖੀ। ਦੂਜਾ ਕਾਰਨ ਸੀ ਕਿ ਸ੍ਰੀਮਤੀ ਗੁਰਚਰਨ ਕੌਰ ਸਟੈਨੋ ਦੇ ਸੇਵਾ ਮੁਕਤ ਹੋਣ ਸਮੇਂ ਲੰਚ 'ਤੇ ਮਹਿੰਦਰ ਕੌਰ ਗਿੱਲ ਨੂੰ ਕਿਉਂ ਨਹੀਂ ਬੁਲਾਇਆ ਗਿਆ। ਡਾ, ਰੇਣੂਕਾ ਸਿੰਘ ਨੇ ਕਿਹਾ, 'You are not a responsible person" ਮੈਂ ਜਦ ਵੀ ਦਫ਼ਤਰ ਆਉਂਦੀ ਹਾਂ ਤੁਸੀਂ ਮੈਨੂੰ ਇਗਨੋਰ ਕਰਦੇ ਹੋ। ਮੈਂ ਕਿਹਾ ਕਿ ਉਪਰੋਤਕ ਦੋਹਾਂ ਕੰਮਾਂ ਨਾਲ ਮੇਰਾ ਕੋਈ ਸੰਬੰਧ ਨਹੀਂ ਹੈ, ਫਿਰ ਵੀ ਮੈਂ ਮੁਆਫ਼ੀ ਮੰਗਦਾ ਹਾਂ। ਫਿਰ ਕੀ ਸੀ, ਮੇਰੀ ਮੁਆਫ਼ੀ ਮੰਗਣ ਦੀ ਦੇਰ ਸੀ ਉਸ ਨੇ ਫਿਰ ਬੇਇੱਜ਼ਤੀ ਕਰਨੀ ਸ਼ੁਰੂ ਕਰ ਦਿੱਤੀ। ਮੈਂ ਮੈਡਮ ਨੂੰ ਕਿਹਾ ਕਿ ਮੈਂ ਹੁਣ ਤੋਂ ਹੀ ਅਸਤੀਫ਼ਾ ਦੇ ਕੇ ਜਾ ਰਿਹਾ ਹਾਂ, ਮੈਂ ਆਪਣਾ ਬੈਗ ਚੁੱਕ ਕੇ ਚੱਲਣ ਲੱਗਾ ਤਾਂ ਮੈਡਮ ਆਪਣੀ ਕੁਰਸੀ ਤੋਂ ਉੱਠ ਕੇ ਮੇਰੇ ਕਮਰੇ ਦਾ ਦਰਵਾਜ਼ਾ ਬੰਦ ਕਰਕੇ ਅੱਗੇ ਖੜੀ ਹੋ ਗਈ। ਕਹਿਣ ਲੱਗੀ, 'Baldev you are my younger brother" ਮੇਰੇ ਕਹਿਣ 'ਤੇ ਜੇ ਤੈਨੂੰ ਤਕਲੀਫ਼ ਹੋਈ ਤਾਂ ਮੈਂ ਮੁਆਫ਼ੀ ਮੰਗਦੀ ਹਾਂ। ਜਦ ਤਕ ਤੁਸੀਂ ਸਭਾ ਵਿੱਚ ਹੋ ਅਜਿਹਾ ਫਿਰ ਕਦੇ ਨਹੀਂ ਹੋਵੇਗਾ। ਚਰਨਜੀਤ ਚੰਨ ਆਪਣੀ ਸੀਟ ਤੋਂ ਉੱਠਿਆ ਤੇ ਮੇਰੀ ਕੁਰਸੀ ਕੋਲ ਹੱਥ ਜੋੜ ਕੇ ਖੜਾ ਹੋ ਗਿਆ ਤੇ ਮੁਆਫ਼ੀ ਮੰਗੀ ਕਿ ਮੈਨੂੰ ਮੁਆਫ਼ ਕਰ ਦੇ, ਇਸ ਘਟਨਾ ਲਈ ਮੈਂ ਜਿੰਮੇਵਾਰ ਹਾਂ ।

ਮੈਂ ਬਹੁਤ ਕਿਹਾ ਕਿ ਮੈਨੂੰ ਜਾਣ ਦਿਉ। ਮੈਂ ਸਭਾ ਦੇ ਅਜਿਹੇ ਮਾਹੌਲ ਵਿੱਚ ਕੰਮ ਨਹੀਂ ਕਰ ਸਕਦਾ। ਅਸੀਂ ਅੱਗੇ ਤੋਂ ਇੱਕ ਦੂਜੇ ਨਾਲ ਅੱਖਾਂ ਨਹੀਂ ਮਿਲਾ ਸਕਾਂਗੇ। ਉਹਨਾਂ ਨੇ ਵਾਅਦਾ ਕੀਤਾ ਤੇ ਮੈਂ ਯਕੀਨ ਵੀ ਕਰ ਲਿਆ ਕਿ ਜਵਾਹਰ ਲਾਲ ਯੂਨੀਵਰਸਿਟੀ ਦੀ ਐਸੋਸੀਏਟ ਪ੍ਰੋਫ਼ੈਸਰ ਹੈ, ਮੈਨੂੰ ਭਰਾ ਕਹਿ ਦਿੱਤਾ , ਚਲੋ ਠੀਕ ਹੈ। ਕੁਝ ਹੀ ਦਿਨਾਂ ਬਾਅਦ ਚੇਅਰ ਪਰਸਨ ਨੇ ਚੰਨ ਰਾਹੀ ਮੈਨੂੰ ਜੋ ਬੋਲ ਕਹੇ, ਸੁਣੋ," ਅਸੀਂ ਉਸ ਨੂੰ ਬੰਨ੍ਹ ਕੇ ਨਹੀਂ ਰੱਖਿਆ, ਜਦੋਂ ਚਾਹੇ ਚਲਾ ਜਾਵੇ।" ਉਸ ਨੂੰ ਦੱਸੋ ਕਿ ਦਫ਼ਤਰ ਦਾ ਸਮਾਂ ਸਵੇਰੇ 10 ਤੋਂ



ਸ਼ਾਮੀਂ 5 ਵਜੇ ਤਕ ਹੈ। ਇੱਥੇ 5 ਵਜੇ ਤੋਂ ਬਾਅਦ ਬੈਠਣ ਦੀ ਕੋਈ ਲੋੜ ਨਹੀਂ। ...ਅਤੇ ਹੋਰ ਕਈ ਅਨੇਕਾਂ ਗੱਲਾਂ।

8 ਦਸੰਬਰ 2014 ਨੂੰ ਸ੍ਰੀ ਦਰਸ਼ਨ ਸਿੰਘ ਦੁਪਿਹਰੇ ਮੇਰੇ ਕਮਰੇ ਵਿੱਚ ਆ ਕੇ ਬੈਠੇ ਤੇ ਕਹਿਣ ਲੱਗੇ," ਬਲਦੇਵ ਸਭਾ ਦੇ by laws ਅਲੱਗ ਨੇ। ਮੈਡਮ ਰੇਣੂਕਾ ਸਿੰਘ ਤੇਰੇ ਬਾਰੇ ਠੀਕ ਰਾਏ ਨਹੀਂ ਰੱਖਦੇ। ਇੱਥੇ ਸਰਕਾਰੀ ਸਿਸਟਮ ਨਹੀਂ। ਮੈਨੂੰ ਵੀ ਮੈਡਮ ਨੇ ਹੀ ਨੌਮੀਨੇਟ ਕੀਤਾ ਹੈ। ਸਾਡੀ ਇੱਥੇ ਕੋਈ ' ਸੇਅ' ਨਹੀਂ । ਅਸੀਂ ਤੇਰੀ ਕੋਈ ਮਦਦ ਨਹੀਂ ਕਰ ਸਕਾਂਗੇ।

ਫਰਵਰੀ 2015 ਨੂੰ ਡਾ. ਮਹਿੰਦਰ ਕੌਰ ਗਿੱਲ ਆਪਣੀ ਕਾਰ 'ਤੇ ਦਫ਼ਤਰ ਆਈ। ਉਸ ਨੇ ਗੋਡਿਆ ਦਾ ਅਪਰੇਸ਼ਨ ਕਰਵਾਇਆ ਸੀ। ਮੈਨੂੰ ਬਾਹਰ ਬੁਲਾਇਆ ਤੇ ਕਾਰ 'ਚ ਬੈਠੀ ਨੇ ਹੀ ਅੱਧਾ ਘੰਟਾ ਮੇਰੇ ਨਾਲ ਗੱਲਾਂ ਕੀਤੀਆ। ਤਕਰੀਬਨ ਦਰਸ਼ਨ ਸਿੰਘ ਵਾਲੀਆ ਹੀ ਗੱਲਾਂ, ਪਰ ਕਿਤੇ ਮੇਰੇ ਕੀਤੇ ਕੰਮਾਂ ਪ੍ਰਤੀ ਹਮਦਰਦੀ ਵੀ ਦਿਖਾਈ। ਇਸ਼ਾਰਾ ਕੀਤਾ ਕਿ ਜਾਣ ਦੀ ਤਿਆਰੀ ਕਰੋ। ਮੈਂ ਕਿਹਾ, "ਮੈਡਮ ਪੂਰਾ ਪੰਜਾਬੀ ਜਗਤ ਖੁਸ਼ ਹੈ ਕਿ ਮੈਂ ਸਭਾ ਵਿੱਚ ਬਹੁਤ ਚੰਗੇ ਕੰਮ ਕੀਤੇ ਹਨ। ਸਿਰਫ਼ ਡਾ. ਰੇਣੂਕਾ ਸਿੰਘ ਅਤੇ ਸ੍ਰੀ ਚੰਨ ਹੀ ਖੁਸ਼ ਨਹੀਂ ਹਨ। ਮੈਡਮ ਹੱਸੀ ਤੇ ਉਸ ਨੇ ਮੈਨੂੰ ਆਪਣਿਆ ਵਾਂਗ ਕਈ ਗੱਲਾਂ ਸਮਝਾਈਆ।

28-2-15 ਨੂੰ ਰਾਤ 8.52 ਵਜੇ ਮੈਨੂੰ ਸ੍ਰੀ ਗੁਲਜ਼ਾਰ ਸਿੰਘ ਸੰਧੂ ਦਾ ਚੰਡੀਗੜ੍ਹ ਤੋਂ ਧਮਕੀ ਭਰਿਆ ਫੋਨ ਆਇਆ ਕਿ ' ਬਲਦੇਵ ਤੈਨੂੰ ਸਭਾ ਛੱਡਣੀ ਪਵੇਗੀ।" ਮੈਂ ਕਿਹਾ, "ਸੰਧੂ ਸਾਹਿਬ ਤੁਹਾਨੂੰ ਕਾਰਨ ਦੱਸਣੇ ਪੈਣਗੇ ,ਲਿਖ਼ਤ'ਚ ਕਿ ਮੈਨੂੰ ਕਿਉਂ ਕੱਢਿਆ ਜਾ ਰਿਹਾ ਹੈ। ਮੈਂ ਉਨ੍ਹਾਂ ਕਾਰਨਾਂ ਦਾ ਉੱਤਰ ਦੇਵਾਂਗਾ, ਫੇਰ ਸਭਾ ਛੱਡ ਕੇ ਜਾਵਾਂਗਾ।" ਇਹ ਸੁਣਨ 'ਤੇ ਉਸ ਨੇ ਕਿਹਾ, "4-5 ਦਿਨਾਂ ਬਾਅਦ ਡਾ. ਰੇਣੂਕਾ ਸਿੰਘ ਨਾਲ ਗੱਲ ਕਰਕੇ ਫਿਰ ਫੋਨ ਕਰਾਂਗਾ। 9-3-2015 ਨੂੰ ਰਾਤ 9 ਵਜੇ ਸ੍ਰੀ ਸੰਧੂ ਦਾ ਫਿਰ ਫੋਨ ਆਉਂਦਾ ਹੈ, "ਤੈਨੂੰ ਰੀਜ਼ਾਇਨ ਕਰਕੇ ਜਾਣਾ ਪਵੇਗਾ। ਅਸੀਂ ਲਿਖਤ ਵਿੱਚ ਕੁਝ ਨਹੀਂ ਦੇਵਾਂਗੇ, ਨਾ ਅਜੇ ਤਕ ਕਿਸੇ ਨੂੰ ਦਿੱਤਾ ਹੈ। ਮੈਂ ਕਿਹਾ ਕਿ ਸੰਧੂ ਸਾਹਿਬ ਤੁਸੀਂ ਮੈਨੂੰ ਕੋਈ ਨਵੀਂ ਗੱਲ ਨਹੀਂ ਕਹਿ ਰਹੇ। ਇਸ ਤੋਂ ਪਹਿਲਾਂ ਡਾ. ਰੇਣੂਕਾ ਸਿੰਘ, ਸ੍ਰੀ ਦਰਸ਼ਨ ਸਿੰਘ, ਡਾ. ਮਹਿੰਦਰ ਕੌਰ ਗਿੱਲ ਅਤੇ ਸ੍ਰੀ ਚਰਨਜੀਤ ਸਿੰਘ ਚੰਨ ਵੀ ਅਸਤੀਫ਼ੇ ਬਾਰੇ ਕਹਿ ਚੁੱਕੇ ਹਨ। ਮੈਂ ਸ੍ਰੀ ਸੰਧੂ ਨਾਲ 8 ਸਤੰਬਰ 2014 ਨੂੰ ਸਭਾ ਦੇ ਦਫਤਰ ਵਿੱਚ ਆਪਣੇ ਨਾਲ ਵਾਪਰੀ ਘਟਨਾ ਦੀ ਵੀ ਜ਼ਿਕਰ ਕੀਤਾ। ਸ੍ਰੀ ਸੰਧੂ ਨੇ ਮੇਰੇ ਪਰਿਵਾਰਕ ਜੀਵਨ ਬਾਰੇ ਵੀ ਬਹੁਤ ਭੱਦੀ ਟਿੱਪਣੀ ਕਤੀ। ਇਹ ਸਾਰੀ ਗੱਲਬਾਤ ਫੋਨ 'ਤੇ ਰਿਕਾਰਡ ਹੋਈ ਹੈ।

ਪੰਜਾਬੀ ਸਾਹਿਤ ਸਭਾ ਵਲੋਂ ਆਪਣੇ ਕਰਮਚਾਰੀਆਂ ਨੂੰ ਬੇਇੱਜ਼ਤ ਕੀਤੇ ਜਾਣ ਦੀ ਇਹ ਪਹਿਲੀ ਘਟਨਾ ਨਹੀਂ ਹੈ । ਮੇਰੇ ਤੋਂ ਪਹਿਲਾਂ ਸ੍ਰੀਮਤੀ ਕੰਵਲਜੀਤ ਕੌਰ ਅਤੇ ਸ੍ਰੀਮਤੀ ਕ੍ਰਿਸ਼ਨਾ ਬੇਦੀ ਨਾਲ ਵੀ ਅਜਿਹਾ ਹੀ ਹੋਇਆ ਹੈ। ਸਭਾ ਦੇ ਕਰਮਚਾਰੀ ਸ੍ਰੀ ਅਮਰ ਸਿੰਘ ਨੂੰ ਹਾਲ ਹੀ ਵਿੱਚ ਮੇਰੇ ਸਾਹਮਣੇ ਜਦ ਸ੍ਰੀ ਚਰਨਜੀਤ ਸਿੰਘ ਚੰਨ ਮੂੰਹ 'ਤੇ ਜੁੱਤੀਆਂ ਮਾਰਨ ਦੀ ਧਮਕੀ ਦਿੰਦੇ ਹਨ ਤਾਂ ਸ੍ਰੀ ਅਮਰ ਸਿੰਘ ਆਪਣੀ ਤਨਖਾਹ ਦਾ ਚੈੱਕ ਟੋਟੇ ਟੋਟੇ ਕਰਕੇ ਸ੍ਰੀ ਚੰਨ ਦੇ ਮੂੰਹ 'ਤੇ ਮਾਰਦੇ ਹਨ। ਇਸ ਦਾ ਜਾਣਕਾਰੀ ਡਾ. ਰੇਣੂਕਾ ਸਿੰਘ ਨੂੰ ਵੀ ਹੈ। ਜਦੋਂ ਸ੍ਰੀ ਅਮਰ ਸਿੰਘ ਪਿਛਲੇ ਦਿਨੀਂ ਕਿਸੇ ਜ਼ਰੂਰੀ ਕੰਮ ਕਰਕੇ ਲੰਬੀ ਛੁੱਟੀ 'ਤੇ ਗਏ ਤਾਂ ਸ੍ਰੀ ਚੰਨ ਦਾ ਮੈਨੂੰ ਫੋਨ ਆਇਆ, "ਸਾਲਾ ਹਰਾਮਜ਼ਾਦਾ, ਜਦ ਚਾਹੇ ਛੁੱਟੀ ਕਰਦਾ ਹੈ।

ਇਸ ਵਾਰ ਇਸ ਦੀ ਤਨਖਾਹ ਕੱਟਾਂਗਾਂ।" ਇਸ ਦੀ ਜਾਣਕਾਰੀ ਵੀ ਮੈਂ ਡਾ. ਰੇਣੂਕਾ ਸਿੰਘ ਨੂੰ ਦਿੱਤੀ ਕਿ ਸਭਾ ਵਿੱਚ ਦਫ਼ਤਰ ਵਾਲਾ ਮਾਹੌਲ ਹੋਣਾ ਚਾਹੀਦਾ ਹੈ। ਪਰ ਮੇਰੀ ਕਿਸੇ ਨੇ ਨਾ ਸੁਣੀ।

2015 ਦੇ ਅਜੀਤ ਅਖ਼ਬਾਰ ਵਿੱਚ ਦਿੱਤਾ ਗਿਆ ਬਿਆਨ ਵੀ ਝੂਠਾ ਹੈ ਕਿ," ਇਸ ਸੰਬੰਧੀ ਪੁੱਛਣ 'ਤੇ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਗੁਲਜ਼ਾਰ ਸਿੰਘ ਸੰਧੂ ਨੇ ਕਿਹਾ ਕਿ ਡਾ. ਬੱਦਨ ਦੇ ਅਹੁਦੇ ਦੀ ਮਿਆਦ 31 ਮਾਰਚ ਨੂੰ ਸਮਾਪਤ ਹੋ ਜਾਣੀ ਸੀ, ਤੇ ਕਈ ਵਾਰ ਰੋਕਣ ਦੇ ਬਾਵਜੂਦ ਉਨ੍ਹਾਂ ਵਲੋਂ ਸਭਾ ਦੇ ਵਿਧਾਨ ਦੇ ਉਲਟ ਨਿੱਜੀ ਪਬਲਿਸ਼ਰਜ ਦੀਆਂ ਕਿਤਾਬਾਂ ਪੰਜਾਬੀ ਭਵਨ ਵਿਖੇ ਵੇਚਣਾ ਜਾਰੀ ਰੱਖਣ ਕਾਰਨ ਸਭਾ ਉਨ੍ਹਾਂ ਦੇ ਅਹੁਦੇ ਦੀ ਮਿਆਦ ਨਹੀਂ ਵਧਾ ਰਹੀ ਸੀ, ਜਿਸ ਕਾਰਨ ਉਨ੍ਹਾਂ ਨੇ ਅਸਤੀਫ਼ਾ ਦੇ ਦਤਾ।" ਸਭਾ ਵਲੋਂ ਬੁੱਕ ਸ਼ਾਪ ਤਾਂ ਕਿਤਾਬਾਂ ਖਰੀਦਣ ਤੇ ਵੇਚਣ ਦੇ ਕੰਮ ਪਿਛਲੇ 20 ਸਾਲਾਂ ਤੋਂ ਕਰ ਰਹੀ ਹੈ। ਸਭਾ ਵਲੋਂ ਤਾਂ ਲੱਖਾਂ ਰੁਪਏ ਦੀਆਂ ਪੁਸਤਕਾਂ ਦੀ ਪਰਦ੍ਰਸ਼ਨੀ ਵਾਲੀ ਬੱਸ ਵੀ ਹਜ਼ਮ ਕਰ ਲਈ ਗਈ ਹੈ। ਮੈਂ ਸਿਰਫ਼ ਸਭਾ ਦੇ ਫੈਸਲਿਆ ਬਾਰੇ ਤਿੰਨ ਹਵਾਲੇ ਹੀ ਦੇਵਾਂਗਾ.

**1. ਪੁਸਤਕ ਭਾਗ:** ਇਸ ਵਿੱਚ 22 ਪਬਲਿਸ਼ਰਾਂ ਦੀਆਂ 10 ਹਜ਼ਾਰ ਪੁਸਤਕਾਂ ਸ਼ੈਲਫਾਂ ਵਿੱਚ ਪਰਦਰਸ਼ਿਤ ਕੀਤੀਆਂ ਗਈਆਂ ਹਨ। ਇਹ ਪੁਸਤਕਾਂ ਆਮ ਵੇਖੀਆਂ ਜਾ ਸਕਦੀਆਂ ਹਨ ਤੇ ਕੁਝ ਵਿਸ਼ੇਸ਼ ਟਾਇਟਲਾਂ ਤੋਂ ਇਲਾਵਾ ਕੋਈ ਵੀ ਪੁਸਤਕ ਅੱਧੇ ਮੁੱਲ 'ਤੇ ਉਸੇ ਵੇਲੇ ਖਰੀਦੀ ਜਾ ਸਕਦੀ ਹੈ। ਸਾਹਿਤਿਕ ਇਕੱਤ੍ਰਤਾਵਾਂ ਜਾਂ ਪੰਜਾਬੀ ਭਵਨ ਵਿੱਚ ਆਉਣ ਵਾਲੇ ਸੱਜਣ ਇਸ ਸਹੂਲਤ ਦਾ ਵੱਧ ਤੋਂ ਵੱਧ ਲਾਭ ਉਠਾ ਸਕਦੇ/ਰਹੇ ਹਨ। ਵਿਸ਼ੇਸ਼ਤਾ ਇਸ ਗੱਲ ਦੀ ਹੈ ਕਿ ਪਬਲਿਸ਼ਰਾਂ ਦੇ ਨਵੀਨਤਮ ਟਾਇਟਲ ਮੰਗਵਾਉਣ ਦਾ ਉੱਦਮ ਕੀਤਾ ਜਾਂਦਾ ਹੈ।

ਪੰਜਾਬੀ ਭਵਨ ਦੀ ਲਾਬੀ ਵਿੱਚ 10 ਵਿਸ਼ੇਸ਼ ਸਟੈਂਡ ਲਗਾਵਏ ਗਏ ਹਨ ਤਾਂ ਜੋ 7-8 ਸੌ ਟਾਇਟਲ ਸਧਾਰਣ ਤੌਰ 'ਤੇ ਪਾਠਕਾਂ/ਦਰਸ਼ਕਾਂ ਦੇ ਗੋਚਰੇ ਹੁੰਦੇ ਰਹਿਣਗੇ। ਇਸ ਕਾਰਜ ਨੂੰ ਕਾਫ਼ੀ ਸਲਾਹਿਆ ਗਿਆ ਹੈ ਅਤੇ ਆਉਣ ਵਾਲੇ ਸਮੇਂ ਅੰਦਰ ਇਸ ਦੇ ਪੰਜਾਬੀ ਪ੍ਰਕਾਸ਼ਕਾਂ ਦੀ ਪ੍ਰਦਰਸ਼ਨੀ-ਕਮ-ਵਿਕਰੀ ਦਾ ਸਭ ਤੋਂ ਵੱਡਾ ਅਤੇ ਨਿਵੇਕਲਾ ਕੇਂਦਰ ਬਣ ਜਾਣ ਦੀ ਆਸ ਹੈ।

(ਪੰਜਾਬੀ ਸਾਹਿਤ ਸਭਾ ਦੀ ਫਰਵਰੀ 1998 ਤੋਂ ਸਤੰਬਰ 2001 ਦੀ ਸੰਖੇਪ ਰਿਪੋਰਟ) ਇਹ 28 ਫਰਵਰੀ 1998 ਦੀ ਫਾਉਂਡਰ ਮੈਂਬਰਾਂ ਦੀ ਇਕੱਤ੍ਰਤਾ ਵਿੱਚ ਪੇਸ਼ ਕੀਤੀ ਗਈ, ਜਿਸ ਵਿੱਚ ਡਾ. ਮਹਿੰਦਰ ਕੌਰ ਗਿੱਲ ਅਤੇ ਗੁਲਜ਼ਾਰ ਸਿੰਘ ਸੰਧੂ ਵੀ ਸ਼ਾਮਲ ਸਨ। *ਪੰਨਾਂ-5*

2. "ਭਵਨ ਵਿੱਚ 22 ਪਬਲਿਸ਼ਰਾਂ ਦੇ ਸਹਿਯੋਗ ਨਾਲ ਪ੍ਰਦਰਸ਼ਤ ਪੁਸਤਕਾਂ 50% ਰਿਆਇਤ ਨਾਲ ਵੇਚੀਆਂ ਜਾ ਰਹੀਆਂ ਹਨ। ਇਸ ਤੋਂ ਕਾਫ਼ੀ ਪਾਠਕ ਲਾਭ ਉਠਾ ਰਹੇ ਹਨ।"

'ਮੋਬਾਇਲ ਲਾਇਬ੍ਰੇਰੀ ਦੀ ਵੈਨ' ਨਾਲ ਪਿੰਡਾਂ ਅਤੇ ਨੇੜੇ ਤੇੜੇ ਦੇ ਸਕੂਲਾਂ-ਕਾਲਜਾਂ ਵਿੱਚ ਪੁਸਤਕਾਂ ਉਪਲਭਧ ਹੋਣ ਕਾਰਨ ਇਸ ਸਕੀਮ ਨੂੰ ਅੱਛਾ ਹੁੰਗਾਰਾ ਮਿਲ ਰਿਹਾ ਹੈ।

*(ਪੰਜਾਬੀ ਸਾਹਿਤ ਸਭਾ ਦੇ ਫਾਉਂਡਰ ਮੈਂਬਰਾਂ ਦੀ ਇਕੱਤ੍ਰਤਾ ਜੋ 21 ਸਤੰਬਰ*



*2001 ਨੂੰ ਸਭਾ ਦੇ ਦਫਤਰ ਵਿੱਚ ਹੋਈ । ਇਸ ਵਿੱਚ ਭਾਪਾ ਪ੍ਰੀਤਮ ਸਿੰਘ, ਡਾ. ਰੇਣੂਕਾ ਸਿੰਘ, ਡਾ. ਮਹਿੰਦਰ ਕੌਰ ਗਿੱਲ ਅਤੇ ਸ੍ਰੀ ਗੁਲਜ਼ਾਰ ਸਿੰਘ ਸੰਧੂ ਤੋਂ ਇਲਾਵਾ ਹੋਰ ਵੀ ਕਈ ਮੈਂਬਰ ਸ਼ਾਮਲ ਸਨ।) ਪੰਨਾਂ-3*

3. "ਪੰਜਾਬੀ ਭਵਨ ਵਿੱਚ 22 ਪਬਲਿਸ਼ਰਾਂ ਦੇ ਸਹਿਯੋਗ ਨਾਲ 50% ਰਿਆਇਤ ਤਕ ਪਾਠਕਾਂ ਨੂੰ ਪੁਸਤਕਾਂ ਉਪਲਬਧ ਕਰਾਉਣ ਦਾ ਕਾਰਜ ਬਕਾਇਦਾ ਤੌਰ 'ਤੇ ਚਲ ਰਿਹਾ ਹੈ। ਇਹ ਪੁਸਤਕਾਂ ਲਾਬੀ ਵਿੱਚ ਪਰਦਰਸ਼ਿਤ ਵੀ ਕੀਤੀਆਂ ਗਈਆਂ ਹਨ ਤਾਂ ਜੋ ਪਾਠਕਾਂ ਦਾ ਧਿਆਨ ਖਿੱਚ ਸਕਣ। ਦਿੱਲੀ ਤੋਂ ਇਲਾਵਾਂ ਪੰਜਾਬ ਵਾਸੀ ਪਾਠਕ ਤੇ ਸਾਹਿਤਿਕ ਸੰਸਥਾਵਾਂ ਇਸ ਸਹੂਲਤ ਤੋਂ ਲਾਭ ਲੈਂਦੀਆਂ ਹਨ।"

*(ਫਾਉਂਡਰ ਮੈਂਬਰਾਂ ਦੀ 1 ਅੱਕਤੂਬਰ 2004 ਦੀ ਇਕੱਤ੍ਰਤਾ ਜਿਸ ਵਿੱਚ ਹੋਰ ਮੈਂਬਰਾਂ ਤੋਂ ਇਲਾਵਾ ਡਾ. ਰੇਣੂਕਾ ਸਿੰਘ , ਡਾ. ਮਹਿੰਦਰ ਕੌਰ ਗਿੱਲ ਅਤੇ ਗੁਲਜ਼ਾਰ ਸਿੰਘ ਸੰਧੂ ਵੀ ਸ਼ਾਮਲ ਸਨ।) ਪੰਨਾਂ-4*

ਮੈਂ ਜ਼ਿਆਦਾ ਕੁਝ ਨਹੀਂ ਕਹਾਂਗਾ। ਕ੍ਰਿਪਾ ਕਰਕੇ ਸਭਾ ਆਪਣੇ ਫ਼ੈਸਲਿਆ ਦਾ ਹੀ ਸਤਿਕਾਰ ਕਰੇ।

**ਭ.ਰ.: ਅਜਿਹੀਆਂ ਦਮ ਘੁੱਟਣ ਵਾਲੀਆਂ ਪ੍ਰਸਥਿਤੀਆਂ ਕਿਸੇ ਸਾਹਿਤਿਕ ਅਦਾਰੇ ਵਿੱਚ ਹੋਣਾ ਕੀ ਮੰਦਭਾਗੀ ਗੱਲ ਨਹੀਂ ਹੈ?**

**ਡਾ. ਬੱਦਨ:** ਸਭਾ ਦੇ ਜਿੰਨੇ ਵੀ ਮੈਂਬਰ ਹਨ, ਉਨ੍ਹਾਂ ਨੂੰ ਮੈਂ ਪਿਛਲੇ 20 ਸਾਲਾਂ ਤੋਂ ਜਾਣਦਾ ਹਾਂ। ਜਦ ਮੈਂ ਟਰੱਸਟ ਵਿੱਚ ਨੌਕਰੀ 'ਤੇ ਸੀ ਤਾਂ ਇਨ੍ਹਾਂ ਨੂੰ ਬਹੁਤ ਇੱਜ਼ਤ ਮਾਣ ਵੀ ਦਿੱਤਾ। ਇਨ੍ਹਾਂ ਨੇ ਐਨਾ ਵੀ ਨਹੀਂ ਸੋਚਿਆ ਤੇ ਜ਼ਰੂਰੀ ਸਮਝਿਆ ਕਿ ਬਲਦੇਵ ਸਿੰਘ ਵਰਗੇ ਪੰਜਾਬੀ ਭਾਸ਼ਾ ਨੂੰ ਸਮਰਪਿਤ ਵਿਅਕਤੀ ਨੂੰ ਕੱਢਣ ਲਈ ਕੋਈ ਵੀ ਫੈਸਲਾ ਸਭਾ ਦੇ ਨੇਮਾਂ ਅਨੁਸਾਰ ਹੀ ਲੈਣਾ ਚਾਹੀਦਾ ਹੈ। ਪਰ ਕਿਸੇ ਵੀ ਮੈਂਬਰ ਨੂੰ ਕਿਸੇ ਵੀ ਨੇਮ ਦੀ ਪ੍ਰਵਾਹ ਹੀ ਨਹੀਂ? ਕਿਸੇ ਨੌਕਰੀ ਕਰ ਰਹੇ ਕਰਮਚਾਰੀ /ਅਧਿਕਾਰੀ ਨੂੰ ਯਾਤਨਾ ਦੇਣਾ/ਬੇਇੱਜ਼ਤ ਕਰਨਾ, ਨੌਕਰੀ ਛੱਡਣ ਲਈ ਧਮਕੀਆਂ ਦੇਣਾ ਗੈਰ-ਕਾਨੂੰਨੀ ਹੈ, ਭਾਵੇਂ ਪੰਜਾਬੀ ਸਾਹਿਤ ਸਭਾ ਦਾ ਦਫ਼ਤਰ ਹੀ ਕਿਉਂ ਨਾ ਹੋਵੇ। ਮੈਂ ਸੋਚਿਆ ਨੌਕਰੀ ਭਾਵੇਂ ਚਲੀ ਜਾਏ ਪਰ ਮੈਂ ਇਨ੍ਹਾਂ ਦੇ ਗਲਤ ਕੰਮਾਂ ਵਿੱਚ ਸ਼ਾਮਲ ਨਹੀਂ ਹੋਵਾਂਗਾ।

**ਭ.ਰ.: ਅਜਿਹੇ ਮਾਹੌਲ ਵਿੱਚ 11 ਮਹੀਨੇ ਕੰਮ ਕਰਨਾ ਮੈਂ ਤੁਹਾਡੀ ਬਹਾਦਰੀ ਹੀ ਸਮਝਦਾ ਹਾਂ। ਤੁਸੀਂ ਕੁਝ ਕਹਿਣਾ ਚਾਹੋਗੇ?**

**ਡਾ. ਬੱਦਨ:** ਭਗਵੰਤ ਜੀ, ਜਦੋਂ ਮੈਂ ਨੈਸ਼ਨਲ ਬੁੱਕ ਟਰੱਸਟ 'ਚੋਂ ਸੇਵਾ ਮੁਕਤ ਹੋਇਆ ਤਾਂ ਮੈਨੂੰ ਕੇਂਦਰ ਸਰਕਾਰ ਵਲੋਂ ਲੰਮਾਂ ਸਮਾਂ ਪਹਿਲਾਂ ਨੇਮਾਂ ਅਨੁਸਾਰ ਡਾਇਰੈਕਟਰ ਦਾ ਸਕੇਲ ਮਿਲ ਚੁੱਕਾ ਸੀ। ਨੌਕਰੀ ਦੌਰਾਨ ਮੈਂ ਬਹੁਤ ਕੁਝ ਲਿਖਿਆ ਹੈ। ਪੰਜਾਬੀ ਸਾਹਿਤ ਸਭਾ ਵਿੱਚ ਨਿਰਦੇਸ਼ਕ ਬਣਨ ਦੇ ਠੀਕ ਇੱਕ ਮਹੀਨੇ ਬਾਅਦ ਮੈਂ ਅਪਣਾ ਅਸਤੀਫ਼ਾ ਜੇਬ ਵਿੱਚ ਪਾ ਕੇ ਨੈਸ਼ਨਲ ਬੁੱਕ ਸ਼ਾਪ ਨਵੀਂ ਦਿੱਲੀ ਦੇ ਮਾਲਕ ਸ੍ਰੀ ਰਾਜਿੰਦਰ ਸਿੰਘ ਕੋਲ ਗਿਆ। ਜਦ ਉਸ ਨੂੰ ਦੱਸਿਆ ਕਿ ਮੈਂ ਅਸਤੀਫ਼ਾ ਦੇਣ ਜਾ ਰਿਹਾ ਹਾਂ ਤਾਂ ਉਨ੍ਹਾਂ ਮੈਨੂੰ ਰੋਕਿਆ ਕਿ ਬਲਦੇਵ ਮੇਰੇ ਕਹਿਣ 'ਤੇ ਦੋ ਮਹੀਨੇ ਨੌਕਰੀ ਹੋਰ ਕਰ ਲੈ, ਜੇ ਫਿਰ ਮਾਹੌਲ ਰਾਸ ਨਾ ਆਵੇ ਤਾਂ ਚਲਾ ਜਾਵੀਂ। ਰਾਜਿੰਦਰ ਸਿੰਘ ਦੀ ਮੈਂ ਦਿਲੋਂ ਇੱਜ਼ਤ ਕਰਦਾ ਹਾਂ । ਉਸ ਦਾ ਸੁਝਾਅ ਮੈਂ ਮੰਨ ਲਿਆ। ਮੈਨੂੰ ਇਹ ਸਾਰੀ ਉਮਰ ਪਛਤਾਵਾਂ ਰਹੇਗਾ ਕਿ ਮੈਂ ਉਸ ਸਮੇਂ ਇਹ

ਅਸਤੀਫ਼ਾ ਕਿਉਂ ਨਾ ਦਿੱਤਾ। ਸ਼ਾਇਦ ਰੱਬ ਨੂੰ ਇਹੀ ਮਨਜ਼ੂਰ ਸੀ।

**ਭ.ਰ.: ਤੁਸੀਂ ਟਰੱਸਟ ਵਿੱਚ ਚੀਫ਼ ਐਡੀਟਰ ਰਹੇ ਹੋ। ਅਸੀਂ ਪੰਜਾਬੀ ਵਾਲੇ ਭਾਰਤੀ ਭਾਸ਼ਾਵਾਂ ਦੇ ਮੁਕਾਬਲੇ ਕਿੱਥੇ ਖੜੇ ਹਾਂ?**

**ਡਾ. ਬੱਦਨ:** ਅਸੀਂ ਪੰਜਾਬੀ ਲੋਕ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਕਿਵੇਂ ਪ੍ਰਫੁੱਲਤ ਕੀਤਾ ਜਾਵੇ ਇਸ ਪ੍ਰਤੀ ਸੁਚੇਤ ਨਹੀਂ ਹਾਂ। ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਕਿਥੇ ਗਿਆ? ਭਾਸ਼ਾ ਵਿਭਾਗ ਪੰਜਾਬ ਦੀ ਅੱਜ ਕੀ ਸਥਿਤੀ ਹੈ? ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪਬਲੀਕੇਸ਼ਨ ਬਿਉਰੋ ਨੇ ਕਈ ਦਹਾਕੇ ਪਹਿਲਾਂ ਪੰਜਾਬੀ ਪ੍ਰਕਾਸ਼ਨ ਬੰਦ ਕਰ ਦਿੱਤਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ ਦੀਆਂ ਕਿੰਨੀਆਂ ਪ੍ਰਕਾਸ਼ਨਾਵਾਂ ਹਨ। ਅਸੀਂ ਅਕਾਦਮੀਆਂ/ਸੰਸਥਾਵਾਂ 'ਤੇ ਕਾਬਜ਼ ਹੋਣਾ ਜਾਣਦੇ ਹਾਂ। ਸਾਡਾ ਫਰਜ਼ ਕੀ ਹੈ?ਇਸ ਪ੍ਰਤੀ ਅਸੀਂ ਅਵੇਸਲੇ ਹਾਂ। ਨੈਸ਼ਨਲ ਬੁੱਕ ਟਰੱਸਟ ਪੰਜਾਬ ਵਿੱਚ 9 ਦਿਨਾਂ ਦਾ ਪੁਸਤਕ ਮੇਲਾ ਲਗਾਏ ਤਾਂ ਪੁਸਤਕ ਮੇਲੇ ਦੀ ਵਿਕਰੀ 50 ਲੱਖ ਦੀ ਹੋਵੇਗੀ।

ਉਹੀ ਮੇਲਾ ਕਲਕੱਤਾ ਜਾਂ ਕੇਰਲ ਵਿੱਚ ਲੱਗੇ ਤਾਂ ਵਿਕਰੀ 10 ਕਰੋੜ ਦੀ ਹੋਵੇਗੀ। ਇਨ੍ਹਾਂ ਭਾਸ਼ਾਵਾਂ ਦੇ ਮੁਕਾਬਲੇ ਪੰਜਾਬੀ ਦੀਆਂ ਪੁਸਤਕਾਂ ਦੀ ਛਪਣ ਗਿਣਤੀ ਬਹੁਤ ਹੀ ਘੱਟ ਹੈ। ਬਾਲ ਸਾਹਿਤ, ਵਿਗਿਆਨ, ਸਮਾਜ ਵਿਗਿਆਨ ਦੀਆਂ ਪੁਸਤਕਾਂ ਦੀ ਪੰਜਾਬੀ ਵਿੱਚ ਬਹੁਤ ਘਾਟ ਹੈ। ਬਾਲ ਰਸਾਲਿਆ ਦੀ ਬਹੁਤ ਘਾਟ ਹੈ। ਪੰਜਾਬੀ ਪ੍ਰਕਾਸ਼ਨ ਜਗਤ ਸਿਰਫ਼ ਵੱਡੇ ਸ਼ਹਿਰਾਂ ਤਕ ਸੀਮਿਤ ਹੈ। ਅਨੁਵਾਦ ਸਾਹਿਤ ਦੀ ਬਹੁਤ ਘਾਟ ਹੈ। ਪੰਜਾਬ ਵਿੱਚ ਸਰਕਾਰ ਵਲੋਂ ਪੰਜਾਬੀ ਸਾਹਿਤ ਅਕਾਦਮੀ ਦੀ ਸਥਾਪਨਾ ਹੋਣੀ ਚਾਹੀਦੀ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਅਨੁਵਾਦ ਦਾ ਵੱਖਰਾ ਵਿਭਾਗ ਖੋਲ੍ਹਣਾ ਚਾਹੀਦਾ ਹੈ।

**ਭ.ਰ.: ਤੁਹਾਡੀ ਨਜ਼ਰ ਵਿੱਚ ਪੰਜਾਬੀ ਦੇ ਕਿਹੜੇ ਪ੍ਰਕਾਸ਼ਕ ਸਹੀ ਮਾਅਨਿਆ ਵਿੱਚ ਪੰਜਾਬੀ ਦੀ ਸੇਵਾ ਕਰ ਰਹੇ ਹਨ ਭਾਵ ਜੋ ਪੁਸਤਕ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਪ੍ਰਤੀ ਸੁਚੇਤ ਹਨ?**

**ਡਾ. ਬੱਦਨ:** ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, ਪੀਪਲਜ਼ ਫਾਰਮ ਬਰਗਾੜੀ।

**ਭ.ਰ.: ਤੁਹਾਡੀ ਰਾਏ ਅਨੁਸਾਰ ਕਿਹੜੇ ਲੇਖਕ ਸਾਹਿਤ ਅਕਾਦਮੀ ਪੁਰਸਕਾਰ ਦੇ ਹੱਕਦਾਰ ਨੇ। ਕਿਹੜੇ ਅਨੁਵਾਦ ਪੁਰਸਕਾਰ ਤੇ ਕਿਹੜੇ ਬਾਲ ਸਾਹਿਤ ਪੁਰਸਕਾਰ ਦੇ?**

**ਡਾ. ਬੱਦਨ:** ਸਾਹਿਤ ਅਕਾਦਮੀ ਪੁਰਸਕਾਰ ਲਈ ਸ੍ਰੀ ਮਨਮੋਹਨ ਬਾਵਾ ਜੀ, ਡਾ. ਨਰਿੰਦਰ ਸਿੰਘ ਕਪੂਰ, ਸਵਾਰਜਬੀਰ, ਸੁਰਜੀਤ ਜੱਜ,ਡਾ. ਮੋਹਨਜੀਤ ਨੂੰ ਵੀ ਮਿਲਣਾ ਚਾਹੀਦਾ। ਅਨੁਵਾਦ ਪੁਰਸਕਾਰ ਡਾ. ਗੁਰਚਰਨ ਸਿੰਘ ਅਰਸੀ, ਡਾ. ਨਰੇਸ਼, ਡਾ. ਅਮਰ ਕੋਮਲ, ਡਾ. ਅਮੀਆਂ ਕੁੰਵਰ, ਡਾ. ਅਮਰਜੀਤ ਕੌਂਕੇ, ਪ੍ਰੇਮ ਪ੍ਰਕਾਸ਼, ਡਾ. ਜਸਵਿੰਦਰ ਕੌਰ ਬਿੰਦਰਾ ਅਤੇ ਬਲਬੀਰ ਪਰਵਾਨਾ ਜੀ ਨੂੰ ਮਿਲਣਾ ਚਾਹੀਦਾ। ਸ੍ਰੀ ਸੁਖਦੇਵ ਮਾਦਪੁਰੀ ਜੀ ਬਾਲ ਸਾਹਿਤ ਪੁਰਸਕਾਰ ਦੇ ਹੱਕਦਾਰ ਨੇ।

**ਭ.ਰ.: ਡਾ. ਸਾਹਿਬ ਦਿੱਲੀ ਦੇ ਕੁਝ ਸੀਨੀਅਰ ਪੰਜਾਬੀ ਲੇਖਕਾਂ ਦੇ ਨਾਮ ਦੱਸੋ?**

**ਡਾ. ਬੱਦਨ:** ਡਾ. ਜਸਵੰਤ ਸਿੰਘ ਨੇਕੀ, ਸ੍ਰੀ ਗੁਰਬਚਨ ਸਿੰਘ ਭੁੱਲਰ, ਸ੍ਰੀ ਮਨਮੋਹਨ




ਬਾਵਾ, ਡਾ. ਜਗਬੀਰ ਸਿੰਘ, ਸ੍ਰੀਮਤੀ ਚੰਦਨ ਨੇਗੀ, ਡਾ. ਹਰਬੰਸ ਸਿੰਘ ਚਾਵਲਾ, ਡਾ. ਗੁਰਚਰਨ ਸਿੰਘ ਅਰਸ਼ੀ, ਡਾ. ਮੋਹਨਜੀਤ ਅਤੇ ਨਛੱਤਰ ਆਦਿ।

**ਭ.ਰ.: ਪੰਜਾਬੀ ਸਾਹਿਤ ਸਭਾ ਦਿੱਲੀ ਦੇ ਪ੍ਰਧਾਨ ਦਾ ਸੰਬੰਧ ਤਾਂ ਚੰਡੀਗੜ੍ਹ ਨਾਲ ਹੈ। ਕੀ ਸਭਾ ਦਾ ਪ੍ਰਧਾਨ ਦਿੱਲੀ ਦਾ ਨਹੀਂ ਹੋਣਾ ਚਾਹੀਦਾ?**

**ਡਾ. ਬੱਦਨ:** ਭਗਵੰਤ ਜੀ ਉਪਰੋਕਤ ਜਿਨ੍ਹਾਂ ਨਾਵਾਂ ਦੀ ਮੈਂ ਚਰਚਾ ਕੀਤੀ ਹੈ, ਉਹ ਵੀ ਅਜਿਹੇ ਹਰ ਅਹੁਦੇ ਲਈ ਯੋਗ ਵਿਅਕਤੀ ਹਨ। ਪਰ ਇਹੀ ਤਾਂ ਸਭਾ 'ਤੇ ਕਾਬਜ਼ ਲੋਕਾਂ ਦਾ ਕ੍ਰਿਸ਼ਮਾ ਹੈ।

**ਭ.ਰ.: ਅੱਜ ਕੱਲ੍ਹ ਕਿਵੇਂ ਵਕਤ ਕੱਟਦਾ ਹੈ?**

**ਡਾ. ਬੱਦਨ:** ਅੱਜ ਕੱਲ੍ਹ ਮੈਂ ਪੜ੍ਹਨ ਲਿਖਣ ਨੂੰ ਤਰਜ਼ੀਹ ਦੇ ਰਿਹਾ ਹਾਂ। ਪੰਜਾਬੀ ਸਾਹਿਤ ਸਭਿਆਚਾਰ ਸੰਗਠਨ ( ਰਜਿ.) ਦਿੱਲੀ ਦਾ ਪ੍ਰਧਾਨ ਹੋਣ ਦੇ ਨਾਤੇ ਹਰ ਮਹੀਨੇ ਇੱਕ ਸਾਹਿਤਕ ਸਮਾਗਮ ਦਾ ਆਯੋਜਨ ਕੀਤਾ ਜਾਂਦਾ ਹੈ। ਜਦ ਨੈਸ਼ਨਲ ਬੁੱਕ ਟਰੱਸਟ 'ਚੋਂ ਰਿਟਾਇਰ ਹੋਇਆ ਤਾਂ ਉਦਪਾਦਨ ਵਿਭਾਗ ਵਿੱਚ ਪ੍ਰਕਾਸ਼ਨ ਲਈ ਪੰਜਾਬੀ ਦੀਆਂ 72 ਪੁਸਤਕਾਂ ਭੇਜੀਆਂ ਸਨ। ਪਿਛਲੇ ਸਾਲ 7 ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹਨ ਜਿਨ੍ਹਾਂ ਨੂੰ ਘਰ ਬੈਠੇ ਪਾਸ ਮੈਂ ਹੀ ਕਰਦਾ ਹਾਂ। ਦਿੱਲੀ ਦੇ ਕਿਸੇ ਪ੍ਰਕਾਸ਼ਨ ਸੰਸਥਾਨ ਵਿੱਚ 'ਸਲਾਹਕਾਰ' ਦੇ ਤੌਰ 'ਤੇ ਕੰਮ ਕਰ ਰਿਹਾ ਹਾਂ, ਹਫ਼ਤੇ ਵਿੱਚ ਤਿੰਨ ਵਾਰ ਦਫ਼ਤਰ ਜਾਣਾ ਪੈਂਦਾ ਹੈ। ਭਾਰਤ ਦੇ ਵੱਖ -ਵੱਖ ਰਾਜਾਂ ਦੀ ਖੂਬ ਸੈਰ ਕਰਦਾ ਹਾਂ।



PUNJABI SAHIT SABHA
PUNJABI BHAVAN
10, Rouse Avenue Institutional Area, New Delhi-110002

Date 1/11/2014 No.


TRANSFER/PAYMENT VOUCHER

| | Rs. | P. |
|---|---|---|
| Debit Conveyance | 500 | 00 |
| Credit Cash | | |

On a/c of amount paid to Sh Harvinder Singh against conveyance from Mehrauli to PSS. (Tax Deposit)

Accountant — Director Charanjit Singh Chan

Received the sum of Rupees Five hundred only — Signature



PUNJABI SAHIT SABHA
PUNJABI BHAVAN
10, Rouse Avenue Institutional Area, New Delhi-110002

Date 11/11/2014 No.

TRANSFER/PAYMENT VOUCHER

| | Rs. | P. |
|---|---|---|
| Debit Conveyance | 1000 | - |
| Credit Cash | | |

On a/c of amount paid to Sh Charanjit Singh Chan Ji against conveyance from Mehrauli to PSS and back

Accountant — Director Charanjit Singh Chan

Received the sum of Rupees One thousand only — Signature

# "ਮੈਂ ਕਿਉਂ ਜੀ ਰਿਹਾ ਹੈ" ਡਾ. ਕਰਮਜੀਤ ਸਿੰਘ ਨਡਾਲਾ

**ਗੁਰਬਿੰਦਰ ਕੌਰ ਬਰਾੜ**




ਹੱਥਲਾ ਕਹਾਣੀ ਸੰਗ੍ਰਹਿ "ਮੈਂ ਕਿਉਂ ਜੀ ਰਿਹਾ" 2014 ਦਾ ਨਵ ਪ੍ਰਕਾਸ਼ਿਤ ਕਹਾਣੀ ਸੰਗ੍ਰਿਹ ਹੈ। ਜਿਸ ਵਿੱਚ ਕੁੱਲ 10 ਕਹਾਣੀਆਂ ਸ਼ਾਮਿਲ ਹਨ। ਜਿਨ੍ਹਾਂ ਵਿੱਚ ਪ੍ਰੱਖ ਤੇ ਅਪ੍ਰੱਖ ਰੂਪ ਵਿੱਚ ਜੀਵਨ ਯਥਾਰਥ ਦੇ ਅਸਤਿਤਵੀ ਸੰਕਟ, ਬੇਗਾਨਗੀ, ਭ੍ਰਿਸ਼ਟ ਰਾਜਨੀਤੀ, ਕਿਸਾਨੀ ਦੀ ਤ੍ਰਾਸਦੀ, 1947 ਦੀ ਵੰਡ ਦਾ ਦੁਖਾਂਤ ਆਦਿ ਨੂੰ ਪ੍ਰਮੁੱਖ ਰੂਪ ਵਿੱਚ ਰਚਨਾ ਵਸਤੂ ਬਣਾਇਆ ਗਿਆ ਹੈ।

ਇਸ ਪਾਠ ਵਿੱਚ ਵਿਚਰਦਿਆਂ ਦੂਜੀ ਕਹਾਣੀ "ਮੈਂ ਕਿਉਂ ਜੀ ਰਿਹਾ" ਪਾਠਕਾਂ ਦਾ ਧਿਆਨ ਖਿੱਚਦੀ ਹੈ। ਇਹ ਕਹਾਣੀ ਨਡਾਲੇ ਦੀਆਂ ਚਰਚਿਤ ਕਹਾਣੀਆਂ ਵਿਚੋਂ ਇੱਕ ਹੈ। ਜੋ ਪਾਤਰ ਪ੍ਰਧਾਨ ਯਥਾਰਥੀ ਕਹਾਣੀ ਹੈ। ਉਸਦੀ ਇਸ ਕਹਾਣੀ ਵਿੱਚ ਜ਼ਿੰਦਗੀ ਦਾ ਘੋਰ ਸੱਚ ਪੇਸ਼ ਹੈ ਜੋ ਕਿ ਬਹੁਤ ਵਧੀਆ ਤਕਨੀਕ ਨਾਲ ਬਿਆਨ ਕੀਤਾ ਗਿਆ ਹੈ। ਇਹ ਕਹਾਣੀ ਇਸ ਤਰ੍ਹਾਂ ਰਚੀ ਗਈ ਹੈ, ਜਿਵੇਂ ਕਹਾਣੀਕਾਰ ਖੁਦ ਪਾਤਰ ਹੋਵੇ, ਤੇ ਕਹਾਣੀ ਵਿੱਚ ਆਪ ਹੀ ਵਿਚਰ ਰਿਹਾ ਹੋਵੇ। ਇਸ ਕਹਾਣੀ ਵਿੱਚ ਪ੍ਰਕਾਸ਼ ਸਾਰੀ ਉਮਰ ਪਰਿਵਾਰ ਦੀਆਂ ਬੇਵਕਤ ਹੋਈਆਂ ਮੌਤਾਂ ਲਈ ਰੋ ਰਿਹਾ ਹੈ। ਮੈਂ ਪਾਤਰ ਬਿਰਤਾਂਤ ਦੇ ਕੇਂਦਰ ਵਿੱਚ ਰਹਿੰਦਾ ਹੈ। ਜਿਸ ਨੂੰ ਉਸਦੇ ਪਰਿਵਾਰ ਨੇ ਲਾਡਾਂ ਨਾਲ ਪਾਲਿਆ ਸੀ। ਜਿਉਂ-ਜਿਉਂ ਉਹ ਵੱਡਾ ਹੁੰਦਾ ਗਿਆ, ਉਸਤੇ ਪਿਆਰ ਦੀ ਵਰਖਾ ਵਧਦੀ ਗਈ। ਘਰ ਦਾ ਹਰੇਕ ਜੀਅ ਉਸਨੂੰ ਚੁੱਕਦਾ,ਹੱਥੀਂ ਛਾਵਾਂ ਕਰਦਾ। ਉਸਦੇ ਪਰਿਵਾਰ ਵਿੱਚ ਲੱਗਭੱਗ ਵੀਹ ਜਣਿਆਂ ਦਾ ਟੱਬਰ ਸੀ, ਜੋ ਇਕੱਠੇ ਰਹਿੰਦੇ ਸਨ, ਕਾਰੋਬਾਰ ਬਹੁਤ ਵਧੀਆ ਸੀ। ਇੱਕ ਦਿਨ ਉਹਨਾਂ ਦੇ ਪਰਿਵਾਰ ਤੇ ਇਹੋ ਜਿਹਾ ਕਹਿਰ ਟੁੱਟਿਆ ਕਿ ਮੁਸਲਿਆ ਨੇ ਸਾਰਾ ਪਰਿਵਾਰ ਉਸਦੀਆਂ ਅੱਖਾਂ ਦੇ ਸਾਹਮਣੇ ਵੱਢ ਦਿੱਤਾ। ਉਸ ਦੀ ਮਾਂ ਅਤੇ ਚਾਚੀਆਂ ਦੀ ਪੱਤ ਰੋਲੀ ਗਈ। ਜਿਸਦਾ ਉਸਦੇ ਮਨ ਤੇ ਬਹੁਤ ਗਹਿਰਾ ਅਸਰ ਹੋਇਆ ਤੇ ਉਹ ਲਾਹੌਰ ਛੱਡ ਕੇ ਦਰ-ਦਰ ਦੀਆਂ ਠੋਕਰਾਂ ਖਾਨ ਲੱਗਾ। ਕਈ ਥਾਵਾਂ ਤੇ ਮਜ਼ਦੂਰੀ ਕੀਤੀ, ਵਿਆਹ ਕਰਵਾਇਆ ਪਰ ਇੱਕ ਵਾਰ ਫਿਰ ਘਰਵਾਲੀ ਅਤੇ ਬੱਚੇ ਦੀ ਮੌਤ ਕਾਰਨ ਉਸਦੇ ਮਨ 'ਤੇ ਡੂੰਘੀ ਸੱਟ ਲੱਗੀ। ਦਰ-ਦਰ ਭਟਕਣ ਤੋਂ ਬਾਅਦ ਵੀ ਉਸਦੀ ਭਟਕਣਾ ਦਾ ਸਫ਼ਰ ਜਾਰੀ ਸੀ। ਬੁੱਢਾ ਹੋਣ ਦੇ ਬਾਵਜੂਦ ਵੀ ਉਹ ਤੁਰਦਾ ਫਿਰਦਾ ਰਿਹਾ। ਪਰ ਜਿਹੜਾ ਰੁੱਗ ਉਸਦੇ ਦਿਲ ਵਿੱਚ 47 ਦੇ ਦੰਗਿਆਂ ਵੇਲੇ ਭਰਿਆ ਗਿਆ, ਉਹ ਅੱਜ ਵੀ ਬਰਕਰਾਰ ਹੈ, ਉਸਦਾ ਦਿਲ ਕਰਦਾ ਹੈ ਕਿ ਉਸਦਾ ਵੀ ਕੋਈ ਪਰਿਵਾਰ ਹੁੰਦਾ, ਘਰ ਹੁੰਦਾ ਪਰ ਇਹ ਸਾਰੀਆਂ ਚੀਜ਼ਾਂ ਸੰਤਾਲੀ ਦੀ ਭੇਟ ਚੜ੍ਹ ਗਈਆਂ ਸਨ।

ਇਸ ਪ੍ਰਕਾਰ ਇਸ ਕਹਾਣੀ ਵਿੱਚ 1947 ਦਾ ਦਰਦਨਾਕ ਤੇ ਭਿਆਨਕ ਚਿੱਤਰ ਪੇਸ਼



ਕੀਤਾ ਗਿਆ ਹੈ,ਜੋ ਪਾਠਕਾਂ ਦੀ ਨੀਂਦ ਉਡਾ ਦਿੰਦਾ ਹੈ।

ਇਸ ਤਰ੍ਹਾਂ ਹੀ "ਚੱਕਰਵਿਊ" ਕਹਾਣੀ ਵਿੱਚ ਮੈਂ ਪਾਤਰ ਦੀ ਆਪਣੀ ਘਰਵਾਲੀ ਨਾਲ ਤਲਾਕ ਦੀ ਕਹਾਣੀ ਹੈ। ਉਸ ਨੇ ਆਪਣੀ ਪਤਨੀ ਨੂੰ ਬਹੁਤ ਪਿਆਰ ਨਾਲ ਰੱਖਣ ਦੀ ਕੋਸ਼ਿਸ਼ ਕੀਤੀ ਪਰ ਉਹ ਬਹੁਤ ਅੱਖੜ ਸੁਭਾਅ ਦੀ ਹੋਣ ਕਰਕੇ ਉਸ ਨਾਲ ਰਹਿਣ ਨੂੰ ਤਿਆਰ ਨਹੀਂ ਤੇ ਉਸ ਤੋਂ ਤਲਾਕ ਲੈਣ ਲਈ ਉਸਦੇ ਕਚਹਿਰੀਆਂ ਦੇ ਚੱਕਰ ਕਢਵਾਉਂਦੀ ਹੈ। ਮੈਂ ਪਾਤਰ ਨੂੰ ਇਸ ਸਭ ਕੁਝ ਤੋਂ ਬਹੁਤ ਘਬਰਾਹਟ ਹੈ। ਉਸ ਨੂੰ ਕਚਹਿਰੀਆਂ ਦੇ ਧੱਕੇ ਤੇ ਵਕੀਲਾਂ ਤੇ ਮੁਨਸ਼ੀਆਂ ਦੇ ਲਾਰਿਆਂ ਤੋਂ ਬਹੁਤ ਚਿੜ ਹੈ ਜੋ ਉਸ ਦੀ ਪ੍ਰੇਸ਼ਾਨੀ ਦਾ ਕਾਰਨ ਹੈ। ਇਸ ਕਹਾਣੀ ਵਿੱਚ ਲੜਾਕੂ ਤੇ ਖੁਦਗਰਜ਼ ਇਸਤਰੀਆਂ ਜੋ ਮਾਨਸਿਕ ਤੌਰ 'ਤੇ ਰੋਗੀ ਹੋ ਚੁੱਕੀਆਂ ਹਨ ਤੇ ਸਾਂਝੇ ਪਰਿਵਾਰ ਵਿੱਚ ਰਹਿਣ ਤੋਂ ਕੰਨੀਂ ਕਤਰਾਉਂਦੀਆਂ ਹਨ। ਉਹਨਾਂ ਲਈ ਸੱਸ ਸਹੁਰੇ ਦੀ ਸੇਵਾ ਇੱਕ ਫਜ਼ੂਲ ਕੰਮ ਹੈ ਨੂੰ ਪੇਸ਼ ਕੀਤਾ ਗਿਆ ਹੈ। ਕਹਾਣੀ "ਤੀਲੇ" ਵਿੱਚ ਪੰਛੀਆਂ ਦੇ ਰੈਣ-ਬਸੇਰੇ ਦੀ ਗੱਲ ਕੀਤੀ ਹੈ ਕਿ ਪੰਛੀ ਵੀ ਆਪਣਾ ਘਰ ਚਾਹੁੰਦੇ ਹਨ। ਪਰ ਮਨੁੱਖ ਉਹਨਾਂ ਦੀਆਂ ਇਹਨਾਂ ਸੱਧਰਾਂ ਨੂੰ ਅਣਗੌਲਿਆ ਕਰਕੇ ਉਹਨਾਂ ਦੇ ਸੁਪਨਿਆਂ ਨੂੰ ਢਹਿ ਢੇਰੀ ਕਰ ਦਿੰਦਾ ਹੈ। ਉਹਨਾਂ ਦੀ ਕੋਈ ਪਰਵਾਹ ਨਹੀਂ ਕਰਦਾ।

"ਦੀਨੇ ਦੇ ਰਾਖੇ" ਅਤੇ "ਲਹੂ ਦਾ ਛੱਪੜ" ਕਹਾਣੀਆਂ ਵਿੱਚ 1947 ਦੇ ਦੁਖਾਂਤ ਨੂੰ ਬਾਖੂਬੀ ਨਾਲ ਚਿਤਰਿਆ ਗਿਆ ਹੈ। ਕਹਾਣੀ "ਦੀਨੇ ਦੇ ਰਾਖੇ" ਵਿੱਚ ਗੁਲਾਮ ਮਹੁੰਮਦ ਪਿੰਡ ਦਾ ਰਾਜਾ ਹੈ। ਉਹ ਆਪਣੇ ਸਾਰੇ ਪਰਿਵਾਰ ਨੂੰ ਤਾਂ ਲਾਹੌਰ ਭੇਜ ਦਿੰਦਾ ਹੈ, ਪਰ ਆਪ ਆਪਣੀ ਜਾਇਦਾਦ ਛੱਡਣ ਲਈ ਤਿਆਰ ਨਹੀਂ ਹੁੰਦਾ ਅਤੇ ਪਿੰਡ ਵਾਲਿਆ ਨੂੰ ਲਾਹੌਰ ਜਾਣ ਤੋਂ ਰੋਕਦਾ ਹੈ। ਪਰ ਆਖੀਰ ਵਿੱਚ ਆਪਣੇ ਦੋਸਤਾਂ ਕਰਨੈਲ ਸਿੰਘ ਅਤੇ ਬਚਨ ਸਿੰਘ ਹੱਥੋਂ ਮਾਰਿਆ ਜਾਂਦਾ ਹੈ। ਜੋ ਕਿ ਉਸ ਨਾਲ ਵਿਸ਼ਵਾਸ਼ਘਾਤ ਕਰਦੇ ਹਨ ਅਤੇ ਕਿਰਪਾਨ ਮਾਰ ਕੇ ਉਸਦਾ ਕਤਲ ਕਰ ਦਿੰਦੇ ਹਨ।

"ਲਹੂ ਦਾ ਛੱਪੜ" ਕਹਾਣੀ ਵਿੱਚ ਪੀਰ ਸਾਹਿਬ ਤਹਿਸੀਲ ਵਿੱਚ ਐਕਸਾਇਜ਼ ਅਫ਼ਸਰ ਹੈ। ਉਸਦੀ ਪਿੰਡ ਵਿੱਚ ਬੜੀ ਇੱਜ਼ਤ ਤੇ ਰੋਅਬ ਸੀ। ਪਰ ਸਿੱਖਾਂ ਨੇ ਉਸਨੂੰ ਪਾਕਿਸਤਾਨ ਵਿੱਚ ਹੋਏ ਸਿੱਖਾਂ ਦਾ ਕਤਲੇਆਮ ਦਾ ਬਦਲਾ ਲੈਣ ਲਈ ਬੜੇ ਤਸੀਹੇ ਦੇ ਕੇ ਮਾਰ ਦਿੱਤਾ ਜਾਂਦਾ ਹੈ।

ਛਲੇਡਾ" ਕਹਾਣੀ ਵਿੱਚ ਨੋਟਾਂ ਦੀ ਤਰਾਸਦਿਕ ਹਾਲਤ ਨੂੰ ਬਿਆਨ ਕੀਤਾ ਗਿਆ ਹੈ। ਇਸ ਕਹਾਣੀ ਦਾ ਪਾਤਰ ਪਿਆਰਾ ਜੋ ਕਿ ਬਹੁਤ ਗਰੀਬ ਕਿਸਾਨ ਹੈ। ਉਹ ਆਪਣੀ ਹੱਥੀਂ ਪਾਲੀ ਫ਼ਸਲ ਨੂੰ ਮੰਡੀ ਵਿੱਚ ਵੇਚਣ ਲਈ ਦਿਨ ਰਾਤ ਭੁੱਖਣ-ਭਾਣਾ ਮੰਡੀ ਵਿੱਚ ਦਿਨ ਰਾਤ ਕੱਟਦਾ ਹੈ। ਆੜਤੀ ਉਸਦੀ ਫ਼ਸਲ ਲੈਣ ਲਈ ਮਸਾਂ ਹੀ ਬਹੁੜਦਾ ਹੈ ਤੇ ਬਹੁੜ ਕੇ ਵੀ ਉਸਦੇ ਬਣਦੇ ਪੈਸਿਆਂ ਤੇ ਕੁੰਡਲੀ ਮਾਰ ਕੇ ਬੈਠ ਜਾਂਦਾ ਹੈ। ਉਸਦੀ ਧੀ ਦੇ ਵਿਆਹ ਤੇ ਵੀ ਪੈਸੇ ਨਹੀਂ ਦਿੰਦਾ। ਜਿਸ ਕਰਕੇ ਉਸਦੀ ਧੀ ਦਾ ਰਿਸ਼ਤਾ ਟੁੱਟ ਜਾਂਦਾ ਹੈ। ਭਰਿਆ ਪੀਤਾ ਪਿਆਰਾ ਸ਼ਰਾਬ ਪੀ ਲੈਂਦਾ ਹੈ ਤੇ ਆਪਣੀ ਮਿਹਨਤ ਦੇ ਪੈਸੇ ਲੈਣ ਲਈ ਫਿਰ ਆੜਤੀਏ ਕੋਲ ਜਾਂਦਾ ਹੈ। ਆੜਤੀਆ ਉਸਤੇ ਪੁਲਸ ਦੀ ਕੁੱਟ ਪੁਆ ਦਿੰਦਾ ਹੈ। ਪੁਲਸ ਦੀ ਕੁੱਟ ਨਾ ਸਹਾਰਦਾ ਹੋਇਆ ਪਿਆਰਾ ਸਲਫਾਸ ਖਾ ਕੇ ਆਤਮ ਹੱਤਿਆ ਕਰ ਲੈਂਦਾ ਹੈ। ਇਹ ਕਹਾਣੀ ਅੱਜ ਦੀ ਕਿਰਸਾਨੀ ਦੇ ਹਾਣ ਦੀ ਹੈ। ਅੱਜ ਦਾ ਕਿਸਾਨ ਵੀ ਆਪਣੀ ਜਿਨਸ ਖਾਤਰ ਮੰਡੀਆਂ ਵਿੱਚ ਰੁਲ ਰਿਹਾ ਹੈ। ਪਰ ਸਰਕਾਰ ਦੀਆਂ ਗਲਤ

ਨੀਤੀਆਂ ਕਾਰਨ ਕਿਸਾਨ ਦੀ ਹਾਲਤ ਬਹੁਤ ਨਿੱਘਰ ਰਹੀ ਹੈ।

"ਖਰੂਦੀ ਕਿਣ-ਮਿਣ" ਕਹਾਣੀ ਇੱਕ ਸੰਕੇਤਕ ਕਹਾਣੀ ਹੈ। ਇਸ ਕਹਾਣੀ ਰਾਹੀਂ ਕਿਸਾਨਾਂ ਦੀਆਂ ਰੈਲੀਆਂ, ਮਜ਼ਦੂਰਾਂ ਦੀਆਂ ਜਥੇਬੰਦੀਆਂ ਨੂੰ ਕਾਵਾਂ ਦੇ ਇੱਕਠ ਰਾਹੀਦਰਕਸਾਇਆ ਗਿਆ ਹੈ। ਕਾਂ ਦੇ ਸੰਕੇਤ ਰਾਹੀਂ ਦੱਸਿਆ ਗਿਆ ਹੈ ਕਿ ਜਦੋਂ ਸਾਡੇ ਸਮਾਜ ਵਿੱਚ ਕੋਈ ਅਣਹੋਣੀ ਵਾਪਰਦੀ ਹੈ ਤਾਂ ਸਰਕਾਰਾਂ ਜਨਤਾਂ ਦੀ ਪਰਵਾਹ ਨਾ ਕਰਦੀਆਂ ਹੋਈਆਂ ਆਮ ਵਾਂਗ ਆਪਣਾ ਕਾਰਜ ਚਲਾਉਂਦੀਆਂ ਹਨ ਉਹਨਾਂ ਨੂੰ ਜਨਤਾ ਦੇ ਦਰਦ ਦੀ ਕੋਈ ਪ੍ਰਵਾਹ ਨਹੀਂ ਹੁੰਦੀ।

"ਗੜੇਮਾਰ" ਕਹਾਣੀ ਵਿੱਚ ਗਰੀਬ ਲੋਕਾਂ ਦੀ ਤ੍ਰਾਸਦੀ ਹੈ। ਵਿਚਾਰਾ ਗਰੀਬ ਨੰਜਾਂ ਦਿਹਾੜੀ -ਦੱਪਾ ਕਰਕੇ ਮਸਾਂ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਂਦਾ ਹੈ। ਉਹ ਆਪਣੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਅਸਮਰੱਥ ਹੈ। ਜਦੋਂ ਉਸ ਨੂੰ ਪਿੰਡ ਵਿੱਚ ਸਰਪੰਚੀ ਦੀਆਂ ਵੋਟਾਂ ਦੀ ਭਿਣਕ ਪੈਂਦੀ ਹੈ ਤਾਂ ਉਹ ਆਪਣੇ ਪਰਿਵਾਰ ਨੂੰ ਖੁਸ਼ਹਾਲ ਬਣਾਉਣ ਦੇ ਸੁਪਨੇ ਸਿਰਜਦਾ ਹੈ। ਪਰ ਗੜੇਮਾਰੀ ਕਾਰਨ ਫਸਲਾਂ ਦੀ ਤਬਾਹੀ ਕਰਕੇ ਵੋਟਾਂ ਰੱਦ ਹੋ ਜਾਂਦੀਆਂ ਹਨ ਤੇ ਨੰਜੇ ਦੇ ਸੁਪਨੇ ਚੂਰ-ਚੂਰ ਹੋ ਜਾਂਦੇ ਹਨ। ਉਸ ਨੂੰ ਇੰਝ ਲੱਗਦਾ ਹੈ ਕਿ ਜਿਵੇਂ ਉਸ ਨਾਲ ਬਹੁਤ ਵੱਡੀ ਠੱਗੀ ਵੱਜ ਗਈ ਹੋਵੇ।

"ਮਾਨ ਅਪਮਾਨ" ਕਹਾਣੀ ਵਿੱਚ ਸਿਆਸਤਦਾਨਾਂ ਦੇ ਕੋਹੜ ਨੂੰ ਦਰਸਾਇਆ ਗਿਆ ਹੈ ਕਿ ਅਨਪੜ੍ਹ ਵਿਅਕਤੀ ਲੀਡਰੀ ਕਰ ਰਹੇ ਹਨ ਤੇ ਬਹੁਤੇ ਪੜ੍ਹੇ ਲਿਖੇ ਸਨਮਾਨ ਲੈ ਰਹੇ ਹਨ ਜੋ ਅਜੋਕੇ ਸਮੇਂ ਦੀ ਗੱਲ ਹੈ। ਇਸ ਕਹਾਣੀ ਵਿੱਚ ਅਜਿਹੇ ਲੀਡਰਾਂ ਦੇ ਕਿਰਦਾਰ ਨੂੰ ਪੇਸ਼ ਕੀਤਾ ਗਿਆ ਹੈ ਜੋ ਪੰਜ ਸ-ਸੱਤ ਜਮਤਾਂ ਪੜ੍ਹ ਕੇ ਹੀ ਉੱਚੇ ਰੁਤਬੇ ਤੇ ਪਹੁੰਚ ਜਾਂਦੇ ਹਨ ਅਤੇ ਦੇਸ਼ ਦੀ ਵਾਗਡੋਰ ਆਪਣੇ ਹੱਥ ਲੈ ਲੈਂਦੇ ਹਨ ਤੇ ਬਹੁਤੇ ਪੜ੍ਹੇ ਲਿਖੇ ਉਨ੍ਹਾਂ ਦੇ ਅਧੀਨ ਕੰਮ ਕਰਨ ਲਈ ਮਜ਼ਬੂਰ ਹਨ।

"ਇੱਕ ਚੂੰਢੀ ਜਾਨ" ਸਮਾਜਕ ਕਹਾਣੀ ਹੈ ਜੋ ਬਲਵੰਤ ਸਾਰੀ ਉਮਰ ਖੇਤੀ ਕਰਦਾ ਹੈ ਤੇ ਆਪਣੇ ਬੱਚਿਆਂ ਨੂੰ ਪੜ੍ਹਾਉਂਦਾ ਹੈ ਪਰ ਕਰੰਟ ਲੱਗਣ ਕਾਰਣ ਇਸਦੀ ਮੌਤ ਹੋ ਜਾਂਦੀ ਹੈ। ਮੁੰਡੇ ਪੜ੍ਹ ਲਿਖ ਕੇ ਖੇਤੀ ਕਰਨ ਨੂੰ ਤਿਆਰ ਨਹੀਂ ਹੁੰਦੇ ਪਰ ਅੰਤ ਵਿੱਚ ਬੇਰੁਜ਼ਗਾਰੀ ਕਾਰਣ ਉਨ੍ਹਾਂ ਨੂੰ ਖੇਤੀ ਕਰਨ ਲਈ ਹੀ ਕਹੀਆਂ ਚੁੱਕਣੀਆਂ ਪੈਂਦੀਆਂ ਹਨ। ਇਸ ਕਹਾਣੀ ਇਹ ਦੱਸਿਆ ਗਿਆ ਹੈ ਕਿ ਉੱਚੀ ਪੜ੍ਹਾਈ ਕਰਕੇ ਵੀ ਜੱਟ ਦੇ ਪੁੱਤ ਨੂੰ ਘੱਟਾ ਹੀ ਛਾਨਣਾ ਪੈਂਦਾ ਹੈ।

ਸਮੁੱਚੀਆਂ ਕਹਾਣੀਆਂ ਵਿਚਲਾ ਕਲਾ ਪੱਖ ਵੀ ਬੁਹਤ ਮਹੱਤਵਪੂਰਨ ਹੈ। ਕਹਾਣੀਆਂ ਲੰਮੀਆਂ ਤਾਂ ਜਰੂਰ ਹਨ ਪਰ ਪਾਠਕਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਮੁਹਾਵਰੇਦਾਰ ਬੋਲੀ, ਉੱਤਮ ਪੁਰਖੀ ਤਕਨੀਕ ਨਡਾਲਾ ਦੀਆਂ ਕਹਾਣੀਆਂ ਦੇ ਅਹਿਮ ਲੱਛਣ ਹਨ। ਕਹਾਣੀਆਂ ਵਿਚਲੇ ਬਹੁਤ ਸਾਰੇ ਵੇਰਵੇ ਅੱਖਾਂ ਸਾਹਮਣੇ ਬੀਤੇ ਪ੍ਰਤੀਤ ਹੁੰਦੇ ਹਨ। ਕਹਾਣੀਆਂ ਦੇ ਪਾਤਰ ਸਮਾਜ ਵਿੱਚ ਰਹਿੰਦੇ ਆਮ ਲੋਕ ਹਨ। ਦੇਸ਼ ਵੰਡ ਦਾ ਸੰਤਾਪ ਉਨ੍ਹਾਂ ਨੇ ਆਪਣੇ ਹੱਡਾਂ ਤੇ ਹੰਡਾਇਆ ਹੈ। ਨਡਾਲੇ ਦੀ ਬੋਲੀ ਸਰਲ ਤੇ ਮਿੱਠੀ ਹੈ ਕਿਤੇ ਕਿਤੇ ਭਾਸ਼ਾਈ ਸ਼ਬਦਾਂ ਵਿੱਚ ਗਲਤੀਆਂ ਹਨ। ਜਿਵੇਂ ਘੁਸਮੁਸੇ ਸ਼ਬਦ ਨੂੰ ਹੋਰ ਕੁਝ ਹੀ ਵਰਤਿਆ ਗਿਆ ਹੈ। ਪਰ ਨਡਾਲਾ ਦੀਆਂ ਕਹਾਣੀਆਂ ਪਾਠਕ ਵਰਗ ਨੂੰ ਉਤਸ਼ਾਹਿਤ ਕਰਦੀਆਂ ਹਨ । ਸਾਨੂੰ ਆਸ ਹੈ ਕਿ ਭਵਿੱਖ ਵਿੱਚ ਨਡਾਲਾ ਕਹਾਣੀ ਦੇ ਖੇਤਰ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਦੇਵੇਗਾ।



## ਪੁਆਧੀ ਭਾਸ਼ਾ ਤੇ ਲੋਕ ਵਿਹਾਰ ਦਾ ਕੱਲ੍ਹ, ਅੱਜ ਤੇ ਭਲਕ

**ਡਾ. ਗੁਰਮੀਤ ਸਿੰਘ ਬੈਦਵਾਣ**

ਭਾਰਤੀ ਪੰਜਾਬ ਦਾ ਪੂਰਵ-ਅੱਧ ਜਿਹੜਾ ਨੰਗਲ ਡੈਮ ਤੋਂ ਲੈ ਕੇ ਹਰਿਆਣੇ ਦੇ ਕੁਰਕੁਸ਼ੇਤਰ, ਲਾਡਵਾ, ਪਿੱਪਲੀ, ਕਰਨਾਲ ਦੇ ਕੁਝ ਹਿੱਸੇ ਤੱਕ ਫ਼ੈਲੇ ਹੋਏ ਖੇਤਰ ਨੂੰ ਪੁਆਧੀ ਖੇਤਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਦੀ ਖੇਤਰੀ ਭਾਸ਼ਾ ਪੁਆਧੀ ਭਾਸ਼ਾ ਹੈ। ਇਸ ਭਾਸ਼ਾ ਨੂੰ ਸ਼੍ਰੀ ਗੁਰੂ ਗਰੰਥ ਸਾਹਿਬ ਵਿੱਚ ਵੱਡੀ ਮਾਤਰਾ ਵਿੱਚ ਸਤਿਕਾਰਯੋਗ ਸਥਾਨ ਬਖ਼ਸ਼ਿਆ ਗਿਆ ਹੈ । ਵਿਸ਼ਵ-ਵਿਦਿਆਲਿਆਂ ਵਿੱਚ ਮਾਝੀ, ਮਲਵਈ ਅਤੇ ਦੁਆਬੀ ਦੀ ਤਰ੍ਹਾਂ ਪੁਆਧੀ ਨੂੰ ਵੀ ਸਾਹਿਤਕ ਭਾਸ਼ਾ ਦੇ ਤੌਰ 'ਤੇ ਸਵੀਕਾਰਿਆ ਗਿਆ ਹੈ।

ਸਮਾਜਿਕ ਵਿਕਾਸ ਦਾ ਇੱਕ ਲੰਮਾ ਚੌੜਾ ਇਤਿਹਾਸ ਪੀੜ੍ਹੀ-ਦਰ-ਪੀੜ੍ਹੀ ਪਰੰਪਰਾ ਦੇ ਰੂਪ ਵਿੱਚ ਤੁਰਿਆ ਆ ਰਿਹਾ ਹੈ। ਸਮੇਂ ਦੇ ਨਾਲ-ਨਾਲ ਮਨੁੱਖ ਦਾ ਰਹਿਣ-ਸਹਿਣ,ਜੀਣ-ਥੀਣ, ਸੋਚਣ-ਸਮਝਣ ਅਤੇ ਆਪਸੀ ਰਿਸ਼ਤਿਆ ਦੇ ਮੁੱਲ ਬਦਲਵੇਂ ਰੂਪ ਵਿੱਚ ਪੇਸ਼ ਹੁੰਦੇ ਆ ਰਹੇ ਹਨ। ਬਹੁ-ਦਿਸ਼ਾਵੀ ਤਰੱਕੀ ਕਰਦਿਆਂ ਅਸੀਂ ਸਮਾਜ ਦੀ ਸਰਲ ਭਾਸ਼ਾ ਨੂੰ ਜਟਿਲਤਾ ਦਾ ਲੇਪ ਚੜ੍ਹਾ ਦਿੱਤਾ ਹੈ। ਤਬਦੀਲੀਆਂ ਦੇ ਇਸ ਦੌਰ ਵਿੱਚ ਮਨੁੱਖੀ ਉਮਰ ਦੇ ਹਰੇਕ ਪੜਾਅ ਤੇ ਹਮ-ਉਮਰ ਸ਼ਬਦ ਆਪਣੀ ਹੋਂਦ ਨੂੰ ਬਚਾਉਣ ਲਈ ਸੰਘਰਸ਼ ਕਰ ਰਹੇ ਹਨ। ਹੁਣ ਜਦੋਂ ਕਿ ਮਨੁੱਖ ਦੀ ਸਮੁੱਚੀ ਸਮਾਜਿਕ ਹੋਂਦ ਨੂੰ ਉਸ ਦੀ ਮਾਨਸਿਕਤਾ,ਚੇਤਨਾ ਅਤੇ ਅਚੇਤ ਨੂੰ ਦਰਪੇਸ਼ ਮੁਸ਼ਕਲਾਂ ਦਾ ਸਾਹਮਣਾ ਪੈ ਰਿਹਾ ਹੈ ਤਾਂ ਪੰਜਾਬੀ ਬੋਲੀ,ਪੰਜਾਬੀ ਸੱਭਿਆਚਾਰ ਵਿੱਚ ਆਏ ਬਦਲਾਵਾਂ ਨੂੰ ਹੋਣੀਆ ਤੇ ਅਣਹੋਣੀਆ ਨੂੰ ਸਾਹਿਤਕ ਰੂਪ ਵਿੱਚ ਪ੍ਰਗਟ ਕਰਨ ਲਈ ਇੱਕ ਸਾਂਝਾ ਮਾਰਗ ਭਾਲਣਾ ਪਵੇਗਾ।

ਮਾਝੇ, ਮਾਲਵੇ ਅਤੇ ਦੁਆਬੇ ਦੀ ਨਿਸਬਤ ਪੰਜਾਬ ਦੇ ਪੁਆਧੀ ਖਿੱਤੇ ਵਿੱਚ ਵਿਕਾਸ ਦੇ ਲਾ-ਮਿਸਾਲ ਨਮੂਨੇ ਪੇਸ਼ ਹੋ ਰਹੇ ਹਨ। ਸਾਡੇ ਵੇਖਦਿਆ-ਵੇਖਦਿਆਂ ਹੀ ਪੁਆਧੀ ਖਿੱਤਾ ਬੇਪਛਾਣ ਹੁੰਦਾ ਜਾ ਰਿਹਾ ਹੈ। ਲੋਕ ਇਸ ਅਚੰਭੇ ਨੂੰ ਜਾਗਦੀਆਂ ਅੱਖਾਂ ਦੇ ਸੁਪਨੇ ਵਰਗੀ ਤਬਦੀਲੀ ਤਸਲੀਮ ਕਰਦੇ ਹਨ। ਬਾਕੀ ਦੇ ਪੰਜਾਬ ਨਾਲੋਂ ਵੱਡੇ ਪੱਧਰ 'ਤੇ ਹੋਈ ਤਬਦੀਲੀ ਦਾ ਮੁੱਖ ਕਾਰਨ ਪੁਆਧ ਦੀ ਧਰਤੀ 'ਤੇ ਤਿੰਨ ਵੱਡੇ ਸ਼ਹਿਰਾਂ ਦਾ ਉਸਰਨਾ ਹੈ। ਚੰਡੀਗੜ੍ਹ, ਮੋਹਾਲੀ ਅਤੇ ਪੰਚਕੂਲਾ ਨੇ ਆਪਣੇ ਗਿਰਦ ਮੀਲਾਂ ਤੱਕ ਵਸਦੀ ਪੇਂਡੂ, ਸ਼ਹਿਰੀ ਅਤੇ ਕਸਬਿਆਂ ਦੀ ਲੋਕਾਈ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਹੈ। ਬੜੀ ਸਹਿਜ ਅਵਸਥਾ ਵਿੱਚ ਜੀਅ ਰਹੇ ਪੁਆਧੀ ਲੋਕਾਂ ਦੇ ਜੀਵਨ ਵਿੱਚ ਇੱਕ ਹਫੜਾਤਫਰੀ ਵਾਲਾ ਮਾਹੌਲ ਬਣਿਆ ਹੋਇਆ ਹੈ। ਬਹੁ-ਕੌਮੀ ਕੰਪਨੀਆਂ ਨੇ ਪੁਆਧੀ ਕਿਸਾਨਾਂ ਦੇ ਖੇਤਾਂ ਵਿੱਚ ਜਿੱਤ ਦੇ ਰੰਗਦਾਰ ਝੰਡੇ ਗੱਡ ਦਿੱਤੇ ਹਨ। ਪਹਿਲਾਂ ਹੀ ਪੈਰਾਂ ਤੋਂ ਹਿੱਲੀ ਕਿਸਾਨੀ ਆਪਣੇ ਖੇਤਾਂ ਵਿੱਚ ਉੱਗੀਆਂ ਦਿਓ-ਕੱਦ ਬਿਲਡਿੰਗਾਂ ਨੂੰ ਵੇਖ ਹੋਰ ਵੀ ਭੈ-ਭੀਤ ਹੋ ਗਈ ਹੈ। ਪੁਆਧ ਦੀ ਕਿਸਾਨੀ ਇਨ੍ਹਾਂ ਬਿਲਡਿੰਗਾਂ ਵਿੱਚ ਫਸ ਕੇ ਰਹਿ ਗਈ ਹੈ। ਜ਼ਰਾ ਸਮਝਣ ਦਾ ਯਤਨ ਕਰੀਏ ਕਿ ਅਸੀਂ ਖੇਤੀ ਕਰਨਯੋਗ ਧਰਤੀ ਤੇ ਕੰਕਰੀਟ ਦੇ

ਜੰਗਲ ਉਸਾਰ ਲਏ ਹਨ। ਕਿਉਂਕਿ ਸਾਡੇ ਜੀਵਨ ਵਰਤਾਰਿਆਂ ਵਿਚੋਂ ਸਹਿਜ ਦੀ ਥਾਂ ਤੜਕ-ਭੜਕ ਭਾਰੂ ਹੋ ਰਹੀ ਹੈ।

ਨਵੀਂ ਵਸੋਂ ਦੇ ਗਲੋਬਲੀ ਸਭਿਆਚਾਰ ਦਾ ਪੁਆਧ ਦੇ ਅਸਲ ਸਭਿਆਚਾਰ ਨਾਲ ਤਾਲਮੇਲ ਨਹੀਂ ਬੈਠ ਰਿਹਾ। ਪੁਆਧੀ ਲੋਕਾਂ ਦੀ ਜੀਵਨ-ਜਾਚ ਜਿਹੜੀ ਕਿਸੇ ਸਮੇਂ ਸਹਿਜ ਰੂਪ ਵਿੱਚ ਇਕਸੁਰ ਹੁੰਦੀ ਸੀ ਵਿੱਚ ਵੀ ਦਰਜਾਬੰਦੀ ਹੁੰਦੀ ਜਾ ਰਹੀ ਹੈ। ਪੁਰਾਣੀ ਪੀੜ੍ਹੀ ਦੇ ਮੁਕਾਬਲੇ ਨਵੀਂ ਪੀੜ੍ਹੀ ਵਾਪਰ ਰਹੀਆਂ ਤਬਦੀਲੀਆਂ ਨੂੰ ਸਮਝਣ ਲਈ ਜਸ਼ਨਾਂ ਤੇ ਸਹੂਲਤਾਂ ਵਾਲਾ ਵੱਖਰਾ ਨਜ਼ਰੀਆਂ ਰਖਦੀ ਹੈ। ਕਈਆਂ ਦੇ ਮਨਾਂ ਵਿੱਚ ਤਾਂ ਉਮਣਮੱਤਾ ਚਾਅ ਵੀ ਹੈ ਕਿ ਵੇਖੋ ਅਸੀਂ ਕਿੰਨੇ ਖੁਸ਼ਹਾਲ ਹੋ ਗਏ ਹਾਂ।

ਪੀੜ੍ਹੀਆਂ ਦੇ ਪਾੜੇ ਨੇ ਪੁਆਧ ਦੇ ਨਵੇਂ ਵਾਤਾਵਰਣ ਵਿੱਚ ਮਾਨਸਿਕ ਦਰਜਾਬੰਦੀ ਵੀ ਕਰ ਦਿੱਤੀ ਹੈ ਇਸ ਸਾਰੇ ਵਰਤਾਰੇ ਤੋਂ ਪ੍ਰਭਾਵਿਤ ਹੋਈ ਪੁਆਧੀ ਮਾਨਸਿਕਤਾ ਆਪਣੇ ਵਿਲੱਖਣ ਸਾਊ ਸੁਭਾਅ ਤੋਂ ਆਧੁਨਿਕ ਸੰਸਾਰੀਕਰਨ ਵਿੱਚ ਬਦਲਦੀ ਪ੍ਰਤੀਤ ਹੋ ਰਹੀ ਹੈ। ਵਡੇਰੀ ਉਮਰ ਦੇ ਲੋਕ ਇਨ੍ਹਾਂ ਤਬਦੀਲੀਆਂ ਨੂੰ ਪ੍ਰਵਾਨ ਤਾਂ ਕਰਦੇ ਹਨ ਪਰ ਉਨ੍ਹਾਂ ਅੰਦਰ ਡਰ ਤੇ ਸਹਿਮ ਜ਼ਰੂਰ ਛੁਪਿਆ ਹੋਇਆ ਹੈ। ਨਵੀਂ ਪੀੜ੍ਹੀ ਇਸ ਰੰਗ ਬਿਰੰਗੇ ਮੇਲੇ ਨੂੰ ਅੱਜ ਦਾ ਅੱਜ ਹੀ ਮਾਨਣਾ ਚਾਹੁੰਦੀ ਹੈ ਪਰ ਉਨ੍ਹਾਂ ਦੇ ਬਜ਼ੁਰਗ ਆਪਣੇ ਬੱਚਿਆਂ ਦੇ ਭਵਿੱਖ ਲਈ ਚਿੰਤਾਤੁਰ ਹਨ। ਪੁਆਧੀ ਖਿੱਤੇ ਦੇ ਕੇਂਦਰੀ ਪਿੰਡਾਂ ਦਾ ਵਸਨੀਕ ਹੋਣ ਦੇ ਨਾਤੇ ਇਨ੍ਹਾਂ ਸਤਰਾਂ ਦਾ ਲੇਖਕ ਆਪਣੇ ਅਨੁਭਵ ਅਤੇ ਅਹਿਸਾਸਾਂ ਵਿਚੋਂ ਦਿਸ ਪੈਂਦੀ ਨਵੀਂ ਜੀਵਨ ਦ੍ਰਿਸ਼ਟੀ ਨੂੰ ਪਾਠਕਾਂ/ਸਰੋਤਿਆਂ ਨਾਲ ਸਾਂਝਾ ਕਰਨ ਦੇ ਯਤਨਾਂ ਵਿੱਚ ਹੈ। ਪੁਆਧੀ ਸਭਿਆਚਾਰ ,ਬੋਲੀ , ਜੀਵਨ-ਜੁਗਤਾਂ ਅਤੇ ਮਨੁੱਖੀ ਕਦਰਾਂ ਕੀਮਤਾਂ ਨੂੰ ਇੱਕ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਪੁਆਧੀ ਸਭਿਆਚਾਰ ਆਪਣੇ ਵਿਹੜੇ ਵਿੱਚ ਵਾਪਰ ਰਹੀਆਂ ਹੈਰਾਨੀਜਨਕ ਤਬਦੀਲੀਆਂ ਤੋਂ ਪ੍ਰਭਾਵਿਤ ਹੋ ਰਿਹਾ ਹੈ। ਮੇਰਾ ਪਰਚਾ " ਪੁਆਧੀ ਭਾਸ਼ਾ ਤੇ ਲੋਕ ਵਿਹਾਰ ਦਾ ਕੱਲ੍ਹ,ਅੱਜ ਤੇ ਭਲਕ" ਸਾਰੇ ਪੰਜਾਬੀਆਂ ਖਾਸ ਕਰਕੇ ਪੁਆਧੀ ਲੋਕਾਂ ਦੀ ਸੇਵਾ ਵਿੱਚ ਪੇਸ਼ ਹੈ ਤਾਂ ਕਿ ਅਸੀਂ ਮਾਂ-ਬੋਲੀ ਪੰਜਾਬੀ ( ਪੁਆਧੀ) ਆਪਣੀ ਅਣਖ਼ ਇੱਜ਼ਤ ਅਤੇ ਪੰਜਾਬੀ ਪਿਆਰ ਤੋਂ ਦੂਰ ਨਾ ਹੋ ਜਾਈਏ। ' ਬਾਤ ਯੌਹ ਐ ਬਈ ਦੁਨੀਆਂ ਕੇ ਮੇਲੇ ਮਾ ਮਾਰ੍ਹੀ ਪਛਾਣ ਬਣੀ ਰਹ' ਇਸ ਮਾ ਭਲਾ। ਸੋ, ਆਉ, ਪੁਆਧ ਦੀ ਧਰਤੀ 'ਤੇ ਨਿਗਾਹ ਮਾਰ ਕੇ ਵੇਖੀਏ ਕਿ ਦੀਵੇ ਕਿੱਥੇ-ਕਿੱਥੇ ਜਗ ਰਹੇ ਹਨ। ਆਪਾਂ ਹੋਰ ਹਨੇਰਾ ਪਸਰਨ ਤੋਂ ਪਹਿਲਾਂ ਇਨ੍ਹਾਂ ਦੀਵਿਆਂ ਦੀ ਰੋਸ਼ਨੀ ਸਾਂਭ ਲਈਏ। ਵਿਸ਼ਵੀਕਰਨ ਦੀਆਂ ਤਬਦੀਲੀਆਂ ਦੇ ਇਸ ਦੌਰ ਵਿੱਚ ਸਾਨੂੰ ਆਪਣੇ ਸਾਹਿਤ, ਸਮਾਜ ,ਭਾਸ਼ਾ ਅਤੇ ਸਭਿਆਚਾਰ ਨੂੰ ਬਚਾਉਣ ਲਈ ਦਰਪੱਸ਼ ਸਮੱਸਿਆਵਾਂ ਤੇ ਚੁਣੌਤੀਆਂ ਨੂੰ ਪ੍ਰਵਾਨ ਕਰਦਿਆਂ ਹੋਇਆ ਸੁਚੇਤ ਰਹਿਣ ਦੀ ਲੋੜ ਹੈ ਤਾਂ ਕਿ ਅਸੀਂ ਆਪਣੇ ਨਾਲ ਸਬੰਧਤ ਪ੍ਰਕਿਰਤਕ ਅੰਸ਼ਾਂ ਨੂੰ ਬਚਾ ਸਕੀਏ।



## ਪੁਸਤਕ ਪੜਚੋਲ....


**ਜਿਗੋਲੋ (ਨਾਵਲ) ਗੁਰਪ੍ਰੀਤ ਸਹਿਜੀ**
**ਪ੍ਰਕਾਸ਼ਕ. ਪੰਜਾਬੀ ਸਾਹਿਤ ਪਬਲੀਕੇਸ਼ਨ ,ਸੰਗਰੂਰ**
**ਕੀਮਤ. 120 ਰੁਪਏ**

ਬਿਨਾ ਸ਼ੱਕ ਸਹਿਜੀ ਖੁੱਲ੍ਹ ਕੇ ਜ਼ਿੰਦਗੀ ਜਿਉਂਦਾ ਅਤੇ ਆਪਣੇ ਅਨੁਭਵਾਂ ਦੇ ਆਧਾਰ ਤੇ ਖੁੱਲ੍ਹ ਕੇ ਲਿਖਦਾ ਹੈ। ਜੇ ਉਸ ਦੀ ਜੀਵਨੀਮੂਲਕ ਕਿਤਾਬ ' ਕੁੱਤੇਝਾਕ ਜਾਂ ਨਾਵਲ 'ਸਰਕਲ ਤੇ ਸੀਕਰੇਟ ਪੜ੍ਹੀਏ ਤਾਂ ਇਹ ਕਥਨ ਸਪੱਸ਼ਟ ਹੋ ਜਾਵੇਗਾ। ਵਿਸਫੋਟਕ ਅਨੁਭਵਾਂ ਨਾਲ ਭਰਿਆ ਇਹ ਲੇਖਕ ਆਪਣੀ ਹਰ ਕਿਤਾਬ ਰਾਹੀਂ ਪਾਠਕਾਂ ਨੂੰ ਨਿਵੇਕਲੀ ਤੇ ਲਿੱਖਣ ਸਮੱਗਰੀ ਦਿੰਦਾ ਹੈ ਤੇ ਜੀਵਨ ਦੇ ਨਵੇਂ ਦਿਸਹੱਦਿਆ ਦੇ ਦਰਸ਼ਨ ਕਰਵਾਉਂਦਾ ਹੈ। ਉਸਦਾ ਤੀਜਾ ਨਾਵਲ ਜਿਗੋਲੋ( ਰੱਬ ਦਾ ਸਕਾਲਰ) ਕਾਫ਼ੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਜਿਸ ਬਾਰੇ ਬਹੁਤ ਸਾਰੇ ਚੇਤੰਨ ਪਾਠਕਾਂ ਦਾ ਪ੍ਰਤੀਕਰਮ ਵੀ ਸੁਣਨ ਨੂੰ ਮਿਲਿਆ ਹੈ। ਇਸ ਨਾਵਲ ਵਿੱਚ ' ਕੁਮਾਰ ' ਨਾਮ ਜਿਗੋਲੋ ਦੇ ਰੂਪ ਵਿੱਚ ਮੁੱਖ ਪਾਤਰ ਵਜੋਂ ਉਭਰਦਾ ਹੈ। ਲਿਬਾਸ ਜੋ ਮਰਜ਼ੀ ਪਹਿਨਿਆ ਹੋਵੇ ਪਰ ਗੁੱਟ ਤੇ ਲਾਲ ਰੁਮਾਲ ਬੰਨ ਕੇ ਰੱਖਦਾ ਹੈ। ਆਪਣੇ ਕੰਮ ਵਿੱਚ ਈਮਾਨਦਾਰ ਹੈ ਜਿੰਨਾਂ ਜਿਸਦਾ ਹੱਕ ਅਦਾ ਕਰਦਾ ਹੈ ਉਨੇ ਹੀ ਉਸ ਤੋਂ ਪੈਸੇ ਲੈਂਦਾ ਹੈ। ਉਹ ਜਿੰਨਾਂ ਵੱਖ-ਵੱਖ ਔਰਤਾਂ ਨਾਲ ਕਿਰਾਏ ਤੇ ਜਾਂਦਾ ਹੈ, ਉਨ੍ਹਾਂ ਨਾਲ ਵੱਖਰੇ ਅਨੁਭਵਾਂ ਦੀ ਕਹਾਣੀ ਹੈ ਇਹ ਨਾਵਲ। ਕੁਮਾਰ ਕਾਮੀ ਬੰਦਾ ਨਹੀਂ ਸਗੋਂ ਉਹ ਸ਼ੁੱਧ ਰੂਹਾਨੀਅਤ ਨਾਲ ਭਰਿਆ ਹੋਇਆ ਆਦਮੀ ਹੈ। ਉਹ ਲੋਕਾਂ ਦੇ ਆਪਸੀ ਟੁੱਟ-ਭੱਜ ਕਾਰਨ ਪੈਦਾ ਹੋਏ ਖਲਾਅ ਨੂੰ ਭਰਨ ਦੀ ਕੋਸ਼ਿਸ ਕਰਦਾ ਹੈ। ਜਿਸ ਕਰਕੇ ਜਿਗੋਲੋ ਵਜੋਂ ਉਸਦਾ ਰਿਸ਼ਤਾ ਜ਼ਾਇਜ਼ ਪ੍ਰਤੀਤ ਹੋਣ ਲੱਗਦਾ ਹੈ। ਉਹ ਜ਼ਿੰਦਗੀ ਦੇ ਅਸਲੇ ਦੀ ਤਲਾਸ਼ ਵਿੱਚ ਹੈ। ਬ੍ਰਹਿਮੰਡੀ ਵਰਤਾਰਿਆ ਦੀ ਆਪਣੀ ਮੂਲ ਸਮਝ ਨੂੰ ਅਨੁਭਵ ਤੱਕ ਲਿਜਾਣ ਦੀ ਕਸ਼ਮਸ਼ਕਸ਼ ਵਿੱਚ ਰਹਿੰਦਾ ਹੈ। ਜਦੋਂ ਅਸੀਂ ਸਾਰਾ ਨਾਵਲ ਘੋਖਦੇ ਹਾਂ ਤਾਂ ਕੁਝ ਇਸ ਤਰ੍ਹਾਂ ਦੀਆਂ ਧਾਰਨਾਵਾਂ ਪੈਦਾ ਹੁੰਦੀਆਂ ਹਨ ਕਿ ਜਦੋਂ ਤਕ ਕਾਮ ਅਸ਼ਲੀਲ ਰਹੇਗਾ ਉਦੋਂ ਤਕ ਅਸੀਂ ਵਧੀਆਂ ਸਮਾਜ ਦੀ ਸਿਰਜਣਾ ਨਹੀਂ ਕਰ ਸਕਦੇ। ਸਾਨੂੰ ਪੁਰਾਣੀਆਂ ਬੰਦਿਸ਼ਾਂ 'ਚੋਂ ਬਾਹਰ ਆਉਣਾ ਪਵੇਗਾ ਤੇ ਅਜਿਹੀਆਂ ਰਾਹਾਂ ਸਿਰਜਣੀਆਂ ਪੈਣਗੀਆਂ ਜਿਹੜੀਆਂ ਸਾਨੂੰ ਕੁਦਰਤ ਨਾਲ ਜੋੜ ਸਕਣ।

ਪ੍ਰਕਿਰਤੀ ਵਿੱਚ ਵਿਘਨ ਪਾਉਣ ਕਰਕੇ ਬੰਦਾ ਆਪਣੇ ਉਲਟ ਨਤੀਜੇ ਭੁਗਤ ਰਿਹਾ ਹੈ। ਉਹ ਆਪਣੇ ਹੱਥੋਂ ਹੀ ਰੋਜ਼ ਤਿਲ-ਤਿਲ ਕਰਕੇ ਮਰ ਰਿਹਾ ਹੈ। ਅਸੰਤੁਸ਼ਟੀ ਦੇ ਗੇੜ 'ਚ ਪਿਆ ਹੋਇਆ ਅਨੇਕਾਂ ਬਿਮਾਰੀਆਂ ਦਾ ਸ਼ਿਕਾਰ ਹੈ। ਉਹ ਨਿਰਾਸ਼ ਤੇ ਉਦਾਸ ਤਾਂ ਹੈ ਪਰ ਇਸ ਤਰ੍ਹਾਂ ਦੀ ਨਿਰਾਸ਼ਾ ਉਦਾਸੀ ਨਹੀਂ ਕਿ ਉਹ ਆਪਣੇ ਆਪ ਕੋਲ ਆ ਸਕੇ। ਦੂਹਰੀ ਜ਼ਿੰਦਗੀ ਜਿਉਂਦਾ ਬੰਦਾ ਆਪਣੇ ਸੁਭਾਅ ਨੂੰ ਰੋਕ ਕੇ ਰੱਖਦਾ ਹੈ ਤੇ ਲੋਕ ਵਿਖਾਵੇ ਦਾ ਅਨੁਸਾਰੀ ਹੈ ਜਿਸ ਕਰਕੇ ਦੁਖਾਂਤਕ ਭਾਵਨਾਵਾਂ ਦੀ ਜਕੜ ਵਿੱਚ ਹੈ। ਕੁਲ ਮਿਲਾ ਕੇ ਨਾਵਲ ਪੜ੍ਹਨ ਯੋਗ ਹੈ।

**ਪਵਨਪ੍ਰੀਤ ਕੌਰ**

**ਇਤਿਹਾਸ ਦੇ ਜ਼ਖ਼ਮੀ ਪੰਨੇ (ਦਰਸ਼ਨ ਕੌਰ)**
**ਸਾਹਿਤਕ ਵੰਨਗੀਆਂ**
**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**




ਵਿਚਾਰ ਅਧੀਨ ਪੁਸਤਕ ਸ੍ਰੀਮਤੀ ਦਰਸ਼ਨ ਕੌਰ ਵਲੋਂ ਲਿਖੀ ਗਈ ਜਾਣਕਾਰੀ ਭਰਪੂਰ ਪੁਸਤਕ ਹੈ ਜਿਸ ਵਿੱਚ ਉਨ੍ਹਾਂ ਲੇਖ, ਮਿੰਨੀ ਕਹਾਣੀ , ਕਵਿਤਾ ਅਤੇ ਇਤਿਹਾਸਕ ਪਰਿਪੇਖ ਵਿੱਚ ਕੁਝ ਵਿਸ਼ਿਆਂ ਸਬੰਧੀ ਭਰਵੀਂ ਗੱਲ ਕੀਤੀ ਹੈ। ਸਾਡੇ ਸਮਾਜ ਵਿੱਚ ਬਹੁਤ ਸਾਰੀਆਂ ਬੁਰਾਈਆਂ ਹਨ ਜੋ ਇਸ ਸੁੰਦਰ ਸੰਸਾਰ ਨੂੰ ਕਰੂਪ ਬਣਾ ਰਹੀਆਂ ਹਨ। ਲੇਖਿਕਾ ਇਸ ਪ੍ਰਤੀ ਅਤੀਅੰਤ ਚਿੰਤਤ ਹੈ । ਉਨ੍ਹਾਂ ਔਰਤਾਂ ਪ੍ਰਤੀ ਸੰਵੇਦਨਾ ਦਾ ਪ੍ਰਗਟਾਅ ਕੀਤਾ ਹੈ । ਔਰਤਾਂ ਨੂੰ ਆਪਣੇ ਹੱਕਾਂ ਲਈ ਜਾਗਰੂਕ ਹੋਣਾ ਸਮੇਂ ਦੀ ਲੋੜ ਵੀ ਤੇ ਨਵੀਂ ਸੋਚ ਵੀ ਹੈ। ਪੜ੍ਹੀਆਂ ਲਿਖੀਆਂ ਔਰਤਾਂ ਨੂੰ ਸਵੈ ਭਰੋਸੇ ਅਤੇ ਵਿਸਵਾਸ ਨਾਲ ਭਰਨ ਲਈ ਪ੍ਰੇਰਿਤ ਕੀਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਸਮੇਂ ਦੀਆਂ ਸਰਕਾਰਾਂ ਉੱਤੇ ਵੀ ਕਰਾਰੀ ਚੋਟ ਕੀਤੀ ਹੈ ਜੋ ਨਵੇਂ ਨਵੇਂ ਕਾਨੂੰਨ ਤਾਂ ਬਣਾਉਂਦੀ ਹੈ ਪਰ ਉਨ੍ਹਾਂ ਦਾ ਜ਼ਮੀਨੀ ਪੱਧਰ ਉੱਤੇ ਕਿੰਨਾਂ ਕੁ ਅਸਰ ਹੁੰਦਾ ਹੈ ਇਸ ਦਾ ਜ਼ਾਇਜ਼ਾ ਨਹੀਂ ਲਿਆ ਜਾਂਦਾ। ਇਸ ਪੁਸਤਕ ਵਿੱਚ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਜਾਣਕਾਰੀ ਭਰਪੂਰ ਲੇਖ ਵੀ ਹੈ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਬਾਰੇ ਜਾਣ ਕੇ ਮਹਿਸੂਸ ਹੋਇਆ ਕਿ ਉਹ ਵੀ ਇਤਿਹਾਸ ਦਾ ਬਹੁਤ ਵੱਡਾ ਹਿੱਸਾ ਸੀ ਜਿਸ ਨੂੰ ਅਜੋਕੀ ਪੀੜ੍ਹੀ ਯਾਦ ਰੱਖੇ। ਇਸ ਤੋਂ ਇਲਾਵਾ ਮਿੰਨੀ ਕਹਾਣੀਆਂ ਅਤੇ ਕਵਿਤਾਵਾਂ ਵੀ ਹਨ ਜਿਨ੍ਹਾਂ ਵਿੱਚ ਲੇਖਿਕਾਂ ਨੇ ਔਰਤ ਮਨ ਦੇ ਅੰਤਰੀਵ ਭਾਵਾਂ ਦੀ ਗੱਲ ਕੀਤੀ ਹੈ। ਕਿਤਾਬ ਪੜ੍ਹਨਯੋਗ ਹੈ ਅਤੇ ਸਾਂਭਣਯੋਗ ਹੈ।



## ਹੁੰਗਾਰਾ

ਕਹਾਣੀ ਧਾਰਾ 37 ਅੰਕ ਮਿਲਿਆ ਤੇ ਮਿਲਦਿਆਂ ਹੀ ਮੈਂ ਤਿੰਨ ਕਹਾਣੀਆਂ ਪੜ੍ਹ ਕੇ ਸਾਹ ਲਿਆ।ਸਭ ਤੋਂ ਪਹਿਲਾਂ ਮੈਂ ਪ੍ਰੋ: ਐਚ.ਐਸ.ਡਿੰਪਲ ਦੀ ਕਹਾਣੀ ਗੋਲ ਚਿਹਰੇ ਵਾਲੀ ਕੁੜੀ,ਜਿਸਨੂੰ ਪੜ੍ਹ ਕੇ ਲੱਗਿਆ ਕਿ ਵਾਕਿਆ ਹੀ ਇਸ ਤਰ੍ਹਾਂ ਗੱਡੀਆਂ ਵਿਚ ਹੀ ਹੁੰਦਾ ਹੈ ਤੇ ਆਮ ਬੰਦੇ ਨੂੰ ਚੌਕਸ ਰਹਿ ਕੇ ਸਫਰ ਕਰਨਾ ਚਾਹੀਦਾ ਹੈ।ਉਸਤੋਂ ਬਾਅਦ ਕਾਮਿਨੀ ਅਤੇ ਲਾਰਾ ਕਹਾਣੀਆਂ ਪੜ੍ਹੀਆਂ ਜਿਨ੍ਹਾਂ ਤੋਂ ਵੀ ਕੁਝ ਸਿੱਖਣ ਨੂੰ ਮਿਲਿਆ।ਪਰਚਾ ਸਾਹਿਤਕ ਹੋਣ ਕਰਕੇ ਬੜੀ ਸਹਿਰਦਤਾ ਵਾਲੀਆਂ ਕਹਾਣੀਆਂ ਦੀ ਪੇਸ਼ਕਾਰੀ ਕਰਦਾ ਹੈ।ਬਾਕੀ ਸਰਹੰਦ ਦਾ ਮਕਬਰਾ ਜੋ ਟਾਈਟਲ ਲੱਗਿਆ ਹੈ ਖਿੱਚ ਭਰਪੂਰ ਹੈ। ਮੈਗਜ਼ੀਨ ਬਹੁਤ ਹੀ ਵਧੀਆ ਹੈ, ਮੈਨੂੰ ਲਗਾਤਾਰ ਮਿਲ ਰਿਹਾ ਹੈ। ਮੈਂ ਇਸ ਪਰਚੇ ਦੇ ਸੰਪਾਦਕ ਦੀ ਬਹੁਤ ਧੰਨਵਾਦੀ ਹਾਂ। ਪਰਮਾਤਮਾ ਕਰੇ ਇਹ ਰਸਾਲਾ ਦਿਨ ਦੁਗਣੀ ਤੇ ਰਾਤ ਚੌਗਣੀ ਤਰੱਕੀ ਕਰੇ।

**ਗੁਰਬਿੰਦਰ ਕੌਰ ਬਰਾੜ**

ਪਤਾ ਨਹੀਂ ਕਿਉਂ ਜਿਵੇਂ ਸਾਰੇ ਮੈਗਜ਼ੀਨਾਂ ਵਿੱਚ ਚੰਗੀਆਂ ਕਹਾਣੀਆਂ ਦਾ ਸੋਕਾ ਜਿਹਾ ਪੈ ਗਿਆ ਲਗਦਾ ਹੈ। ਅੱਜ ਤੋਂ ਕਈ ਸਾਲ ਪਹਿਲਾਂ- ਹੁਣ, ਲਕੀਰ, ਕਹਾਣੀ ਧਾਰਾ, ਸ਼ਬਦ, ਕਹਾਣੀ ਪੰਜਾਬ ਵਿੱਚ ਬੜੀਆਂ ਕਮਾਲ ਦੀਆਂ ਕਹਾਣੀਆਂ ਛਪਦੀਆਂ ਰਹੀਆਂ ਹਨ। ਪਤਾ ਨਹੀਂ ਉਹ ਲੇਖਕ ਕਿੱਧਰੇ ਗੁਆਚ ਗਏ ਜਾਂ ਕੋਈ ਹੋਰ ਕਾਰਨ ਹੈ। ਇਸ ਵਾਰ ਕਹਾਣੀ ਧਾਰਾ 37 ਪੜ੍ਹਿਆ ਤਾਂ ਲੱਗਿਆ ਕਿ ਇੱਕ ਤਾਂ ਲੱਭ ਗਿਆ। ਗੁਰਮੀਤ ਆਰਿਫ਼ ਦੀ ਮੈਂ ਕਈ ਸਾਲ ਪਹਿਲਾ ਸ਼ਬਦ 'ਚ ਇੱਕ ਕਹਾਣੀ ਪੜ੍ਹੀ ਸੀ। ਏਨੀ ਉਡੀਕ ਬਾਅਦ ਉਸਦੀ ਕਹਾਣੀ ਹੁਣ ਪੜ੍ਹਨ ਨੂੰ ਮਿਲੀ ਹੈ। ਮੈਨੂੰ ਉਸਦੀ ਪਹਿਲੀ ਕਹਾਣੀ ਵਾਂਗ ਬਹੁਤ ਚੰਗੀ ਲੱਗੀ। ਡਿੰਪਲ ਦੀ ਕਹਾਣੀ 'ਗੋਲ ਚਿਹਰੇ ਵਾਲੀ ਲੜਕੀ' ਵੀ ਦਿਲਚਸਪ ਕਹਾਣੀ ਸੀ। ਲਗਦਾ ਹੈ ਰਸੂਲਪੁਰੀ ਵੀਰ ਤੁਸੀਂ ਹੁਣ ਨਵੇਂ ਸੱਪ ਕੱਢਣ ਲੱਗ ਪਏ ਹੋ। ਇਹ ਚੰਗਾ ਉੱਦਮ ਹੈ। ਵੱਡੇ ਵੀਰ, ਇਹ ਆਸ ਅੱਗੇ ਵੀ ਰੱਖਾਂਗੇ।

**ਪਰਗਟ ਸਿੰਘ ਸਤੌਜ**

ਕਹਾਣੀਧਾਰਾ ਦਾ ਪਿਛਲਾ 35ਵਾਂ ਅੰਕ 'ਮਰਾਠੀ ਦਲਿਤ ਕਹਾਣੀ ਅੰਕ' ਇਕ ਮਿਸਾਲੀ ਅੰਕ ਸੀ । ਇਸ ਵਰਗ ਦੇ ਮੇਰੇ ਹਮਰੁਤਬਾ ਪ੍ਰੋ: ਸਾਥੀ ਜਿਨ੍ਹਾਂ ਨਾਲ ਮੈਂ ਹਫਤਾ ਭਰ ਕਹਾਣੀਆਂ ਨੂੰ ਚਰਚਾ ਦਾ ਵਿਸ਼ਾ ਬਣਾ ਰੱਖਿਆ ਬਹੁਤ ਸਾਰੀਆਂ ਅਣਜਾਣ ਗੱਲਾਂ, ਸਬਦਾਂ ਤੋਂ ਜਾਣੂ ਹੋਈ ਜਿਨ੍ਹਾਂ ਨੇ ਵਿਸ਼ੇਸ਼ ਕਿੱਤੇ ਦੇ ਵਿਸ਼ਾਲ ਸੱਭਿਆਚਾਰਕ ਪਸਾਰੇ ਨੂੰ ਆਪਣੇ ਵਿੱਚ ਸਮੋਇਆ ਹੈ । ਤੁਹਾਡਾ ਇਹ ਵਿਸ਼ੇਸ਼ ਸਫਲ ਕਦਮ ਸਾਰਿਆਂ ਵਲੋਂ ਵਧਾਈ ਦਾ ਹੱਕਦਾਰ ਹੈ ।

ਪ੍ਰਾਪਤ 36ਵਾਂ ਅੰਕ ਨੇ ਨਵੀਆਂ ਕਹਾਣੀਆਂ ਅਤੇ ਨਵੇਂ ਕਹਾਣੀਕਾਰਾਂ ਤੋਂ ਜਾਣੂ ਕਰਵਾਉਂਦਿਆਂ ਸਿਰਜਣਾਤਮਕ ਸ਼ਕਤੀ ਨੂੰ ਬੜ੍ਹਾਵਾ ਦੇਣ ਦੀ ਗਤੀਸ਼ੀਲਤਾ ਨੂੰ ਬਰਕਰਾਰ ਰੱਖਿਆ ਹੈ । ਸੰਪਾਦਕੀ ਲੇਖਨ ਤਾਂ ਹਮੇਸ਼ਾ ਹੀ ਸੰਕਲਪ ਭਰਪੂਰ ਰਿਹਾ ਹੈ । ਮੌਜੂਦਾ ਪੰਜ ਕਹਾਣੀਆਂ ਰਾਹੀਂ ਵੀ ਭਾਰਤੀ ਸਮਾਜ ਦੇ ਵਿਭਿੰਨ ਅਰੋਪਿਤ ਸਮਾਜਕ ਕੁਰੀਤੀਆਂ ਰੂਪੀ ਮਸਲੇ 21ਵੀਂ ਸਦੀ ਵਿਚ ਵੀ ਸਮਰੂਪ ਵਾਪਰਦੇ ਦਰਸਾਏ ਹਨ। ਇਕ ਦੋ ਕਹਾਣੀਆਂ ਦੇ ਵਿਸ਼ੇ ਔਰਤਾਂ ਵੱਲੋਂ ਮਰਦ ਪ੍ਰਧਾਨ ਸਮਾਜ ਦੀ ਕਠੋਰ ਵਿਵਸਥਾ ਨੂੰ

ਤੋੜਦਿਆਂ ਆਪਣੀਆਂ ਇਛਾਵਾਂ ਨੂੰ ਪੂਰਿਆਂ ਕਰਨ ਦੀ ਕੋਸ਼ਿਸ ਵਿਚ ਦਰਪੇਸ਼ ਹੋਏ ਹਨ। 'ਮੰਦਾਕਨੀ' ਕਹਾਣੀ ਰਾਹੀ ਅਜੋਕੇ ਸਮਾਜਕ ਪ੍ਰਬੰਧ ਵਿਚ ਵਿਆਹ ਸੰਸਥਾ ਦੀ ਮਰਿਆਦਾ ਦਾ ਸਰੂਪ ਟੁੱਟਕੇ 'ਲਿਵ ਇਨ ਰਿਲੇਸ਼ਨ 'ਵਿਚ ਪਰਿਵਰਤਿਤ ਹੋਣ ਵਿਚ ਨਿਸ਼ਚਿਤ ਹੋਇਆ ਹੈ । ਇਹ ਪਰਿਵਰਤਨ ਦੋ ਪੀੜੀਆਂ ਦੇ ਤੁਲਨਾਤਮਕ ਜੀਵਨ ਮੁੱਲਾਂ ਰਾਹੀ ਨਵੀਂ ਪੀੜ੍ਹੀ ਦੇ ਦ੍ਰਿਸ਼ਟੀਕੋਣ ਤੋਂ ਵਧੇਰੇ ਮਾਨਵੀ ਹੋਣ ਦਾ ਦਾਅਵਾ ਕਰਦਾ ਹੈ ।

ਡਾ ਦਵਿੰਦਰ ਮੰਡ ਦੀ 'ਨਸਲ' ਕਹਾਣੀ ਰਾਹੀਂ ਦਲਿਤ ਵਰਗ ਲਈ ਜਾਤ-ਪਾਤ, ਛੂਤ-ਛਾਤ ਜਿਹੇ ਵਿਤਕਰੇ ਦੀ ਕਰੂਰਤਾ ਭਰੀ ਮਾਨਸਿਕਤਾ ਨੂੰ ਅਜੇ ਵੀ ਢਿੱਲਿਆ ਨਹੀਂ ਪੈਣ ਦਿੱਤਾ ਜਾ ਰਿਹਾ, ਜਿਹੇ ਸਮਾਜਕ ਦੁਖਾਂਤ ਨੂੰ ਪੇਸ਼ ਕੀਤਾ ਹੈ ।ਸਭ ਤੋਂ ਜਿਆਦਾ ਉਥੇ ਦੁੱਖ ਹੁੰਦਾ ਹੈ ਜਦੋਂ ਦਲਿਤ ਵਰਗ ਦੇ ਘਰਾਂ ਵਿਚ ਰੱਖੇ ਕੁੱਤਿਆਂ ਨੂੰ ਵੀ ਭਿੱਟੇ ਘੋਸ਼ਿਤ ਕਰ ਦਿੱਤਾ ਜਾਂਦਾ ਹੈ। ਦਰਸ਼ਨ ਸਿੰਘ ਜੋਗਾ 'ਕੀ ਅੰਤ ਹੈ' ਅਤੇ ਇੱਛੂਪਾਲ 'ਬਾਧੇ ਬਹੁਫੰਧ' ਕਹਾਣੀਆਂ ਦੇ ਮਨੋਵਿਗਿਆਨਕ ਸਿਧਾਂਤ ਅਧਾਰਤ ਵਿਸ਼ੇ ਹਨ। ਮਾਨਸਿਕ ਸੰਤੁਲਨ ਲਈ ਸਰੀਰਿਕ ਤ੍ਰਿਸ਼ਨਾ ਦੀ ਤ੍ਰਿਪਤੀ ਕੁਦਰਤੀ ਪ੍ਰਕਿਰਿਆ ਹੈ ਜਿਥੇ ਸਮਾਜਕ ਰਿਸ਼ਤੇ ਵੀ ਢਿੱਲੇ ਪੈ ਜਾਂਦੇ ਹਨ।

'ਭਵਿੱਖ ਦਾ ਅੰਤ' ਕਹਾਣੀ ਵਿਚ ਦੋ ਬਿਰਤਾਂਤ ਪੇਸ਼ ਹਨ। ਜਿਨ੍ਹਾਂ ਵਿਚ ਔਰਤ ਨਾਲ ਮਰਦ ਦੇ ਸਮੂਹ ਸਮਾਜਕ ਰਿਸ਼ਤਿਆਂ ਦੌਰਾਨ ਮਰਦ ਦੀ ਕਠੋਰਤਾ ਦੇ ਵਿਭਿੰਨ ਵਹਿਸ਼ੀ ਤੇ ਅਮਾਨਵੀ ਢੰਗ ਤਰੀਕਿਆਂ ਰਾਹੀਂ ਔਰਤ ਦੇ ਜੀਵਨ ਨੂੰ ਤਰਸਮਈ ਤੇ ਨਰਕੀ ਪ੍ਰਸਥਿਤੀਆਂ ਵਿਚ ਜਕੜੇ ਰੱਖਣ ਦੀ ਕਰੂਰਤਾ ਨੂੰ ਪੇਸ਼ ਕੀਤਾ ਹੈ ।ਕਲਾ ਪੱਖੋਂ ਵੀ ਇਹ ਕਹਾਣੀਆਂ ਸੰਘਣੇ ਬਿਰਤਾਂਤ ਕਰਕੇ ਨਿੱਘਰ ਹਨ। **ਪ੍ਰੋ. ਸਿਮਰਜੀਤ ਕੌਰ**

ਕਹਾਣੀ ਧਾਰਾ ਦਾ 37 ਵਾਂ ਅੰਕ ਮਿਲਿਆ। ਪੜ੍ਹਿਆ। ਸੰਪਾਦਕ ਵਲੋਂ ਆਪਣੀ ਸੰਪਾਦਕੀ 'ਚ ਬੇਬਾਕ ,ਤਲਖ਼ ਤੇ ਸਾਰਥਿਕ ਟਿੱਪਣੀਆਂ ਕੀਤੀਆਂ। ਪੜ੍ਹ ਕੇ ਸਿਰ 'ਚੋਂ ਧੂੰਆਂ ਜਿਹਾ ਨਿੱਕਲ ਗਿਆ। ਅੰਦਰ ਇੱਕ ਹਾਉਕਾ ਲਾਟ ਹੋ ਗਿਆ ਕਿ ' ਐਨਾ ਸੱਚ ਨਾ ਬੋਲ ਕਿ ਕੱਲਾ ਰਹਿ ਜਾਵੇ...।' ਭਗਵੰਤ ਰਸੂਲਪੁਰੀ ਦਾ ਕਥਨ ਦਰੁੱਸਤ ਹੈ ਕਿ ਸਾਹਿਤਕ ਅਦਾਰਿਆਂ ਵਿੱਚ ਵੀ ਰਾਜਨੀਤੀ ਤੇ ਜੋੜ -ਤੋੜ ਚੱਲਦੈ..। ਕਿਹੜੇ ਲੇਖਕ,ਆਲੋਚਕ ਨੂੰ ਉੱਪਰ ਚੁੱਕਣਾ, ਕਿਹੜੇ ਨੂੰ ਥੱਲੇ ਲਾਉਣਾ ਹੈ ਇਹ ਵਰਤਾਰਾ ਤਾਂ ਆਮ ਚੱਲਦਾ। ਅਜਿਹੇ ਨਾ-ਪੱਖੀ ਰੁਝਾਨ ਵਿਰੁੱਧ ਹਰਭਜਨ ਸਿੰਘ ਹੁੰਦਲ( ਚਿਰਾਗ) ਐੱਸ ਤਰਸੇਮ/ਮਿੱਤਰਸੈਨ ਮੀਤ( ਨਜ਼ਰੀਆ) ਤੇ ਪਰਮਿੰਦਰਜੀਤ ( ਅੱਖਰ) ਵਿੱਚ ਅਕਸਰ ਸਖ਼ਤ ਟਿੱਪਣੀਆਂ ਕਰਦੇ ਰਹੇ ਹਨ ਤੇ ਕਰਦੇ ਰਹਿੰਦੇ ਹਨ।


ਕਹਾਣੀਆਂ ਸਾਰੀਆ ਹੀ ਚੰਗੀਆਂ ਹਨ। ਪਰ 'ਲਕੀਰਾਂ ਵਿੱਚ ਘਿਰੇ ਹੋਏ ਲੋਕ( ਗੁਰਮੀਤ ਆਰਿਫ਼) ਤੇ ਕਾਮਰੇਡ ਦਾ ਬਕਸਾ ( ਸੂਰਜ ਬੜਤੀਆ) ਧੁਰ ਅੰਦਰ ਤਕ ਝੰਜੋੜਨ ਵਾਲੀਆਂ ਕਹਾਣੀਆਂ ਸੀ। ਤਕਨੀਕ, ਵਿਸ਼ਾ-ਵਸਤੂ,ਕਹਾਣੀ-ਰਸ ,ਰੌਚਕਿਤਾ ਤੇ ਰਵਾਨਗੀ ਭਰਪੂਰ ਸ਼ਬਦਾਵਲੀ ਪੱਖੋਂ ਉਪਰੋਕਤ ਕਹਾਣੀਆਂ ਸੰਪੂਰਨ ਤੇ ਵਿਲੱਖਣ ਸੀ। ਸਵਰਨ ਲੋਕਾਂ ਵਲੋਂ ਦਲਿਤਾਂ ਦਾ ਸ਼ੋਸ਼ਨ ਕਿਵੇਂ ਕੀਤਾ ਜਾਂਦਾ ਨੂੰ ਬਹੁਤ ਹੀ ਬਾਰੀਕਬਾਨੀ ਨਾਲ ਵਿਅੰਗਮਈ ਸ਼ੈਲੀ 'ਚ ਬਾਖੂਬੀ ਬਿਆਨ ਕੀਤਾ ਹੈ।

ਅਮਰਜੀਤ ਸਿੰਘ ਦਾ ਲੇਖ ' ਕੰਜਰ ਕਬੀਲਾ ਇੱਕ ਪਰਿਚੈ' ਦਿਲਚਸਪ ਅਤੇ ਜਾਣਕਾਰੀ ਭਰਪੂਰ ਸੀ। ਬਾਕੀ ਲੇਖ ਵੀ ਚੰਗੇ ਲੱਗੇ। **ਪ੍ਰੀਤ ਨੀਤਪੁਰ**




**ਕਹਾਣੀਕਾਰ ਨਛੱਤਰ ਦਾ ਨਵਾਂ ਕਹਾਣੀ-ਸੰਗ੍ਰਹਿ**

***ਰੇਤ 'ਚ ਨਹਾਉਂਦੀਆਂ ਚਿੜੀਆਂ***




ਮੁੱਲ : 225/- ਪੰਨੇ : 172

**Chetna Parkashan**

**Punjabi Bhawan, Ludhiana-141001**

**(Pb.) INDIA. Ph 0161-2413613, 2404928**